ਕੈਨੇਡਾ ਦਰਪਣ

ਫਰਵਰੀ 12, 1985

February 12, 1985

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

ਕੈਨੇਡਾ ਦਰਪਣ

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

Second Class Mail
Reg. No. 5991

ਕੀਮਤ 30 ਸੈਂਟ   Out of Greater Vancouver Price 40¢

THE CANADA DARPAN
Punjabi Weekly Newspaper
February 12- February 19, 1985
Vol. 4 No. 7
Editor-in-chief: (Hon.) Darshan Gill
Mailing Address:
P.O. Box 67344 Stn. 'O', Vancouver, B.C. V5W 3T1
Phone: 321-6360

ਲਿਖਣ ਅਤੇ ਬੋਲਣ ਦੀ ਆਜ਼ਾਦੀ ਦਾ ਗਲਾ ਘੁੱਟਣ ਲਈ

ਉਜੱਲ ਦੁਸਾਂਝ ਉਤੇ ਕਾਤਲਾਨਾ ਹਮਲਾ

'ਕਮਿਊਨਿਟੀ ਦੀ ਏਕਤਾ ਲਈ ਜਾਨ ਵੀ ਹਾਜ਼ਰ ਹੈ' ਸ੍ਰੀ ਦੁਸਾਂਝ

ਵੈਨਕੂਵਰ — ਸ਼ੁਕਰਵਾਰ 8 ਫਰਵਰੀ, 1985 ਨੂੰ ਸ਼ਾਮ ਦੇ ਪੰਜ ਵਜੇ ਦੇ ਕਰੀਬ ਪ੍ਰਸਿੱਧ ਵਕੀਲ ਅਤੇ ਸਾਊਥ ਵੈਨਕੂਵਰ ਹਲਕੇ ਤੋਂ ਦੋ ਵਾਰ ਐਨ. ਡੀ. ਪੀ. ਦੇ ਟਿਕਟ ਉਤੇ ਚੋਣ ਲੜ ਚੁਕੇ ਉਮੀਦਵਾਰ ਸ੍ਰੀ ਉਜੱਲ ਦੁਸਾਂਝ ਉਤੇ ਲੋਹੇ ਦੇ ਸਰੀਏ ਨਾਲ ਕਾਤਲਾਨਾ ਹਮਲਾ ਕੀਤਾ ਗਿਆ ਜਿਸਦੇ ਸਿੱਟੇ ਵਜੋਂ ਸ੍ਰੀ ਦੁਸਾਂਝ ਦੇ ਸਿਰ ਉਤੇ ਗੰਭੀਰ ਜ਼ਖਮ ਲੱਗੇ ਹਨ ਅਤੇ ਉਨ੍ਹਾਂ ਦੇ ਹੱਥ ਦੀਆਂ ਹੱਡੀਆਂ ਟੁੱਟ ਗਈਆਂ ਹਨ।

ਸ੍ਰੀ ਉਜੱਲ ਦੁਸਾਂਝ ਆਪਣੇ ਦਫਤਰ ਦਾ ਕੰਮ ਮੁਕਾ ਕੇ ਆਪਣੇ ਸਾਥੀ ਵਕੀਲ ਮਿਸਟਰ ਮਹਿਬੂਬ ਪਿਰਾਨੀ ਨਾਲ ਦਫਤਰ ਵਿਚੋਂ ਬਾਹਰ ਨਿਕਲ ਕੇ ਪਾਰਕਿੰਗ ਲੌਟ ਵਿਚੋਂ ਆਪਣੀ ਕਾਰ ਉਤੇ ਸਵਾਰ ਹੋਣ ਲਗੇ ਤਾਂ ਹਮਲਾਆਵਰ ਨੇ ਸਰੀਏ ਨਾਲ ਪਿਛੋਂ ਹਮਲਾ ਕਰ ਦਿਤਾ। ਕੁਝ ਸਕਿੰਟਾਂ ਦੇ ਸਮੇਂ ਵਿਚ ਹੀ ਹਮਲਾਆਵਰ ਲਗਾਤਾਰ ਪੰਜ ਛੇ ਸਰੀਏ ਮਾਰ ਗਿਆ। ਜਦ ਸ੍ਰੀ ਦੁਸਾਂਝ ਨੇ ਬਾਂਹ ਨਾਲ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦੇ ਹੱਥ ਦੀਆਂ ਹੱਡੀਆਂ ਵੀ ਟੁੱਟ ਗਈਆਂ।

ਮਿ: ਮਹਿਬੂਬ ਪਿਰਾਨੀ ਨੇ ਸ੍ਰੀ ਦੁਸਾਂਝ ਨੂੰ ਸੰਭਾਲਿਆ ਅਤੇ ਸ੍ਰੀ ਦੁਸਾਂਝ ਨੂੰ ਵੈਨਕੂਵਰ ਜਨਰਲ ਹਸਪਤਾਲ ਪਹੁੰਚਾਇਆ ਗਿਆ ਜਿਥੇ ਉਨ੍ਹਾਂ ਦੇ ਸਿਰ ਦੇ ਜ਼ਖਮਾਂ ਉਤੇ 80 ਟਾਂਕੇ ਲੱਗੇ ਹਨ।

ਇਸ ਘ੍ਰਿਣਤ ਕਾਰਵਾਈ ਦੀ ਨਿੰਦਾ ਹਰ ਜਥੇਬੰਦੀ ਅਤੇ ਸੰਸਥਾ ਵਲੋਂ ਕੀਤੀ ਗਈ ਹੈ।

ਸੋਚੀ ਸਮਝੀ ਸਾਜ਼ਿਸ਼?

ਸ੍ਰੀ ਉਜੱਲ ਦੁਸਾਂਝ ਨੇ ਜਦ ਤੋਂ ਹਿੰਸਾ ਦੀ ਨਿਖੇਧੀ ਕਰਨੀ ਸ਼ੁਰੂ ਕੀਤੀ, ਉਸ ਸਮੇਂ ਤੋਂ ਹੀ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਲਗਾਤਾਰ ਫ਼ੋਨ ਉਤੇ ਮਿਲਦੀਆਂ ਰਹੀਆਂ ਹਨ। ਇਥੋਂ ਤੱਕ ਕਿ ਛੋਟੇ ਛੋਟੇ ਬੱਚਿਆਂ ਤੋਂ ਵੀ ਫੋਨ ਕਰਵਾਏ ਜਾਂਦੇ ਰਹੇ ਹਨ ਕਿ ਉਹ ਲਿਖਣਾ ਤੇ ਬੋਲਣਾ ਛੱਡ ਦੇਵੇ। ਇਸ ਕਰਕੇ ਇਥੋਂ ਦੇ ਹਲਕਿਆਂ ਦਾ ਕਹਿਣਾ ਹੈ ਕਿ ਇਹ ਹਮਲਾ ਸੋਚੀ ਸਮਝੀ ਸਾਜ਼ਿਸ਼ ਦਾ ਸਿੱਟਾ ਹੈ ਤੇ ਕਿਸੇ ਵਿਕੋਲਿਤਰੇ ਬੰਦੇ ਦਾ ਕੰਮ ਨਹੀਂ ਹੈ।

ਸ੍ਰੀ ਦੁਸਾਂਝ ਨੇ 'ਸਨ' ਅਖਬਾਰ ਦੇ ਰੀਪੋਰਟਰ ਨੂੰ ਹਸਪਤਾਲ ਵਿਚ ਦਿਤੀ ਇੰਟਰਵਿਊ ਵਿਚ ਕਿਹਾ ਕਿ 'ਜਿੰਨਾ ਚਿਰ ਮੈਂ ਕਮਿਊਨਿਟੀ ਵਿਚ ਸ਼ਾਂਤੀ ਅਤੇ ਸਦਭਾਵਨਾ ਸਥਾਪਤ ਕਰਨ ਦਾ ਲਖਸ਼ ਪੂਰਾ ਨਹੀਂ ਕਰ ਲੈਂਦਾ, ਦੁਨੀਆਂ ਦੀ ਕੋਈ ਤਾਕਤ ਮੈਨੂੰ ਬੋਲਣ ਤੋਂ ਰੋਕ ਨਹੀਂ ਸਕਦੀ।"

ਸ੍ਰੀ ਦੁਸਾਂਝ ਨੇ ਕਿਹਾ ਕਿ ਇਹ ਹਮਲਾ ਫਾਸ਼ੀ ਅਤੇ ਮੂਲਵਾਦੀਆਂ ਦੀ ਕਰਤੂਤ ਹੈ ਜੋ ਬੋਲਣ ਦੀ ਆਜ਼ਾਦੀ ਦਾ ਗਲਾ ਘੁਟਣਾ ਚਾਹੁੰਦੇ ਹਨ। ਕਮਿਊਨਿਟੀ ਵਿਚ ਆਜ਼ਾਦੀ ਦਾ ਗਲਾ ਘੁਟਿਆ ਜਾ ਰਿਹਾ ਹੈ।

ਅਕਤੂਬਰ ਵਿਚ ਇਸੇ ਤਰ੍ਹਾਂ ਦਾ ਹਮਲਾ ਪੰਜਾਬੀ ਲੇਖਕ ਅਤੇ ਕਵੀ ਸ੍ਰੀ ਗੁਰਚਰਨ ਰਾਮਪੁਰੀ ਉਤੇ ਕੀਤਾ ਗਿਆ ਸੀ। ਰਾਮਪੁਰੀ ਉਤੇ ਹਮਲਾ ਕਰਨ ਵਾਲੇ ਤਿੰਨ ਵਿਅਕਤੀ ਸਨ ਜਿਹੜੇ ਅਜੇ ਤੱਕ ਫੜੇ ਨਹੀਂ ਜਾ ਸਕੇ।



ਕੈਨੇਡਾ ਦਾ ਵਿਧਾਨ : ਲਿਖਣ ਤੇ ਬੋਲਣ ਦੀ ਆਜ਼ਾਦੀ? — ਉਜੱਲ ਦੁਸਾਂਝ

ਲੋਕ ਸਦਭਾਵਨਾ ਮੰਚ ਵਲੋਂ ਸ੍ਰੀ ਉਜੱਲ ਦੁਸਾਂਝ ਉਤੇ ਹਮਲੇ ਬਾਰੇ ਨਿਖੇਧੀ

ਲੋਕ ਸਦਭਾਵਨਾ ਮੰਚ ਵਲੋਂ, ਮੈਂ ਪਿਛਲੇ ਸ਼ੁਕਰਵਾਰ ਨੂੰ ਮਿ: ਉਜੱਲ ਦੁਸਾਂਝ ਉਪਰ ਹੋਏ ਕਾਤਲਾਨਾ ਹਮਲੇ ਉਪਰ ਡੂੰਘੇ ਸਦਮੇ ਤੇ ਗੰਭੀਰ ਹਦਸ਼ੇ ਦਾ ਪ੍ਰਗਟਾਅ ਕਰਦਾ ਹਾਂ। ਮਿ: ਦੋਸਾਂਝ ਭਾਰਤੀ ਕਮਿਊਨਿਟੀ ਦੇ ਜਾਣੇ ਪਛਾਣੇ ਸਿਆਸਤਦਾਨ ਤੇ ਉਘੇ ਵਕੀਲ ਹਨ। ਉਹ ਆਪਣੀ ਕਮਿਊਨਿਟੀ ਦੇ ਸਿਆਸੀ ਤੇ ਸਮਾਜਕ ਮਸਲਿਆਂ ਬਾਰੇ ਬਿਆਨ ਦਿੰਦੇ ਰਹਿੰਦੇ ਹਨ ਅਤੇ ਹਿੰਦੂ-ਸਿਖ ਏਕਤਾ ਤੇ ਆਪਣੇ ਦੇਸ਼ ਭਾਰਤ ਦੀ ਅਖੰਡਤਾ ਬਾਰੇ ਦ੍ਰਿੜ ਸਟੈਂਡ ਰੱਖਦੇ ਹਨ।

ਲੋਕ ਸਦਭਾਵਨਾ ਮੰਚ ਦਾ ਪੱਕਾ ਯਕੀਨ ਹੈ ਸਾਰੇ ਕਨੇਡੀਅਨਾਂ ਵਾਂਗੂ ਮਿ: ਦੁਸਾਂਝ ਨੂੰ ਵੀ ਬੋਲਣ ਦੀ ਆਜ਼ਾਦੀ ਹੈ। ਬਿਨਾਂ ਸ਼ੱਕ ਹਮਲਾਵਰ ਦਾ ਸਿਆਸੀ ਮੰਤਵ ਹੈ ਅਤੇ ਮਿ: ਉਜਲ ਦੁਸਾਂਝ ਦੀ ਜਾਨ ਲੈਣ ਦੀ ਕੋਸ਼ਿਸ਼ ਸਿਆਸੀ ਵਿਰੋਧੀ ਆਵਾਜ਼ ਨੂੰ ਦਬਾਉਣ ਦੀ ਕੋਈ ਚਾਲ ਹੈ। ਮੰਚ ਡਰਾਵੇ ਦੇ ਇਸ ਅਤਿਵਾਦੀ ਕੁਕਰਮ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦਾ ਹੈ ਅਤੇ ਮੰਗ ਕਰਦਾ ਹੈ ਕਿ ਅਧਿਕਾਰੀ ਇਸ ਹਮਲੇ ਨਾਲ ਸੰਬੰਧਤ ਵਿਅਕਤੀ ਨੂੰ ਕਾਨੂੰਨ ਦੀ ਪੂਰੀ ਤਾਕਤ ਨਾਲ ਸਖਤੀ ਨਾਲ ਨਿਪਟਾਰਾ ਕਰਨ।

ਜਸਜੀਤ ਸੰਧੂ
ਲੋਕ ਸਦਭਾਵਨਾ ਮੰਚ ਦਾ ਬੁਲਾਰਾ

ਸਿੰਘ ਸਾਹਿਬਾਨ ਸਮਝੌਤਾ ਕਰਾਉਣ ਦੇ ਚਾਹਵਾਨ?

ਅੰਮ੍ਰਿਤਸਰ — ਜਥੇਦਾਰ ਕਿਰਪਾਲ ਸਿੰਘ ਜੋ ਲੁਧਿਆਣੇ ਤੋਂ ਅੰਮ੍ਰਿਤਸਰ ਪਹੁੰਚ ਚੁਕੇ ਹਨ, ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਿੰਘ ਸਾਹਿਬਾਨ ਅਕਾਲੀਆਂ ਅਤੇ ਸਰਕਾਰ ਵਿਚਕਾਰ ਸਾਲਸੀ ਕਰਕੇ ਤਦ ਹੀ ਸਮਝੌਤੇ ਲਈ ਰਾਹ ਖੋਲ੍ਹ ਸਕਦੇ ਹਨ ਜੇਕਰ ਸਰਕਾਰ ਜੇਲ੍ਹਾਂ ਵਿਚ ਬੰਦ ਅਕਾਲੀ ਆਗੂਆਂ ਨੂੰ ਰਿਹਾ ਕਰੇ ਜਾਂ ਘਟੋ ਘਟ ਸਿੰਘ ਸਾਹਿਬਾਨ ਨੂੰ ਉਨ੍ਹਾਂ ਨਾਲ ਮਿਲਣ ਦੇ ਮੌਕੇ ਮੁਹੱਈਆ ਕਰੇ।

'ਇੰਡੀਅਨ ਐਕਸਪਰੈਸ' ਦੀ ਖਬਰ ਅਨੁਸਾਰ ਜਥੇਦਾਰ ਕਿਰਪਾਲ ਸਿੰਘ ਨੇ ਕਿਹਾ ਕਿ ਜੇ ਸਰਕਾਰ ਸਿੱਖਾਂ ਅਤੇ ਪੰਜਾਬ ਦੇ ਮਸਲੇ ਬਾਰੇ 'ਗੰਭੀਰ ਅਤੇ ਸੁਹਿਰਦ' ਹੈ ਤਾਂ ਉਹ ਸਾਰੇ ਅਕਾਲੀ ਲੀਡਰਾਂ ਨੂੰ ਰਿਹਾ ਕਰੇ ਤਾਂ ਕਿ ਗਲਬਾਤ ਲਈ ਮਾਹੌਲ ਚੰਗਾ ਬਣੇ।

ਅਕਾਲੀ ਲੀਡਰਾਂ ਦੇ ਬਾਹਰ ਆਉਣ ਉਤੇ ਹੀ ਗਲਬਾਤ ਲਈ ਰਾਹ ਖੁਲ੍ਹ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਮਸਲਾ ਸਿਖ ਸ਼ਰਨਾਰਥੀਆਂ ਦੀਆਂ ਸਮੱਸਿਆਵਾਂ ਕਾਰਨ ਏਨਾ ਉਲਝ ਗਿਆ ਹੈ ਕਿ ਹਰ ਪੱਖ ਦੇ ਲੀਡਰਾਂ ਨੂੰ ਇਕ ਪਲੇਟਫਾਰਮ ਤੋਂ ਇਕੱਠਾ ਕਰਨਾ ਪਵੇਗਾ।

ਖਬਰਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਤੋਂ ਬਿਨਾਂ ਜਿੰਨੇ ਵੀ ਵਿਅਕਤੀਗਤ ਦਲ ਬਣੇ ਹੋਏ ਹਨ, ਉਨ੍ਹਾਂ ਨੂੰ ਤੋੜਨਾ ਜ਼ਰੂਰੀ ਹੈ ਤਾਂ ਕਿ ਸਿੱਖਾਂ ਦੀ ਪ੍ਰਤੀਨਿਧ ਇਕੋ ਜਮਾਤ ਹੋਵੇ।

ਆਨੰਦਪੁਰ ਦੇ ਮਤੇ ਬਾਰੇ ਵੀ ਵਾਦ ਵਿਵਾਦ ਅਕਾਲੀ ਲੀਡਰ ਹੀ ਹੱਲ ਕਰ ਸਕਦੇ ਹਨ, ਇਥੇ ਦੇ ਹਲਕਿਆਂ ਵਿਚ ਇਹ ਮਹਿਸੂਸ ਕੀਤਾ ਜਾ ਰਿਹਾ ਹੈ।

ਅੱਜ ਪੁੱਜੀ ਖਬਰ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਪ੍ਰੈਸ ਰੀਲੀਜ਼ ਰਾਹੀਂ ਇਸ ਖਬਰ ਦਾ ਖੰਡਨ ਕੀਤਾ ਹੈ ਕਿ ਪੰਜ ਸਿੰਘ ਸਾਹਿਬਾਨ 'ਸਾਲਸੀ' ਲਈ ਤਿਆਰ ਹਨ।

ਯੂਥ ਅਕਾਲੀ ਵਿੰਗ ਦਾ ਲੀਡਰ ਪ੍ਰੇਮ ਸਿੰਘ ਚੰਦੋਮਾਜ਼ਰਾ ਗ੍ਰਿਫਤਾਰ

ਪਟਿਆਲਾ — ਅਕਾਲੀ ਦਲ ਦੇ ਯੂਥ ਵਿੰਗ ਦੇ ਪ੍ਰਧਾਨ ਪ੍ਰੇਮ ਸਿੰਘ ਚੰਦੋਮਾਜ਼ਰਾ
(ਬਾਕੀ ਪੰਨਾ 3 ਤੇ)

ਕੈਨੇਡਾ ਦਰਪਣ

ਅਦਾਲਤ ਵੱਲੋਂ ਚਹੁੰ ਵਿਅਕਤੀਆਂ ਨੂੰ ਜੁਰਮਾਨੇ ਦੀ ਸਜ਼ਾ

ਓਟਾਵਾ: ਕੈਨੇਡਾ ਦੀ ਇਕ ਅਦਾਲਤ ਨੇ ਪਿਛਲੇ ਸਾਲ ਅਗੱਸਤ ਮਹੀਨੇ ਟੋਰਾਂਟੋ ਵਿਚ ਭਾਰਤ ਦੇ ਆਜ਼ਾਦੀ ਦਿਨ ਸਮਾਗਮ ਦੌਰਾਨ ਹਿੰਸਕ ਕਾਰਵਾਈਆ ਕਰਨ ਦੇ ਦੋਸ਼ ਹੇਠ ਚਾਰ ਵਿਅਕਤੀਆਂ ਨੂੰ ਦੋਸ਼ੀ ਕਰਾਰ ਦਿੰਦਿਆਂ ਸਜ਼ਾ ਸੁਣਾਈ ਹੈ। ਹਿੰਸਕ ਕਾਰਵਾਈਆਂ ਸਿੱਖਾ ਵਲੋਂ ਆਯੋਜਿੱਤ ਇਕ ਪ੍ਰਦਰਸ਼ਨ ਦੌਰਾਨ ਕੀਤੀਆ ਗਈਆਂ ਸਨ।

ਇਸ ਸੰਬੰਧ ਵਿੱਚ ਦਰਜ ਇਕ ਕੇਸ ਵਿਚ ਗੁਰਦੀਪ ਸਿੰਘ ਨਾਗਰਾ ਤੇ ਬਲਬੀਰ ਸਿੰਘ ਨਾਮੀ ਦੋ ਵਿਅਕਤੀਆਂ ਨੂੰ 500-500 ਡਾਲਰ ਜੁਰਮਾਨੇ ਵਜੋਂ ਭਰਨ ਦਾ ਹੁਕਮ ਦਿੱਤੇ ਜਾਣ ਤੋਂ ਇਲਾਵਾ ਇਕ - ਇਕ ਸਾਲ ਲਈ ਪ੍ਰੋਬਿਸ਼ਨ 'ਤੇ ਰਖਿਆ ਗਿਆ ਹੈ। ਪ੍ਰੋਬੇਸ਼ਨ ਦੀ ਮਿਆਦ ਦੌਰਾਨ ਉਨ੍ਹਾਂ ਨੂੰ ਨੇਕ-ਚਲਨੀ ਦਾ ਸਬੂਤ ਦੇਣਾ ਪਵੇਗਾ। ਦੋਹਾਂ ਨੂੰ ਇਹ ਵੀ ਹੁਕਮ ਦਿੱਤਾ ਗਿਆ ਕਿ ਉਹ ਨਰ ਸਿੰਘ ਸੁੰਡਾ ਨਾਮੀ ਵਿਅਕਤੀ ਨੂੰ ਹਰਜਾਨੇ ਵਜੋਂ 185 ਡਾਲਰ ਅਦਾ ਕਰਨ। ਅਦਾਲਤ ਅਨੁਸਾਰ ਦੋਹਾਂ ਦੋਸ਼ੀਆਂ ਵਲੋਂ ਕੀਤੀਆਂ ਗਈਆ ਹਿੰਸਕ ਕਾਰਵਾਈਆਂ ਵਿਚ ਨਰ ਸਿੰਘ ਸੁੰਡਾ ਦੀਆਂ ਐਨਕਾਂ ਟੁੱਟ ਗਈਆ। ਉਕਤ ਰਕਮ ਅਦਾ ਨਾ ਕਰਨ ਦੀ ਸੂਰਤ ਵਿਚ ਦੋਹਾਂ ਦੋਸ਼ੀਆਂ ਨੂੰ 30-30 ਦਿਨ ਦੀ ਕੈਦ ਕੱਟਣੀ ਪਵੇਗੀ।

ਇਕ ਹੋਰ ਕੇਸ ਵਿਚ ਅਦਾਲਤ ਨੇ ਜਗਦੇਵ ਸਿੰਘ ਨਿੱਜਰ ਤੇ ਤੇਜਿੰਦਰਪਾਲ ਸਿੰਘ ਨੂੰ 500-500 ਡਾਲਰ ਜੁਰਮਾਨੇ ਦੀ ਸਜ਼ਾ ਸੁਣਾਈ। ਇਨ੍ਹਾਂ ਦੋਹਾਂ ਨੂੰ ਵੀ ਇਕ ਸਾਲ ਲਈ ਪ੍ਰੋਬੇਸ਼ਨ 'ਤੇ ਰੱਖਿਆ ਗਿਆ ਹੈ ਜਿਸ ਦੌਰਾਨ ਦੋਹਾਂ ਨੂੰ ਨੇਕ-ਚਲਨੀ ਦਾ ਸਬੂਤ ਦੇਣਾ ਪਵੇਗਾ। ਦੋਹਾਂ 'ਤੇ ਇਕ ਪੁਲੀਸ ਮੁਲਾਜ਼ਮ 'ਤੇ ਹਮਲਾ ਕਰਨ ਦਾ ਦੋਸ਼ ਹੈ। ਇਸ ਕੇਸ ਦੇ ਸੰਬੰਧ ਵਿਚ ਹਿਰਾਸਤ ਵਿਚ ਲਏ ਅਜੀਤ ਸਿੰਘ ਬਰਾੜ ਨੂੰ ਅਦਾਲਤ ਨੇ ਬਰੀ ਕਰ ਦਿੱਤਾ।

ਅਦਾਲਤ ਦੇ ਜੱਜ ਸ੍ਰੀ ਵਾਨੇਕ ਨੇ ਪਹਿਲੇ ਕੇਸ ਦੇ ਫੈਸਲੇ ਨੂੰ ਇਹ ਕਿਹਾ ਕਿ ਕੈਨੇਡਾ ਦਾ ਸਮਾਜ ਅਮਨਪਸੰਦ ਹੈ ਅਤੇ ਇਸ ਦੇਸ਼ ਵਿਚ ਕਾਨੂੰਨ ਦੀ ਉਲੰਘਣਾ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਬੰਬੇ ਪੈਲੇਸ ਰੈਸਟੋਰੈਂਟ ਤੋਂ ਬਾਅਦ ਰਾਗਾ ਉਪਰ ਵੀ ਪਿਕਟ

ਪਿਛਲੇ ਸ਼ੁਕਰਵਾਰ 8 ਫਰਵਰੀ ਨੂੰ ਬੰਬੇ ਪੈਲੇਸ ਰੈਸਟੋਰੈਂਟ ਦੇ ਮਜ਼ਦੂਰਾਂ ਦੇ ਹਿਮਾਇਤੀਆਂ ਨੇ ਰਾਗਾ ਰੈਸਟੋਰੈਂਟ ਸਾਹਮਣੇ ਵਿਖਾਵਾ ਕੀਤਾ। ਇਸ ਸ਼ਾਮ ਨੂੰ ਗਾਹਕਾਂ ਦੀ ਕਾਫੀ ਭੀੜ ਹੁੰਦੀ ਹੈ। ਪਿਕਟ ਦੇਖ ਕੇ ਬਹੁਤ ਸਾਰੇ ਗੰਭੀਰ ਵਿਅਕਤੀ ਵਾਪਸ ਮੁੜ ਗਏ। ਉਸ ਦਿਨ ਜੋ ਵੀ ਵਿਅਕਤੀ ਅੰਦਰ ਖਾ ਰਹੇ ਸਨ ਬਾਹਰ ਆ ਕੇ ਉਨ੍ਹਾਂ ਦੱਸਿਆ ਕਿ ਸਾਨੂੰ ਨਹੀਂ ਸੀ ਪਤਾ ਕਿ ਇਥੇ ਪਿਕਟ ਹੋਣ ਵਾਲੀ ਹੈ। ਨਹੀਂ ਤਾਂ ਅਸੀਂ ਅੰਦਰ ਮੱਤ ਜਾਂਦੇ। ਮੈਨੇਜਮੈਂਟ ਵਲੋਂ ਨਾ ਲਏ ਗਏ ਤਿੰਨ ਵਰਕਰਾਂ ਉਪਰ ਪੁਲੀਸ ਨੇ ਕੇਸ ਦਾਇਰ ਕਰ ਲਏ ਹਨ ਪਰ ਪਿਛਲੇ ਹਫਤੇ ਮੈਨੇਜਰ ਵਲੋਂ ਕੁੱਟਣ ਤੇ ਇਕ ਵਰਕਰ ਦੀ ਉਂਗਲੀ ਉਪਰ ਸੱਟ ਲਗਣ ਕਾਰਨ ਦਰਜ ਕੀਤੇ ਮੁਕਦਮੇ ਬਾਰੇ ਪੁਲੀਸ ਨੇ ਅਜੇ ਕੋਈ ਪਤਾ ਨਹੀਂ ਦੱਸਿਆ। ਜਾਹਰ ਹੈ ਕਿ ਪੁਲੀਸ Pressure ਵਾਲੀ ਧਿਰ ਦਾ ਪਹਿਲਾਂ ਤੇ ਬਹੁਤ ਜਲਦੀ ਨੋਟਿਸ ਲੈਂਦੀ ਹੈ। ਅੱਜ ਸਾਡੇ ਅਖਬਾਰ ਦੇ ਦਫਤਰ ਫੋਨ ਕਰਕੇ ਇਕ ਹੜਤਾਲੀ ਕਾਮੇ ਪਰਮਜੀਤ ਨੇ ਦੱਸਿਆ ਕਿ ਉਸਦੇ ਘਰ ਖੜੀ ਕਾਰ ਦੇ ਸਾਰੇ ਸ਼ੀਸ਼ੇ ਭੰਨ ਕੇ ਟਾਇਰਾਂ 'ਚ ਸੂਏ ਖੁਭੋ ਦਿਤੇ ਗਏ ਹਨ ਪਰ ਸ਼ਰਾਰਤੀਆਂ ਦਾ ਅਜੇ ਪਤਾ ਨਹੀਂ ਲਗ ਸਕਿਆ। ਮੈਨੇਜਮੈਂਟ ਦੇ ਵਕੀਲ ਮਿ: ਗਰਾਂਟ ਗੋਮੈਨ ਨੇ ਇਪਾਨਾ ਦੇ ਸਥਾਨਕ ਯੂਨਿਟ ਦੇ ਪ੍ਰਧਾਨ ਡਾ: ਹਰੀ ਸ਼ਰਮਾ ਨੂੰ ਦੂਜੀ ਵਾਰੀ ਧਮਕੀ ਭਰਿਆ ਫੋਨ ਕੀਤਾ ਕਿ ਪਿਕਟ ਤੋਂ ਜਾਣੋ ਹਟ ਜਾਵੇ ਨਹੀਂ ਤਾਂ ਸਾਰੀ ਜਥੇਬੰਦੀ ਉਪਰ ਮੁਕਦਮੇ ਦਾਇਰ ਕੀਤੇ ਜਾਣਗੇ।

● ਅਗਲੇ ਅੰਕ ਵਿਚ ਵਿਸ਼ੇਸ਼

ਪੰਜਾਬ ਦੇ ਹਾਲਾਤ ਸਬੰਧੀ ਹਰਕਿਸ਼ਨ ਸਿੰਘ ਸੁਰਜੀਤ ਨਾਲ ਲੰਡਨ ਤੋਂ ਭੇਟ ਵਾਰਤਾ

ਉਜੱਲ ਦੁਸਾਂਝ ਉਪਰ ਬੁਜ਼ਦਿਲਾਨਾ ਹਮਲਾ

8 ਫਰਵਰੀ ਨੂੰ ਵੈਨਕੂਵਰ ਦੇ ਪੰਜਾਬੀ ਵਕੀਲ ਉਜੱਲ ਦੁਸਾਂਝ ਉਪਰ ਅਤਿਵਾਦੀਆਂ ਵਲੋਂ ਕਾਤਲਾਨਾ ਹਮਲਾ ਕੀਤਾ ਗਿਆ। ਉਜੱਲ ਦੁਸਾਂਝ ਹੁਰੀਂ ਪਿਛਲੇ ਸਮੇਂ ਦੌਰਾਨ ਕਮਿਊਨਿਟੀ ਦੀ ਏਕਤਾ ਅਤੇ ਸ਼ਾਂਤੀ ਭੰਗ ਕਰਨ ਵਾਲੇ ਲੋਕਾਂ ਦੇ ਵਿਰੁੱਧ ਬੋਲਦੇ ਰਹੇ ਹਨ, ਜਿਸਦੇ ਫਲਸਰੂਪ ਉਨ੍ਹਾਂ ਨੂੰ ਅਤਿਵਾਦੀਆਂ ਵਲੋਂ ਚੁੱਪ ਹੋ ਜਾਣ ਲਈ ਧਮਕੀਆਂ ਮਿਲਦੀਆਂ ਰਹੀਆਂ। ਅਸੀਂ ਵੈਨਕੂਵਰ ਸੱਥ ਵਲੋਂ ਇਸ ਬੁਜ਼ਦਿਲਾਨਾ ਹਮਲੇ ਦੀ ਨਿਖੇਧੀ ਕਰਦੇ ਹਾਂ ਕਿਉਂਕਿ ਸਾਡੇ ਖਿਆਲ ਵਿਚ :—

1. ਇਹ ਹਮਲਾ ਇਕੱਲੇ ਉਜੱਲ ਦੁਸਾਂਝ ਉਪਰ ਹੀ ਨਹੀਂ, ਸਗੋਂ ਉਨ੍ਹਾਂ ਸਭ ਲੋਕਾਂ ਉਪਰ ਹੈ ਜੋ ਪੰਜਾਬੀ ਕਮਿਊਨਿਟੀ ਦੇ ਇਨਾਂ ਮੁੱਠੀ ਭਰ ਅਤਿਵਾਦੀਆਂ ਨਾਲ ਸਹਿਮਤ ਨਹੀਂ।


2. ਡੈਮੋਕਰੈਟਿਕ ਲੋਕ ਸਦਾ ਹੀ ਆਪਣੇ ਵਿਰੋਧੀਆਂ ਦਾ ਜੁਆਬ ਦਲੀਲ ਨਾਲ ਦਿੰਦੇ ਹਨ ਪਰ ਇਹ ਹਮਲਾ ਕਰਕੇ ਇਨਾਂ ਇਹ ਸਿੱਧ ਕਰ ਦਿਤਾ ਹੈ ਕਿ ਉਹਨਾਂ ਕੋਲ ਆਪਣੇ ਵਿਰੋਧੀਆਂ ਦਾ ਕੋਈ ਵੀ ਦਲੀਲ ਭਰਪੂਰ ਜੁਆਬ ਨਹੀਂ।

3. ਇਕ ਪਾਸੇ ਇਹ ਲੋਕ ਇਹ ਕਹਿੰਦੇ ਹਨ ਕਿ ਕਨੇਡਾ ਵਿਚਲੀ ਸਾਰੀ ਸਿੱਖ ਕਮਿਊਨਿਟੀ ਉਨ੍ਹਾਂ ਦੇ ਨਾਲ ਹੈ ਅਤੇ ਉਨ੍ਹਾਂ ਦਾ ਵਿਰੋਧ ਕਰਨ ਵਾਲੇ ਕਮਿਊਨਿਟੀ ਵਿਚ ਬਹੁਤ ਹੀ ਘੱਟ ਗਿਣਤੀ ਵਿਚ ਹਨ। ਜੇ ਇਹ ਗੱਲਾਂ ਸੱਚ ਹੈ ਤਾਂ ਫਿਰ ਉਹ ਇਸ 'ਘਟ ਗਿਣਤੀ' ਤੋਂ ਏਨੇ ਫਿਕਰਮੰਦ ਕਿਉਂ ਹਨ। ਕਿਉਂ ਉਹ ਉਨ੍ਹਾਂ ਦੀ ਜ਼ਬਾਨ ਤਾਕਤ ਨਾਲ ਬੰਦ ਕਰਨੀ ਚਾਹੁੰਦੇ ਹਨ। ਇਸ ਤੋਂ ਸਾਫ ਲਗਦਾ ਹੈ ਕਿ ਇਨ੍ਹਾਂ ਦੇ ਆਪਣੇ ਮਗਰ ਕਮਿਊਨਿਟੀ ਵਿਚ ਬਹੁਤ ਥੋੜੇ ਲੋਕ ਹਨ ਅਤੇ ਉਹ ਇਸ ਕਾਰਨ ਆਪਣੀ ਨਿਰਾਸ਼ਾ ਅਤੇ ਮਾਯੂਸੀ ਨੂੰ ਇਹੋ ਜਿਹੇ ਕਾਰਨਾਮੇ ਕਰਕੇ ਲੁਕਾਉਣਾ ਚਾਹੁੰਦੇ ਹਨ।

ਇਸ ਲਈ ਅਸੀਂ ਉਨ੍ਹਾਂ ਸਭ ਲੋਕਾਂ, ਜੋ ਕਮਿਊਨਿਟੀ ਦੀ ਏਕਤਾ ਅਤੇ ਲੋਕਾਂ ਦੀ ਲਿਖਣ ਬੋਲਣ ਦੀ ਆਜ਼ਾਦੀ ਵਿਚ ਯਕੀਨ ਰੱਖਦੇ ਹਨ, ਨੂੰ ਅਪੀਲ ਕਰਦੇ ਹਾਂ ਕਿ ਉਹ ਵੀ ਇਹੋ ਜਿਹੇ ਗੈਰ ਜਮਹੂਰੀ ਘਟਨਾਵਾਂ ਦੀ ਵਿਰੋਧਤਾ ਕਰਨ ਅਤੇ ਕਮਿਊਨਿਟੀ ਵਿਚ ਸਦਭਾਵਨਾ ਕਾਇਮ ਕਰਨ ਲਈ ਹਿਸਾ ਪਾਉਣ।

ਵਲੋਂ :

ਵੈਨਕੂਵਰ ਸੱਥ(ਸੁਖਵੰਤ ਹੁੰਦਲ, ਸਾਧੂ, ਸਰਵਨ ਬੋਲ, ਮੱਖਣ ਟੁੱਟ)



'ਪੰਜਾਬ ਦਾ ਦੁਖਾਂਤ' ਕੁਲਦੀਪ ਨਈਅਰ ਅਤੇ ਖੁਸ਼ਵੰਤ ਸਿੰਘ ਦੀ ਲਿਖੀ ਪੰਜਾਬ ਦੀ ਗੰਭੀਰ ਸਥਿਤੀ ਉਤੇ ਰਿਪੋਰਟ ਦਾ ਪੰਜਾਬੀ ਅਨੁਵਾਦ ਪ੍ਰਾਪਤ ਹੋ ਗਿਆ ਹੈ। ਅਗਲੇ ਅੰਕ ਤੋਂ ਲੜੀਵਾਰ ਪਾਠਕਾਂ ਦੀ ਭੇਂਟ ਕਰਾਂਗੇ।

ਇੰਟਰਨੈਸ਼ਨਲ ਸੁਪਰਮਾਰਕੀਟ ਕਿੰਗਜ਼ਵੇ ਵੈਨਕੂਵਰ

ਭੂਪਿੰਦਰ ਸਿੰਘ ਸੋਢੀ ਜੋ ਕਿ ਪਹਿਲਾਂ ਵੀਡੀਓ ਮਾਰਟ ਦੇ ਮੈਨੇਜਰ ਸਨ ਸੂਚਨਾ ਦਿੰਦੇ ਹਨ ਕਿ ਉਹ ਆਪ ਗਰੌਸਰੀ ਸਟੋਰ ਖੋਲ੍ਹ ਰਹੇ ਹਨ ਜਿਸਦਾ ਨਾਂ ਹੈ ਇੰਟਰਨੈਸ਼ਨਲ ਸੁਪਰਮਾਰਕੀਟ। ਉਨ੍ਹਾਂ ਦੇ ਸਟੋਰ ਤੋਂ ਇੰਡੀਅਨ ਗਰੌਸਰੀ, ਕਨੇਡੀਅਨ ਗਰੌਸਰੀ ਤੇ ਹਰ ਕਿਸਮ ਦੀਆਂ ਤਾਜਾ ਸਬਜ਼ੀਆਂ, ਡੈਰੀ, ਫਰੂਟ ਮਿਲਿਆ ਕਰਨਗੇ। ਹੋਰ ਜਾਣਕਾਰੀ ਸਾਡੇ ਆਉਣ ਵਾਲੇ ਅੰਕਾਂ ਵਿਚ ਮਿਲੇਗੀ ਸਟੋਰ ਮਾਰਚ ਮਹੀਨੇ ਖੁਲ੍ਹ ਰਿਹਾ ਹੈ।

ਵਿਲੀਅਮਜ਼ ਲੇਕ ਵਿਚ ਖਾਲਿਸਤਾਨੀਆਂ ਨੂੰ ਕਰਾਰੀ ਹਾਰ

ਵਿਲੀਅਮਜ਼ ਲੇਕ — ਵਰ੍ਹਾ 1985 ਲਈ ਗੁ: ਸਾਹਿਬ ਲਈ ਹੇਠ ਲਿਖੇ ਸੇਵਾਦਾਰ ਚੁਣੇ ਗਏ।

ਸੁਰਿੰਦਰ ਪਾਲ ਸਿੰਘ ਰਾਠੌਰ	ਪ੍ਰਧਾਨ
ਹਰਜੀਤ ਸਿੰਘ ਸਹੋਤਾ	ਮੀਤ ਪ੍ਰਧਾਨ
ਜਗਦੇਵ ਸਿੰਘ ਧਾਲੀਵਾਲ	ਸਕੱਤਰ
ਕਰਮਜੀਤ ਸਿੰਘ ਸੇਖੋਂ	ਖਜ਼ਾਨਚੀ
ਸਰਵਣ ਸਿੰਘ ਗਰੇਵਾਲ	ਮੈਂਬਰ
ਜੋਗਿੰਦਰ ਸਿੰਘ ਪਰਮਾਰ	ਮੈਂਬਰ
ਬੂੜ ਸਿੰਘ ਰਖਾੜਾ	ਮੈਂਬਰ
ਸ਼ਿਵ ਸਿੰਘ ਨਿੱਜਰ	ਮੈਂਬਰ
ਅਜੀਤ ਸਿੰਘ ਲਾਲੀ	ਮੈਂਬਰ
ਮਹਿੰਦਰ ਕੌਰ ਖੱਖ	ਮੈਂਬਰ
ਗੁਰਦੇਵ ਕੌਰ ਸੰਧੂ	ਮੈਂਬਰ

ਟੱਕਰ ਸਿੱਖਾਂ ਤੇ ਸਿੰਘਾਂ ਵਿਚਕਾਰ ਸੀ। ਜਿੱਤ ਸਿੱਖਾਂ ਦੀ ਹੋਈ ਪਰ ਬਹੁਤ ਥੋੜੇ ਫਰਕ ਨਾਲ। ਸਿੰਘਾਂ ਦੀ ਰਹਿਨੁਮਾਈ ਗਿਆਨ ਸਿੰਘ ਸੰਧੂ ਕਰਦੇ ਹਨ ਉਨ੍ਹਾਂ ਵਕੀਲਾਂ ਦਾ ਦਰਵਾਜ਼ਾ ਜਾ ਖੜਕਾਇਆ ਹੈ। ਜਨਰਲ ਮੀਟਿੰਗ ਭੀ ਰੱਖੀ ਗਈ ਹੈ। ਇਤਰਾਜ਼ਾਂ ਦਾ ਜਵਾਬ ਦੇਣ ਨੂੰ ਪਰ ਚਿੱਠੀਆਂ ਵਕੀਲ ਰਾਹੀਂ ਹੀ ਆਉਂਦੀਆਂ ਹਨ। ਮੁੱਕਦੀ ਗੱਲ ਕਿ ਵੋਟਾਂ ਨਾਲ ਗੱਲ ਮੁੱਕੀ ਨਹੀਂ ਕਿਥੇ ਮੁੱਕਦੀ ਹੈ ਅਗਾਂਹ ਲੀਡਰ ਹੀ ਜਾਨਣ।

ਮੁਕੱਦਮਾ ਖਾਰਜ

ਵਿਲੀਅਮਜ਼ ਲੇਕ — ਪਿਛੇ ਜਿਹੇ ਅਮਰੀਕ ਸਿੰਘ ਤੇ ਅਮਰੀਕ ਸਿੰਘ ਵਲੈਤੀਏ ਦੀ ਮਿੱਲ 'ਚ ਫਸ ਫਸਾਈ ਹੋ ਗਈ ਸੀ। ਜਿਸਤੇ ਜੈਕੋਬਸਨ ਦੇ ਮਾਲਕਾਂ ਦੋਹਾਂ ਦੀ ਛੁੱਟੀ ਕਰ ਦਿੱਤੀ ਸੀ।

ਵਲੈਤੀਆ ਕੇਸ ਪੁਲੀਸ ਦੇ ਲੈ ਗਿਆ ਤੇ ਦੋਸ਼ ਦੂਜੇ ਫਰੀਕ ਸਿਰ ਲਾ ਦਿੱਤਾ। ਪੁਲੀਸ ਨੇ ਪੜਤਾਲ ਮਗਰੋਂ ਉਲਟਾ ਅਮਰੀਕ ਸਿੰਘ ਬਦੇਸ਼ੇ ਤੇ ਲਾ ਦਿਤਾ।

ਅੰਤ ਜੱਜ ਨੇ ਇਹ ਕਹਿਕੇ ਕਿ "ਪ੍ਰਮਾਣ ਕਾਫੀ ਨਹੀਂ ਹੈ ਤੇ ਦੋਵੇਂ ਲੜਦੇ ਲੜਦੇ ਲੜ ਪਏ ਤੇ ਹਟਦੇ ਹਟਦੇ ਹਟ ਗਏ" ਮੁਕੱਦਮਾ ਖਤਮ ਕਰ ਦਿੱਤਾ। ਦੋਵੇਂ ਸਾਹਿਬ ਨੌਕਰੀ ਲਈ ਤਰਲੋਂ ਮੱਛੀ ਹਨ।

ਵਿਸ਼ੇਸ਼ ਨੋਟ :—

● ਬਹੁਤ ਸਾਰੇ ਪਾਠਕਾਂ ਦੇ ਜ਼ੋਰ ਦੇਣ ਤੇ ਸਾਨੂੰ 'ਕੈਨੇਡਾ ਦਰਪਣ' ਵੀਕਇੰਡ ਤੇ ਕਰਨਾ ਪੈ ਰਿਹਾ ਹੈ। ਇਸ ਲਈ ਅਗਲੇ ਹਫਤੇ ਤੋਂ 'ਕੈਨੇਡਾ ਦਰਪਣ' ਤੁਹਾਨੂੰ ਵੀਕਇੰਡ ਉਤੇ ਹਰ ਸ਼ੁਕਰਵਾਰ ਨੂੰ ਸਟੋਰਾਂ ਉਤੇ ਮਿਲ ਸਕੇਗਾ। ਇਸ ਤਬਦੀਲੀ ਲਈ ਖਿਮਾ ਦੇ ਜਾਚਕ ਹਾਂ।

ਪੰਜਾਬ ਦਰਪਣ

ਜਾਸੂਸੀ ਕੇਸ 'ਚ ਲੁਧਿਆਣਾ ਦਾ ਵਪਾਰੀ ਗ੍ਰਿਫਤਾਰ

ਨਵੀਂ ਦਿਲੀ: (ਯੂ. ਐਨ. ਆਈ.) ਲੁਧਿਆਣਾ ਦੇ ਇਕ ਨੌਜਵਾਨ ਵਪਾਰੀ ਅਸ਼ੋਕ ਕੁਮਾਰ ਜੈਦਕਾ ਨੂੰ ਜਾਸੂਸੀ ਦੇ ਕੇਸ ਵਿਚ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਸ ਦਾ ਕਲ੍ਹ ਤੱਕ ਪੁਲੀਸ ਰਿਮਾਂਡ ਦਿੱਤਾ ਗਿਆ ਹੈ।

ਇਹ ਗ੍ਰਿਫਤਾਰੀ ਲੁਧਿਆਣਾ ਪੁਲੀਸ ਨੇ ਕਲ੍ਹ ਵਪਾਰੀ ਦੇ ਗੁਰਦੇਵ ਨਗਰ ਸਥਿਤ ਮਕਾਨ ਉਤੇ ਛਾਪਾ ਮਾਰ ਕੇ ਕੀਤੀ ਤੇ ਲੁਧਿਆਣਾ ਦੇ ਇਕ ਮੈਜਿਸਟਰੇਟ ਨੇ ਉਸ ਦਾ ਪੁਲੀਸ ਰਿਮਾਂਡ ਦਿੱਤਾ।

ਅਸ਼ੋਕ ਕੁਮਾਰ ਜੈਦਕਾ ਦੀ ਗ੍ਰਿਫਤਾਰੀ ਨਾਲ ਜਾਸੂਸੀ ਕੇਸ 'ਚ ਗ੍ਰਿਫਤਾਰ ਕੀਤੇ ਵਪਾਰੀਆ ਦੀ ਗਿਣਤੀ ਤਿੰਨ ਤੇ ਕੁਲ ਗਿਰਫਤਾਰੀਆ 14 ਹੋ ਗਈਆਂ ਹਨ। ਪਹਿਲਾਂ ਗ੍ਰਿਫਤਾਰ ਕੀਤੇ ਗਏ ਦੋਨੋਂ ਵਪਾਰੀ ਕੁਮਰ ਨਰਾਇਣ ਤੇ ਬੀ. ਕੇ. ਅਗਰਵਾਲ ਦਿੱਲੀ ਦੇ ਹਨ।

ਦੱਸਿਆ ਜਾਂਦਾ ਹੈ ਕਿ 31 ਸਾਲਾ ਜੈਦਕਾ ਹੌਜਰੀ ਦਾ ਵਪਾਰੀ ਹੈ।

ਭਾਨ ਸਿੰਘ, ਅਬਿਨਾਸ਼ੀ ਸਿੰਘ ਵਲੋਂ ਟੌਹੜਾ ਨਾਲ ਮੁਲਾਕਾਤ

ਜੋਧਪੁਰ: (ਪੀ. ਟੀ. ਆਈ.) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਭਾਨ ਸਿੰਘ ਤੇ ਸਹਾਇਕ ਸਕੱਤਰ ਸ. ਅਬਿਨਾਸ਼ੀ ਸਿੰਘ ਕਲ੍ਹ ਇਥੋਂ ਦੇ ਇਕ ਗੈਸਟ ਹਾਊਸ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਨੂੰ ਮਿਲੇ। ਸ. ਗੁਰਚਰਨ ਸਿੰਘ ਟੌਹੜਾ ਕੌਮੀ ਸੁਰੱਖਿਆ ਕਾਨੂੰਨ ਅਧੀਨ ਇਸ ਗੈਸਟ ਹਾਊਸ ਵਿਚ ਨਜ਼ਰਬੰਦ ਹਨ।

ਘੰਟੇ ਭਰ ਦੀ ਇਸ ਮੀਟਿੰਗ ਵਿਚ ਦੋਹਾਂ ਨੇ ਸ. ਗੁਰਚਰਨ ਸਿੰਘ ਨੂੰ ਦੇਸ਼ ਦੀ ਆਮ ਸਿਆਸੀ ਸਥਿਤੀ ਤੇ ਚੋਣਾ ਆਦਿ ਬਾਰੇ ਜਾਣੂੰ ਕਰਵਾਇਆ।

ਮੀਟਿੰਗ ਸਮੇਂ ਸਰਕਾਰੀ ਅਫਸਰ ਵੀ ਹਾਜ਼ਰ ਸਨ।

ਸ਼੍ਰੋਮਣੀ ਕਮੇਟੀ ਦੇ ਦੋਵੇਂ ਅਧਿਕਾਰੀ ਪਹਿਲਾ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਵੀ ਮੁਲਾਕਾਤ ਕਰ ਚੁੱਕੇ ਹਨ।

ਦੋਹਾਂ ਨੇ ਅਖੰਡ ਕੀਰਤਨੀ ਜਥੇ ਦੀ ਬੀਬੀ ਅਮਰਜੀਤ ਕੌਰ ਨੂੰ ਮਿਲਣ ਦੀ ਖਾਹਸ਼ ਵੀ ਪ੍ਰਗਟ ਕੀਤੀ, ਪਰ ਉਨ੍ਹਾਂ ਨੂੰ ਇਸ ਮੁਲਾਕਾਤ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ। ਬੀਬੀ ਅਮਰਜੀਤ ਕੌਰ ਜੋਧਪੁਰ ਕੇਂਦਰੀ ਜੇਲ੍ਹ ਵਿਚ ਨਜ਼ਰਬੰਦ ਹਨ।

ਦਸੂਹੇ 'ਚ ਸਹਿਮ ਤੇ ਗੁੱਸੇ ਦਾ ਮਾਹੌਲ

ਹੁਸ਼ਿਆਰਪੁਰ: (ਪਰਦੁਮਣ ਸਿੰਘ) ਇਥੋਂ 40 ਕਿਲੋਮੀਟਰ ਦੂਰ ਦਸੂਹਾ ਵਿਖੇ ਵਾਪਰੇ ਗੋਲੀ ਕਾਂਡ ਜਿਥੇ ਮਰਨ ਵਾਲਿਆਂ ਦੀ ਗਿਣਤੀ ਦੋ ਤਕ ਪੁੱਜ ਚੁੱਕੀ ਹੈ ਉਥੇ ਜ਼ਖਮੀਆਂ ਵਿਚੋਂ ਬਲਬੀਰ ਰਾਜ, ਦੇਵ ਰਾਜ ਤੇ ਕਮਲ ਦੇਵ ਮਹਾਜਨ ਦੀ ਹਾਲਤ ਬਹੁਤ ਨਾਜ਼ਕ ਹੈ। ਤਿੰਨ ਜ਼ਖਮੀਆਂ ਵਿਚੋਂ ਅਜੀਤ ਕੁਮਾਰ ਤੇ ਲਖਵਿੰਦਰ ਸਿੰਘ ਛਰਾਲਾ ਪਿੰਡ ਦੇ ਅਤੇ ਸ੍ਰੀ ਰਾਮਦਾਸ ਪਿੰਡ ਦਸੂਹਾ ਦਾ ਹੈ। ਮਰਨ ਵਾਲੇ ਚਮਨ ਲਾਲ ਤੇ ਦੌਲਤ ਰਾਮ ਵੀ ਦਸੂਹਾ ਦੇ ਹਨ।

ਹੜਤਾਲ

ਸ਼ਨਿਚਰਵਾਰ ਮੈਂ ਜਦੋਂ ਦਸੂਹੇ ਪੁਜਿਆ ਤਾ ਉਥੇ ਪੂਰਨ ਹੜਤਾਲ ਸੀ ਤੇ ਲੋਕ ਟੋਲੀਆਂ ਵਿਚ ਜਾਂ ਤਾਂ ਇਧਰ-ਉਧਰ ਘੁੰਮ ਰਹੇ ਸਨ ਜਾਂ ਫਿਰ ਬੈਠੇ ਰਾਤ ਦੀ ਘਟਨਾ ਦੀਆਂ ਗੱਲਾਂ ਕਰ ਰਹੇ ਸਨ। ਹਰ ਪਾਸੇ ਸਹਿਮ ਜਿਹਾ ਸੀ। ਉਹ ਦੁਖੀ ਵੀ ਸਨ ਤੇ ਗੁੱਸੇ ਵਿਚ ਵੀ। ਸਾਰੇ ਇਲਾਕੇ ਨੂੰ ਦੇਖਣ ਉਪਰੰਤ ਇਹ ਅਨੁਮਾਨ ਲਾਉਣਾ ਔਖਾ ਨਹੀਂ ਕਿ 500-600 ਗਜ ਦੇ ਇਲਾਕੇ ਵਿਚ 15-20 ਮਿੰਟ ਤਕ ਕਾਫੀ ਉਧੜ-ਧੁਮੀ ਮਚੀ ਰਹੀ। ਕੁਝ ਲੋਕਾਂ ਦਾ ਕਹਿਣਾ ਸੀ ਕਿ ਉਹ ਤਿੰਨ ਸਨ ਤੇ ਕੁਝ ਦਾ ਖਿਆਲ ਸੀ ਕਿ ਚਾਰ ਪਰ ਉਹ ਗੋਲੀਆਂ ਵੱਖ-ਵੱਖ ਹੋ ਕੇ ਚਲਾਉਂਦੇ ਰਹੇ ਪਰ ਆਏ ਇਕੋ ਪਾਸਿਓਂ ਸਨ।

ਇਹ ਲੋਕ ਕਿਸ ਪਾਸਿਓਂ ਆਏ ਕੋਈ ਠੀਕ ਤਰ੍ਹਾਂ ਪਤਾ ਨਹੀਂ ਲੱਗਾ ਕਿਉਂਕਿ ਬਿਜਲੀ ਬੰਦ ਸੀ। ਜਦ ਸਵਾ ਸੱਤ ਵਜੇ ਬਿਜਲੀ ਆਈ ਤਾ ਇਕ ਦਮ ਗੋਲੀ ਚਲਣ ਲਗ ਪਈ। ਸਭ ਤੋਂ ਪਹਿਲਾ ਮੁਖ ਬਾਜ਼ਾਰ ਵਿਚ ਉਨ੍ਹਾਂ ਗੋਲੀ ਚਲਾਈ ਜਿਥੇ ਇਕ ਦੁਕਾਨਦਾਰ ਰਾਮਦਾਸ ਨੂੰ ਜਖਮੀ ਕੀਤਾ। ਰਾਮਦਾਸ ਅਨੁਸਾਰ ਉਹ ਸਾਈਕਲ 'ਤੇ ਸੀ ਤੇ ਜਦ ਪਹਿਲੀ ਗੋਲੀ ਪੇਟ ਨੂੰ ਲੱਗੀ ਤੇ ਉਹ ਉਤਰ ਕੇ ਬੈਠ ਗਿਆ, ਦੂਜੀ ਗੋਲੀ ਪੈਰ ਵਿਚ ਲੱਗੀ। ਇਸ ਪਿਛੋਂ ਉਨ੍ਹਾਂ ਚਮਨ ਲਾਲ ਜੋ ਆਪਣੀ ਬੱਚੀ ਲਈ ਖਿਡੌਣਾ ਲੈਣ ਆਇਆ ਸੀ, ਨੂੰ ਗੋਲੀ ਲੱਗੀ ਤੇ ਉਹ ਦਸ ਮਿੰਟ 'ਚ ਹੀ ਮਰ ਗਿਆ। ਨਾਲ ਹੀ ਆਰ. ਕੇ. ਸ਼ਰਮਾ ਨੂੰ ਗੋਲੀ ਮਾਰੀ ਗਈ ਜੋ ਸੀੜ੍ਹੀਆਂ ਚੜ੍ਹ ਰਿਹਾ ਸੀ। ਇਸ ਦੇ ਨਾਲ ਹੀ ਬਾਜ਼ਾਰ ਬੰਦ ਹੋ ਗਿਆ। ਅਸਲ ਵਿਚ ਬਿਜਲੀ ਬੰਦ ਹੋਣ ਕਾਰਨ ਕਈ ਲੋਕ ਤਾਂ ਪਹਿਲਾਂ ਹੀ ਦੁਕਾਨਾਂ ਬੰਦ ਕਰ ਚੁੱਕੇ ਸਨ ਤੇ ਦੂਜੇ ਬਿਜਲੀ ਆ ਜਾਣ ਕਾਰਨ ਬੰਦ ਕਰਨ ਵਿਚ ਰੁਝੇ ਹੋਏ ਸਨ।

ਘਟਨਾ ਦਾ ਵੇਰਵਾ

ਇਸ ਪਿਛੋਂ ਹਮਲਾਵਰ ਮਿਸ਼ਨ ਰੋਡ 'ਤੇ ਪੁਜੇ। ਇਸ ਤੋਂ ਪਹਿਲਾਂ ਉਨ੍ਹਾਂ ਬਲਬੀਰ ਦਾਸ ਨੂੰ ਜ਼ਖਮੀ ਕਰ ਦਿੱਤਾ। ਮਿਸ਼ਨ ਰੋਡ 'ਤੇ ਉਹ ਦੇਵਰਾਜ ਦੀ ਦੁਕਾਨ 'ਤੇ ਜਿਸ ਦਾ ਸ਼ਟਰ ਕੇਵਲ ਡੇਢ ਫੁੱਟ ਚੁੱਕਿਆ ਹੋਇਆ ਸੀ, ਦੇ ਥੱਲੇ ਗੋਲੀਆਂ ਚਲਾ ਕੇ ਦੋ ਵਿਅਕਤੀਆਂ ਅਜੀਤ ਤੇ ਲਖਵਿੰਦਰ ਨੂੰ ਜ਼ਖਮੀ ਕਰ ਦਿੱਤਾ। ਦੇਵ ਰਾਜ ਉਸ ਸਮੇਂ ਉਨ੍ਹਾਂ ਦਾ ਟੇਪ-ਰਿਕਾਰਡ ਠੀਕ ਕਰ ਰਿਹਾ ਸੀ ਉਸ ਨੇ ਬੈਠ ਕੇ ਜਾਨ ਬਚਾਈ। ਅੱਗੇ ਭੁੱਗਰਨੀ ਰੋਡ 'ਤੇ ਦੋ ਮਹਾਜਨ ਭਰਾਵਾਂ ਨੂੰ ਜਦ ਪਤਾ ਲਗਾ ਕਿ ਗੋਲੀ ਚਲ ਰਹੀ ਹੈ ਤਾਂ ਉਨ੍ਹਾਂ ਦਰਵਾਜ਼ਾ ਬੰਦ ਕਰ ਲਿਆ ਪਰ ਪਿਛੋਂ ਇਹ ਖਿਆਲ ਕਰਕੇ ਕਿ ਸਕੂਟਰ ਬਾਹਰ ਖੜ੍ਹਾ ਹੈ, ਚੁੱਕ ਲੈਣ ਲਈ ਜਦ ਬਾਹਰ ਆਏ ਤਾਂ ਉਨ੍ਹਾਂ 'ਤੇ ਗੋਲੀਆਂ ਦੀ ਬੁਛਾੜ ਹੋ ਗਈ ਤੇ ਉਥੇ ਹੀ ਡਿੱਗ ਪਏ। ਅੱਗੇ ਇਕ ਪਿੰਡ ਵਿਚ ਜਾ ਕੇ ਉਨ੍ਹਾਂ ਹਵਾ ਵਿਚ ਗੋਲੀ ਚਲਾਈ ਤੇ ਫਿਰ ਦੌੜ ਗਏ।

ਪੁਲੀਸ ਬਾਰੇ ਲੋਕ ਪ੍ਰੇਸ਼ਾਨ ਸਨ ਕਿ ਉਹ ਲੇਟ ਪੁੱਜੀ ਪਰ ਪੁਲੀਸ ਮੁਖੀ ਦਾ ਕਹਿਣਾ ਸੀ ਕਿ ਪਤਾ ਲਗਦਿਆਂ ਹੀ ਉਹ ਮੌਕੇ 'ਤੇ ਪੁੱਜ ਗਏ ਤੇ ਭਾਲ ਆਰੰਭ ਕਰ ਦਿੱਤੀ ਗਈ। ਇਸ ਦੌਰਾਨ ਡੀ. ਐਸ. ਪੀ. ਦਸੂਹਾ ਤੇ ਐਸ. ਐਸ. ਪੀ. ਹੁਸ਼ਿਆਰਪੁਰ ਤੋਂ ਪੁੱਜ ਗਏ। ਪੁਲੀਸ ਨੇ ਬੁੱਧੂ ਬਰਕਤ ਪਿੰਡ ਨੂੰ ਘੇਰੇ ਵਿਚ ਲੈ ਲਿਆ ਕਿਉਂਕਿ ਇਕ ਜ਼ਖਮੀ ਨੇ ਦੱਸਿਆ ਕਿ ਉਨ੍ਹਾਂ ਵਿਚ ਬਲਵਿੰਦਰ ਸਿੰਘ, ਦਿਲਬਾਗ ਸਿੰਘ ਤੇ ਅਜੀਤ ਸਿੰਘ ਸ਼ਾਮਲ ਸਨ। ਪੁਲੀਸ ਨੇ ਇਨ੍ਹਾਂ ਸਾਰਿਆਂ ਨੂੰ ਹਿਰਾਸਤ ਵਿਚ ਲੈ ਲਿਆ ਦਸਿਆ ਜਾਂਦਾ ਹੈ। ਉਪਰੰਤ ਇਕ ਡਾ. ਦਰਸ਼ਨ ਸਿੰਘ ਤੋਂ ਵੀ ਪੁੱਛ-ਪੜਤਾਲ ਕੀਤੀ ਜਾ ਰਹੀ ਦੱਸੀ ਜਾਂਦੀ ਹੈ।

ਵੋਟਰ ਸੂਚੀਆਂ ਦੀ ਪ੍ਰਕਾਸ਼ਨਾ ਦਾ ਕੰਮ ਮੁਕੰਮਲ ਪੰਜਾਬ ਦੇ ਵੋਟਰਾਂ ਦੀ ਗਿਣਤੀ 1 ਕਰੋੜ 10 ਲੱਖ

ਚੰਡੀਗੜ੍ਹ: ਪੰਜਾਬ ਅਤੇ ਹਰਿਆਣਾ ਰਾਜ ਸਰਕਾਰਾਂ ਨੇ ਅੱਜ ਵੋਟਰ ਸੂਚੀਆਂ ਦੀ ਅੰਤਮ ਪਰਕਾਸ਼ਨਾ ਕਰ ਦਿੱਤੀ ਹੈ ਜਿਸ ਅਨੁਸਾਰ ਪੰਜਾਬ ਵਿਚ ਕੁਲ ਵੋਟਰਾਂ ਦੀ ਗਿਣਤੀ ਇਕ ਕਰੋੜ ਦਸ ਲੱਖ ਤਕ ਪਹੁੰਚ ਗਈ ਹੈ ਅਤੇ ਹਰਿਆਣਾ ਵਿਚ 80 ਲੱਖ ਦੇ ਲੱਗਭੱਗ ਪਹੁੰਚ ਗਈ ਹੈ ਜਿਨ੍ਹਾਂ ਦੇ ਅਧਾਰ 'ਤੇ ਅਗਲੀਆਂ ਅਸੈਂਬਲੀ ਚੋਣਾਂ ਹੋਣਗੀਆਂ।

ਵੋਟਰ ਸੂਚੀਆਂ ਦੀ ਇਹ ਸੋਧ ਇਸ ਲਈ ਕਰਾਈ ਗਈ ਸੀ ਕਿ ਪਹਿਲੀ ਜਨਵਰੀ 1985 ਨੂੰ ਜਿਨ੍ਹਾਂ ਵਿਅਕਤੀਆਂ ਦੀ ਉਮਰ 21 ਸਾਲ ਹੋ ਗਈ ਹੈ ਉਹ ਆਪਣਾ ਨਾਂ ਵੋਟਰ ਸੂਚੀਆਂ ਵਿਚ ਦਰਜ ਕਰਾ ਸਕਣ। ਪੰਜਾਬ ਵਿਚ 388510 ਵੋਟਰਾਂ ਨੇ ਆਪਣੇ ਕਲੇਮ ਦਾਖਲ ਕੀਤੇ ਹਨ ਜਿਨ੍ਹਾਂ ਵਿਚੋਂ ਕੁਝ ਰੱਦ ਹੋਏ ਹਨ ਜਿਨ੍ਹਾਂ ਦੇ ਵੇਰਵੇ ਅੱਡ ਦੱਸੇ ਜਾਣਗੇ। ਉੱਚ ਸਰਕਾਰੀ ਸੂਤਰਾਂ ਅਨੁਸਾਰ ਸਭ ਤੋਂ ਵੱਧ 51583 ਕਲੇਮ ਜ਼ਿਲਾ ਅੰਮ੍ਰਿਤਸਰ ਵਿਚ ਦਾਖਲ ਹੋਏ ਅਤੇ ਦੂਜੇ ਨੰਬਰ 'ਤੇ ਲੁਧਿਆਣਾ ਰਿਹਾ ਹੈ ਜਿਥੇ 49171 ਕਲੇਮ ਦਾਖਲ ਹੋਏ ਹਨ। ਸਭ ਤੋਂ ਘੱਟ ਜ਼ਿਲਾ ਕਪੂਰਥਲਾ ਵਿਚ 12102 ਕਲੇਮ ਦਾਖਲ ਹੋਏ ਹਨ।

ਵੋਟਰ ਸੂਚੀਆਂ ਦੀ ਸੋਧ ਲਈ ਵਧੇਰੇ ਕਲੇਮ ਸ਼ਹਿਰੀ ਹਲਕਿਆਂ ਵਿਚ ਦਾਖਲ ਹੋਏ ਹਨ। ਪਿੰਡਾਂ ਦੇ ਵਸਨੀਕਾਂ ਨੇ ਇਸ ਕੰਮ ਵਿਚ ਕੋਈ ਦਿਲਚਸਪੀ ਨਹੀਂ ਲਈ ਅਤੇ ਬਹੁਤ ਘਟ ਥਾਵਾਂ 'ਤੇ ਕਲੇਮ ਦਾਖਲ ਹੋਏ ਹਨ।

ਮਈ ਤੇ ਪਹਿਲਾਂ ਚੋਣਾਂ ਹੋਣੀਆਂ ਅਸੰਭਵ ਹਨ

ਉੱਚ ਸਰਕਾਰੀ ਸੂਤਰਾਂ ਅਨੁਸਾਰ ਕੇਂਦਰ ਮਾਰਚ ਵਿਚ ਹੋਰ ਰਾਜਾਂ ਦੀਆਂ ਵਿਧਾਇਕ ਚੋਣਾਂ ਮੁਕੰਮਲ ਕਰਕੇ ਫਿਰ ਪੰਜਾਬ ਅਤੇ ਹੋਰ ਰਾਜਾਂ ਵਲ ਪੂਰਾ ਧਿਆਨ ਦੇਵੇਗਾ।

(ਪੰਨਾ 1 ਦੀ ਬਾਕੀ)

ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਕਨਵੀਨਰ ਸੁਰਜਨ ਸਿੰਘ ਠੇਕੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਐਕਟਿੰਗ ਪ੍ਰਧਾਨ ਪ੍ਰੇਮ ਸਿੰਘ ਲਾਲਪੁਰਾ ਨੇ ਚੰਦੋਮਾਜ਼ਰਾ ਦੀ ਗ੍ਰਿਫਤਾਰੀ ਦੀ ਨਿਖੇਧੀ ਕੀਤੀ ਹੈ।

ਇਸੇ ਦੌਰਾਨ ਫਰੀਦਕੋਟ ਤੋਂ ਤਿੰਨ ਕਥਿਤ ਅਤਿਵਾਦੀਆਂ ਨੂੰ ਵੀ ਫੜੇ ਜਾਣ ਦੀ ਖਬਰ ਹੈ ਜਿਨ੍ਹਾਂ ਕੋਲੋਂ ਅਸਲਾ ਵੀ ਬਰਾਮਦ ਕੀਤਾ ਗਿਆ ਹੈ।

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising: BHAV KHANDAN SINGH
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਸੰਪਾਦਕੀ: ਲਿਖਣ ਤੇ ਬੋਲਣ ਦੀ ਆਜ਼ਾਦੀ ਉਤੇ ਹਮਲਾ

ਵੈਨਕੂਵਰ ਦੇ ਪ੍ਰਸਿੱਧ ਵਕੀਲ ਅਤੇ ਪੰਜਾਬੀ ਕਮਿਉਨਿਟੀ ਵਿਚ ਜਾਣੇ ਪਹਿਚਾਣੇ ਲੇਖਕ ਅਤੇ ਬੁਲਾਰੇ ਸ੍ਰੀ ਉਜੱਲ ਦੁਸਾਂਝ ਉਤੇ ਕਾਤਲਾਨਾ ਹਮਲਾ ਇਕ ਸੋਚੀ ਸਮਝੀ ਸਾਜ਼ਿਸ਼ ਦਾ ਸਿੱਟਾ ਹੈ। ਸ੍ਰੀ ਉਜੱਲ ਦੁਸਾਂਝ ਵਿਰੁੱਧ ਧੂੰਆਂਧਾਰ ਪ੍ਰਚਾਰ ਸਟੇਜਾਂ ਤੋਂ ਸਿੱਧੇ ਅਸਿੱਧੇ ਢੰਗ ਨਾਲ, ਫਿਰਕੂ ਅਖਬਾਰਾਂ ਵਿਚ ਲਿਖੀਆਂ ਜਾਂ ਲਿਖਵਾਈਆਂ ਗਈਆਂ ਚਿੱਠੀਆਂ ਅਤੇ ਲੇਖ ਅਤੇ ਇਥੋਂ ਤੱਕ ਕਿ ਸ੍ਰੀ ਉਜੱਲ ਦੁਸਾਂਝ ਬਾਰੇ 'ਕਹਾਣੀਆਂ' ਦੇ ਰੂਪ ਵਿਚ ਅਸਿੱਧਾ ਪ੍ਰਚਾਰ ਲਗਾਤਾਰ ਕੀਤਾ ਜਾ ਰਿਹਾ ਸੀ। ਟੈਲੀਫੋਨਾਂ ਉਤੇ ਧਮਕੀਆਂ ਸ੍ਰੀ ਉਜੱਲ ਦੁਸਾਂਝ ਨੂੰ ਲਗਾਤਾਰ ਮਿਲਦੀਆਂ ਰਹੀਆਂ ਹਨ। ਵੈਨਕੂਵਰ ਦੀ ਪੁਲੀਸ ਵੀ ਉਪਰੋਕਤ ਕਾਰਵਾਈਆਂ ਤੋਂ ਅਣਜਾਣ ਨਹੀਂ ਸੀ।

ਸ੍ਰੀ ਉਜੱਲ ਦੁਸਾਂਝ ਦਾ ਦੋਸ਼ ? ਉਨ੍ਹਾਂ ਦਾ ਦੋਸ਼ ਇਹ ਹੈ ਕਿ ਉਨ੍ਹਾਂ ਬੋਲਣ ਅਤੇ ਲਿਖਣ ਦੀ ਆਜ਼ਾਦੀ ਦਾ ਹੱਕ ਮੰਗਿਆ, ਜੋ ਹਰ ਇਨਸਾਨ ਦਾ ਬੁਨਿਆਦੀ ਹੱਕ ਹੈ। ਦੂਜੇ ਉਨ੍ਹਾਂ ਆਪਣੇ ਵਿਚਾਰਾਂ ਨੂੰ ਲਿਖਕੇ ਅਤੇ ਬੋਲ ਕੇ ਕਮਿਉਨਿਟੀ ਦੇ ਲੋਕਾਂ ਤੱਕ ਪਹੁੰਚਾਣ ਦੀ ਕੋਸ਼ਿਸ਼ ਕੀਤੀ, ਜੋ ਹਰ ਚੇਤੰਨ ਇਨਸਾਨ ਤੇ ਲੇਖਕ ਦਾ ਨੈਤਿਕ ਫਰਜ਼ ਹੈ। ਜੇ ਆਪਣੇ ਹੱਕ ਅਤੇ ਫਰਜ਼ ਨੂੰ ਉਨ੍ਹਾਂ ਪੂਰਾ ਕੀਤਾ ਹੈ ਤਾਂ ਉਹ ਲੋਕ ਜੋ ਉਨ੍ਹਾਂ ਨੂੰ ਕਾਫ਼ਰ, ਗ਼ਦਾਰ ਅਤੇ ਹੋਰ ਕਈ ਕਿਸਮ ਦੇ ਫ਼ਤਵੇ ਅਖਬਾਰਾਂ ਵਿਚ ਨਾਜ਼ਲ ਕਰਦੇ ਰਹੇ ਹਨ, ਉਹ ਆਪਣੇ ਲਿਖਣ ਅਤੇ ਬੋਲਣ ਦੇ ਹੱਕ ਦੀ ਆਜ਼ਾਦੀ ਵੀ ਮਾਣਦੇ ਰਹੇ ਹਨ ਤਾਂ ਇਹ ਹਮਲਾ ਕਰਨਾ ਜਾਂ ਕਰਵਾਉਣਾ ਉਨ੍ਹਾਂ ਲੋਕਾਂ ਦੀ ਜਿੱਤ ਨਹੀਂ ਸਗੋਂ ਨੈਤਿਕ ਹਾਰ ਹੈ। ਜਦ ਕਿਸੇ ਵੀ ਇਨਸਾਨ ਕੋਲ ਦਲੀਲ ਬਾਕੀ ਨਾ ਰਹੇ, ਤਾਂ ਉਹ ਕਾਤਲਾਨਾ ਹਮਲੇ ਵਰਗੇ ਹੋਛੇ ਹਥਿਆਰਾਂ ਉਤੇ ਉਤਰ ਆਉਂਦਾ ਹੈ।

ਇਹ ਹਮਲਾ ਕਿਸੇ ਜ਼ਾਤੀ ਰੰਜਸ਼ ਦਾ ਨਤੀਜਾ ਨਹੀਂ ਹੋ ਸਕਦਾ ਕਿਉਂਕਿ ਇਥੋਂ ਦੀਆਂ ਕੁਝ ਅਖਬਾਰਾਂ ਦਾ ਸੁਭਾਅ ਬਣ ਚੁੱਕਿਆ ਹੈ ਕਿ ਉਹ ਹਰ ਘਟਨਾ ਨੂੰ ਆਪਣੇ ਵਿਰੋਧੀ ਵਿਚਾਰਾਂ ਵਾਲਿਆਂ ਉਪਰ ਹੀ ਸੁਟਣ ਦੀ ਕੋਸ਼ਿਸ਼ ਜਾਣ ਬੁਝ ਕੇ ਕਰਦੇ ਹਨ।

ਸ੍ਰੀ ਉਜੱਲ ਦੁਸਾਂਝ ਕੁਝ ਲੋਕਾਂ ਦੀਆਂ ਨਜ਼ਰਾਂ ਵਿਚ ਇਸ ਕਰਕੇ ਚੁਭਦੇ ਹਨ ਕਿ ਉਹ ਕਮਿਉਨਿਟੀ ਵਿਚ ਏਕਤਾ ਅਤੇ ਸਦਭਾਵਨਾ ਕਾਇਮ ਰੱਖਣ ਦੀ ਲੋੜ ਨੂੰ ਮੁੜ ਮੁੜ ਚਿਤਾਰਦੇ ਹਨ। ਕੁਝ ਲੋਕ ਜਿਨ੍ਹਾਂ ਦਾ ਸਾਰਾ ਜ਼ੋਰ ਇਸ ਗੱਲ ਉਤੇ ਲੱਗਿਆ ਹੋਇਆ ਹੈ ਕਿ ਕਮਿਉਨਿਟੀ ਵਿਚ ਏਕਤਾ ਰਹੇਗੀ ਤਾਂ ਉਨ੍ਹਾਂ ਦੇ ਧੜਿਆਂ ਨੂੰ ਕੌਣ ਪੁੱਛੇਗਾ, ਏਕਤਾ ਦੀ ਗੱਲ ਤੋਂ ਉਂਝ ਹੀ ਤਿਲਮਲਾਉਂਦੇ ਹਨ। ਲੋਕਾਂ ਵਿਚ ਫੁੱਟ ਪਾ ਕੇ ਰੱਖਣਾ ਜਿਨ੍ਹਾਂ ਲੋਕਾਂ ਨੂੰ ਰਾਸ ਆਉਂਦਾ ਹੈ, ਉਹ ਕਿਵੇਂ ਚਾਹੁਣਗੇ ਕਿ ਸ੍ਰੀ ਦੁਸਾਂਝ ਕਮਿਉਨਿਟੀ ਵਿਚ ਏਕਤਾ ਦੀ ਗੱਲ ਕਰਨ। ਜਦ ਧੜਿਆਂ ਦੀ ਸਿਆਸਤ ਕਮਿਉਨਿਟੀ ਨੂੰ ਖੇਰੂੰ ਖੇਰੂੰ ਕਰਨ ਤੇ ਤੁਲੀ ਹੋਵੇ ਤਾਂ ਦੁਸਾਂਝ ਵਰਗੇ ਲੋਕਾਂ ਦੀ ਗੱਲ ਉਨ੍ਹਾਂ ਨੂੰ ਚੰਗੀ ਕਿਵੇਂ ਲੱਗੇ ?

ਪੰਜਾਬ ਦਾ ਮਸਲਾ ਪੰਜਾਬ ਦੇ ਲੋਕਾਂ ਨੇ ਹੱਲ ਕਰਨਾ ਹੈ। ਪੰਜਾਬੀਆਂ ਦੇ ਹੱਕ ਖੋਹੇ ਜਾ ਰਹੇ ਹਨ, ਤਾਂ ਪੰਜਾਬੀ ਲੋਕ ਲੱਖਾਂ ਕੁਰਬਾਨੀਆਂ ਕਰਕੇ ਵੀ ਆਪਣੇ ਹੱਕ ਵਾਪਸ ਲੈਣਗੇ, ਇਹ ਸਾਨੂੰ ਸਭ ਪੰਜਾਬੀਆਂ ਨੂੰ ਪਤਾ ਹੈ। ਇਹ ਮਸਲਾ ਵੈਨਕੂਵਰ, ਟਰਾਂਟੋ, ਲੰਡਨ ਜਾਂ ਨੀਊਯਾਰਕ ਵਿਚ ਇਕ ਦੂਜੇ ਦੇ ਸਿਰ ਪਾੜ ਕੇ ਹੱਲ ਨਹੀਂ ਹੋਣਾ, ਇਹ ਮਸਲਾ ਪੰਜਾਬੀਆਂ ਨੇ ਪੰਜਾਬ ਵਿਚ ਹੀ ਹੱਲ ਕਰਨਾ ਹੈ। ਸ੍ਰੀ ਉਜੱਲ ਦੁਸਾਂਝ ਉਤੇ ਹਮਲੇ ਨੂੰ ਸਮੁੱਚੀ ਕਮਿਉਨਿਟੀ ਦੀ ਏਕਤਾ ਤੇ ਹਮਲਾ ਹੀ ਕਰਾਰ ਦਿਤਾ ਜਾ ਸਕਦਾ ਹੈ।

ਵੀਰੋ, ਸੰਤਾਲੀ ਦੀ ਤਰਾਸਦੀ ਨੂੰ ਨਾ ਭੁਲਾਓ।
ਸੀ ਖੜ੍ਹੇ-ਖੜੋਤੇ ਰਹਿ ਗਏ, ਸਾਡੀ ਡੁਬ ਗਈ ਨਾਓ।
ਮੁੜ ਤਿਲ੍ਹਕਣ-ਬਾਜ਼ੀ ਵਿਚ ਮਤੇ ਡਿਗ ਮੂੰਹ ਭਨਾਓ।
ਜਿਹੜੀ ਤਾਕਤ ਪਾੜੇ ਲੋਕਾਂ ਨੂੰ, ਉਹਨੂੰ ਮੂੰਹ ਨਾ ਲਾਓ।
ਤੁਸੀਂ ਪੱਲਾ ਫੜੋ ਪੰਜਾਬੀਅਤ ਦਾ ਖਾ ਕੇ ਤਾਓ।
ਜੋ ਹੈਨ ਬਦੀ ਦੇ ਪੁਤ ਉਨ੍ਹਾਂ ਨੂੰ ਟੱਕਰ ਜਾਓ।
ਨਾ ਮਮਤਾ ਸੁਆਗਤ ਕਰੇ, ਤੇ ਨਾ ਭੈਣਾਂ ਦਾ ਚਾਓ।
ਉਨ੍ਹਾਂ ਨੂੰ ਧਰਤੀ ਦੇਵੇ ਵਿਹਲ ਨਾ, ਨਾ ਮਿਲੇ ਟਿਕਾਓ।
ਅਜੇ ਅੱਲੇ ਨੇ ਸਾਨੂੰ ਕਲ੍ਹ ਲਗੇ ਸਨ ਜਿਹੜੇ ਘਾਓ।
ਚੱਲ ਗਿਆ ਸੀ ਚੰਦਰਾ ਸਾਮਰਾਜ ਜਦ ਆਪਣਾ ਦਾਓ।
ਅੱਜ ਮੁੜ ਹੈ ਖ਼ਤਰਾ ਉਪਜਿਆ, ਨਾ ਸੁਰਤ ਗੁਆਓ।
ਨਾ ਟੁੱਟੇ ਸਾਂਝ ਪੰਜਾਬ ਦੀ ਤੁਸੀਂ ਰਖ ਵਿਖਾਓ।
ਅਸੀਂ ਸੱਜਾ ਬਾਜ਼ੂ ਹਿੰਦ ਦਾ, ਇਹਦਾ ਤਰਾਣ ਵਧਾਓ।
ਸਾਂਝਾ ਏਕੇ ਤੇ ਸੰਗਰਾਮ ਦਾ ਤੁਸੀਂ ਗੀਤ ਅਲਾਓ।

ਪਿਆਰਾ ਸਿੰਘ ਸਹਿਰਾਈ

ਮੁਹੱਬਤਨਾਮੇ

ਐਡੀਟਰ ਗਿੱਲ ਜੀ,

ਤੁਹਾਡੇ ਪਰਚੇ ਦੇ ਇਕ ਅੰਕ ਵਿਚ ਪ੍ਰੋ: ਹਰਬੰਸ ਸਿੰਘ ਦਾ ਇਕ ਗੁਰਸਿਖੀ ਬਾਰੇ ਲੇਖ ਛਪਿਆ ਸੀ। ਮੈਂ ਉਹ ਲੇਖ ਕਈ ਵਾਰ ਪੜ੍ਹਿਆ। ਉਸ ਤੋਂ ਇਹ ਸਿਧ ਹੋਇਆ ਕਿ ਗੁਰੂ ਨਾਨਕ ਸਾਹਿਬ ਨੇ ਸਿਖੀ ਦਾ ਪਰਚਾਰ ਮਨੁਖਤਾ ਲਈ ਕੀਤਾ ਖਾਸ ਕਰਕੇ ਪੂਰੇ ਹਿੰਦੁਸਤਾਨ ਲਈ, ਇਸ ਲਈ ਉਹ ਹਿੰਦੁਸਤਾਨ ਦੇ ਸਾਰੇ ਸੂਬਿਆਂ 'ਚ ਗਏ।

ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਹਿੰਦੁਸਤਾਨ ਦੇ ਪੰਜ ਮੁੱਖ ਭਾਗਾਂ ਚੋਂ ਲੈ ਕੇ ਇਹ ਸਾਬਤ ਕੀਤਾ ਕਿ ਸਿਖ ਧਰਮ ਸਾਰੇ ਦੇਸ਼ ਵਿਚ ਫੈਲੇ। ਪਰ ਸਾਡੇ ਸਿਖ ਆਗੂਆਂ ਇਸ ਨੂੰ ਪੰਜਾਬ ਦੀਆਂ ਹੱਦਾਂ ਅੰਦਰ ਕੈਦ ਕਰ ਦਿੱਤਾ ਹੈ। ਪਿਛਲੇ ਸਾਲਾਂ ਵਿਚ ਅਤਿਵਾਦੀਆਂ ਅਮਰੀਕਨਾਂ ਹੱਥ ਵਿਕ ਕੇ ਇਸ ਨੂੰ ਅਖੌਤੀ ਖਾਲਿਸਤਾਨ ਦਾ ਰੂਪ ਦੇਣ ਲਈ ਬੇਗੁਨਾਹਾਂ ਦਾ ਲਹੂ ਡੋਲ੍ਹਿਆ।

ਹਿੰਦੁਸਤਾਨ ਦੀ ਸਰਕਾਰ ਨੇ ਸਾਡੀ ਤਾਰੀਖ ਵਿਚ ਚਿਤਰੀ ਸਾਰੇ ਲੋਕਾਂ ਦੀ ਆਜ਼ਾਦੀ ਲਈ ਮਹਾਨ ਕੁਰਬਾਨੀ ਦਾ ਬੜਾ ਨਿਰਾਦਰ ਕੀਤਾ ਹੈ। ਇੰਦਰਾ ਗਾਂਧੀ ਨੇ ਆਪ ਦੇ ਸਤਾਰਾਂ ਸਾਲਾਂ ਦੇ ਰਾਜ ਵਿਚ ਦੇਸ਼ ਦੇ ਲੋਕਾਂ ਦੀ ਇਕਮੁੱਠਤਾ ਨੂੰ ਬੁਰੀ ਤਰ੍ਹਾਂ ਨਕਾਰਾ ਕਰ ਦਿਤਾ।

ਗੁਰੂ ਸਾਹਿਬਾਂ ਅਤੇ ਹੋਰ ਦੇਸ਼ ਭਗਤਾਂ ਦੀ ਸਿੱਖਿਆ ਤੋਂ ਉਨ੍ਹਾਂ ਕੁਝ ਨਾ ਸਿਖਿਆ। ਨਵੀਂ ਕਾਂਗਰਸ ਸਰਕਾਰ ਨੂੰ ਸੋਚਣਾ ਚਾਹੀਦਾ ਹੈ।

ਤੁਸੀਂ ਇਸ ਤਰ੍ਹਾਂ ਦੇ ਹੋਰ ਲੇਖ ਵੀ ਛਾਪਿਆ ਕਰੋ। ਮੈਂ ਵਾਹਿਗੁਰੂ ਅਗੇ ਅਰਦਾਸ ਕਰਦਾ ਹਾਂ ਤੁਹਾਡੇ ਪਰਚੇ ਨੂੰ ਅਤੇ ਤੁਹਾਡੀ ਲੇਖਣੀ ਨੂੰ ਬਲ ਬਖਸ਼ੇ।

ਕੈਨੇਡਾ ਦਰਪਣ ਦਾ ਪਾਠਕ
ਜਸਦਿਆਲ ਸਿੰਘ ਢਿਲੋਂ

ਪਿਆਰੇ ਸੰਪਾਦਕ ਸਾਹਿਬ ਜੀ,

ਸਤਿ ਸ੍ਰੀ ਅਕਾਲ।

ਮੈਂ 'ਕੈਨੇਡਾ ਦਰਪਣ' ਕਾਫ਼ੀ ਸਮੇਂ ਤੋਂ ਪੜ੍ਹ ਰਿਹਾ ਹਾਂ। ਜਿੰਨ੍ਹਾਂ ਵਿਚ ਮੈਂ ਇਕ ਖਾਸ ਗੱਲ ਇਹ ਨੋਟ ਕੀਤੀ ਹੈ ਕਿ ਤੁਸੀਂ ਜੋ ਐਡੀਟੋਰੀਅਲ ਲਿਖਦੇ ਹੋ, ਉਹ ਬੜੇ ਹੀ ਬਾਦਲੀਲ ਅਤੇ ਕਿਸੇ ਵਿਸ਼ੇਸ਼ ਮਸਲੇ ਨੂੰ ਮੁੱਖ ਰੱਖਕੇ ਲਿਖੇ ਹੁੰਦੇ ਹਨ। ਜਿਵੇਂ ਪਿਛਲੇ ਪਰਚੇ ਵਿਚ ਭਾਰਤ ਵਿਚ ਦੇ ਜਾਸੂਸੀ ਕਾਂਡ ਨਾਲ ਸੰਬੰਧਤ ਐਡੀਟੋਰੀਅਲ ਬੜਾ ਹੀ ਨਿੱਗਰ ਸੀ। ਭਾਰਤ ਸਰਕਾਰ ਦੀ ਨਲਾਇਕੀ ਅਤੇ ਉਚ ਅਧਿਕਾਰੀਆਂ ਦੀ ਗਦਾਰੀ, ਅਮਰੀਕਨ ਅਤੇ ਫਰਾਂਸੀਸੀ ਦੂਤ ਘਰਾਂ ਤੇ ਸੀ. ਆਈ. ਏ. ਦੇ ਭਾਰਤ ਨੂੰ ਟੁਕੜੇ ਟੁਕੜੇ ਕਰਨ ਦੇ ਮਨਸੂਬਿਆਂ ਨੂੰ ਨੰਗਾ ਕੀਤਾ ਹੈ।

ਮੈਂ ਤੁਹਾਡੇ ਐਡੀਟੋਰੀਅਲ ਲਈ ਤੁਹਾਨੂੰ ਮੁਬਾਰਕ ਦਿੰਦਾ ਹਾਂ ਅਤੇ ਤੁਹਾਡੀ ਸੂਝ-ਬੂਝ ਦੀ ਦਾਦ ਦਿੰਦਾ ਹਾਂ।

ਇਥੋਂ ਦੇ ਇਕ ਹੋਰ ਫਿਰਕੂ ਦੇ ਐਡੀਟੋਰੀਅਲਾਂ ਦੀ ਦੂਰ-ਦਰਸ਼ਤਾਂ ਲੌਂਡੂਵਾਲ ਤੋਂ ਪਰੇ ਨਹੀਂ ਜਾਂਦੀ। ਜਿਸ ਕੋਲ ਜੋ ਚੀਜ਼ ਹੁੰਦੀ ਹੈ ਉਹ ਹੀ ਉਸ ਨੇ ਪਰਦਰਸ਼ਤ ਕਰਨੀ ਹੁੰਦੀ ਹੈ। ਭਾਈ ਕੋਲ ਘਟੀਆ ਬੋਲੀ, ਗਾਲਾਂ, ਨਫਰਤ, ਫਿਰਕੂ ਜ਼ਹਿਰ ਤੇ ਹੋਰ ਜੋ ਕੁਝ ਗੈਰ ਮਨੁੱਖੀ ਹੈ, ਉਸ ਦਾ ਹੀ ਖਜ਼ਾਨਾ ਹੈ, ਉਹ ਹੀ ਉਸਨੇ ਐਡੀਟੋਰੀਅਲਾਂ ਵਿਚ ਦੇਣਾ ਹੁੰਦਾ ਹੈ। ਇਸ ਵਿਚ ਕੋਈ ਫਰਕ ਨਹੀਂ ਕਿ ਕਾਂ ਪਾਕਿਸਤਾਨ ਦਾ ਹੈ ਜਾਂ ਅਮਰੀਕਾ ਦਾ ਹੈ, ਉਸ ਭਰੜੀ ਆਵਾਜ਼ ਕੱਢਦਿਆਂ ਗੰਦ ਉਪਰ ਹੀ ਬੈਠਣਾ ਹੁੰਦਾ ਹੈ।

ਤੁਹਾਡੀ ਮਿਹਨਤ ਦੀ ਹਰ ਕੋਈ ਕਦਰ ਕਰਦਾ ਹੈ।

ਤੁਹਾਡਾ ਸ਼ੁਭਚਿੰਤਕ
ਕਰਤਾਰ ਸਿੰਘ ਸੇਖੋਂ

ਜਥੇਦਾਰ ਸਾਹਿਬ ਤੇ ਕਾਤਲਾਨਾ ਹਮਲਾ ਸਰਕਾਰ ਦੀ ਆਪਣੀ ਸਾਜ਼ਿਸ਼ ਹੈ

ਐਡੀਟਰ ਕੈਨੇਡਾ ਦਰਪਣ,

ਸਤਿ ਸ੍ਰੀ ਅਕਾਲ।

ਆਪ ਜੀ ਨੇ ਜਨਵਰੀ 23-29, 1985 ਵਾਲੇ ਪਰਚੇ ਸਫਾ 4 ਤੇ ਸੰਪਾਦਕੀ ਵਿਚ ਸਿੱਖਾਂ ਦੇ ਸ਼੍ਰੋਮਣੀ ਤਖਤ, ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਤੇ ਹੋਏ ਹਮਲੇ ਦਾ ਦੋਸ਼ ਰੀਤ ਅਨੁਸਾਰ, ਸਿਖ ਨੌਜਵਾਨਾਂ, ਜਿਨ੍ਹਾਂ ਨੂੰ ਤੁਸੀਂ ਸਮੇਂ ਸਮੇਂ ਅਤਿਵਾਦੀ, ਵੱਖਵਾਦੀ, ਬੰਦੂਕਧਾਰੀ, ਦਹਿਸ਼ਤਪਸੰਦ ਆਦਿਕ ਨਾਵਾਂ ਨਾਲ ਯਾਦ ਕਰਦੇ ਹੋ, ਸਿਰ ਮੜ੍ਹਿਆ ਹੈ। ਆਪ ਨੇ ਇਕ ਨੁਕਤੇ ਨੂੰ ਅਧਾਰ ਬਣਾ ਕੇ ਕਿ ਜਥੇਦਾਰ ਸਾਹਿਬ ਨੇ ਸ੍ਰੀ ਦਰਬਾਰ ਸਾਹਿਬ ਦੀ ਹੱਦ ਅੰਦਰ ਖਾਲਿਸਤਾਨ ਦਾ ਝੰਡਾ ਨਹੀਂ ਸੀ ਲਹਿਰਾਉਣ ਦਿਤਾ। ਇਸ ਕਰਕੇ ਇਹ ਹਮਲਾ ਸਿਖ ਨੌਜਵਾਨਾਂ ਨੇ ਹੀ ਕੀਤਾ ਹੈ। ਅਜਿਹਾ ਹੀ ਦੋਸ਼ ਪ੍ਰੇਮ ਭਾਟੀਏ (ਐਡੀਟਰ ਦੀ ਟ੍ਰਿਬਿਊਨ) ਨੇ ਸਿਖ ਨੌਜਵਾਨਾਂ ਤੇ ਲਾਇਆ ਹੈ।

ਆਪ ਜੀ ਨੂੰ ਇਸ ਬਾਰੇ ਗਿਆਨ ਹੈ ਕਿ ਪੰਜਾਬ ਦਾ ਚੱਪਾ ਚੱਪਾ ਮਿਲਟਰੀ, ਬਾਡਰ ਸਿਕਓਰਿਟੀ ਫੋਰਸ, ਕੇਂਦਰੀ ਰੀਜ਼ਰਵ ਪੁਲੀਸ ਅਤੇ ਪੰਜਾਬ ਪੁਲੀਸ ਨਾਲ ਵਿੰਨ੍ਹਿਆ ਪਿਆ ਹੈ। ਅਧੁਨਿਕ ਹਥਿਆਰਾਂ ਨਾਲ ਲੈਸ ਫੌਜੀ

(ਬਾਕੀ ਪੰਨਾ 13 ਤੇ)

ਸੰਪਾਦਕ ਕੈਨੇਡਾ ਦਰਪਣ

ਸਤਿ ਸ੍ਰੀ ਅਕਾਲ

ਇੰਡੋ ਕੈਨੇਡੀਅਨ ਅਖਬਾਰ ਵਿਚ ਲਗਾਤਾਰ ਸ੍ਰੀ ਗੁਰਚਰਨ ਰਾਮਪੁਰੀ ਦੀ ਬੇਇਜ਼ਤੀ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ! ਜੋ ਕਿ ਕਿਸੇ ਤਰ੍ਹਾਂ ਵੀ ਉਚਿਤ ਨਹੀਂ ਹੈ। ਇਕ ਪ੍ਰਸਿਧ ਪੰਜਾਬੀ ਕਵੀ ਦੇ ਵਿਰੁੱਧ ਊਝਾਂ ਉਸਦੀ ਹੇਠੀ ਕਰਨ ਦੇ ਇਰਾਦੇ ਨਾਲ ਹੀ ਲਾਈਆਂ ਜਾ ਰਹੀਆਂ ਹਨ।

ਮੈਂ ਇਕ ਦੋਸਤ ਦੇ ਘਰ ਬੈਠਾ ਸੀ ਉਥੇ ਤੁਹਾਡਾ ਇਸ ਹਫਤੇ ਦਾ ਕੈਨੇਡਾ ਦਰਪਣ ਵਿਚ ਤੁਹਾਡੇ ਵਲੋਂ "ਹਰਦੇਵ ਵੜੈਚ ਦੀ ਬੁਖਲਾਹਟ" ਨਾਂ ਦਾ ਲੇਖ ਪੜ੍ਹਿਆ। ਮੈਂ ਆਪਣੇ ਦੋਸਤ ਤੋਂ ਪੁਛਿਆ ਕਿ ਵੜੈਚ ਕੌਣ ਬੰਦਾ ਹੈ। ਉਹ ਦੋਸਤ ਕਵਿਤਾ ਕਹਾਣੀਆਂ ਪੜ੍ਹਨ ਦਾ ਸ਼ੌਕੀਨ ਹੈ ਲਿਖਦਾ ਤਾਂ ਉਹ ਕੁਝ ਨਹੀਂ। ਉਸਨੇ ਦੱਸਿਆ ਕਿ ਵੈਨਕੂਵਰ ਇਕ ਸਾਹਿਤ ਸਭਾ ਸੀ, ਹਰਦੇਵ ਉਸਦਾ ਸੈਕਟਰੀ ਸੀ, ਜਸਵੰਤ ਮਾਂਗਟ ਪ੍ਰਧਾਨ ਸੀ। ਸਭਾ ਦੇ ਮੈਂਬਰਾਂ ਚੋਣ ਸਮੇਂ ਇਨ੍ਹਾਂ ਨੂੰ ਬਦਲਣ ਦਾ ਇਰਾਦਾ ਕੀਤਾ ਤਾਂ ਇਨ੍ਹਾਂ ਨੇ ਚੋਣ ਮੀਟਿੰਗ ਵਿਚ ਆਪ ਹੁਦਰਾਪਨ ਦਿਖਾਇਆ ਤਾਂ ਸਾਰੇ ਲੇਖਕ ਸਭਾ ਚੋਂ ਵਾਕ ਆਊਟ ਕਰ ਗਏ। ਇਹ ਕੋਈ ਸਾਲ ਡੇਢ ਸਾਲ ਦੀ ਗੱਲ ਹੈ। ਤਾਂ ਵੈਨਕੂਵਰ ਦੇ ਲੇਖਕਾਂ ਨੇ ਵੈਨਕੂਵਰ ਲੇਖਕ ਮੰਚ ਨਾਂ ਦੀ ਸਭਾ ਬਣਾ ਲਈ। ਜਿਸਦੀ ਹਰ ਮਹੀਨੇ ਮੀਟਿੰਗ ਹੁੰਦੀ ਹੈ। ਉਸ ਵੇਲੇ ਤੋਂ ਹਰਦੇਵ ਵੜੈਚ ਦਾ ਸਭਾ ਦੇ ਦੋ ਹੀ ਮੈਂਬਰ ਪ੍ਰਧਾਨ ਤੇ ਸੈਕਟਰੀ ਹੀ ਰਹਿ ਗਏ ਹਨ।

ਤੁਸੀਂ ਵੀ ਵੈਨਕੂਵਰ ਦੇ ਲੇਖਕ ਹੋ। ਸਭ ਕੁਝ ਜਾਣਦੇ ਹੋਵੋਗੇ। ਇਸ ਲਈ ਤੁਸੀਂ ਹਰਦੇਵ ਵੜੈਚ ਬਾਰੇ ਤਾਂ ਦਸ ਹੀ ਦਿਤਾ। ਜੇ ਇਸ ਬਾਰੇ ਵੀ ਕੁਝ ਦੱਸ ਸਕੋ ਤਾਂ ਹੋਰਾਂ ਪਾਠਕਾਂ ਨੂੰ ਵੀ ਪਤਾ ਲੱਗ ਜਾਵੇਗਾ। ਜਾਂ ਕੋਈ ਹੋਰ ਲੇਖਕ ਜੇਕਰ ਇਸ ਉਪਰ ਚਾਨਣਾ ਪਾ ਸਕੇ ਤਾਂ ਸਾਡੇ ਵਰਗੇ ਨਵੇਂ ਪਾਠਕਾਂ ਨੂੰ ਵੀ ਪਤਾ ਚੱਲ ਜਾਵੇ

ਆਪਦਾ ਪਾਠਕ
ਤੀਰਥ ਸਿੰਘ ਵੈਨਕੂਵਰ

ਸੰਪਾਦਕ ਦਰਪਣ,

ਅਸੀਂ ਇਹ ਖਤ ਇੰਡੋ-ਕੈਨੇਡੀਅਨ (Vol. 8 No. 5 ਸਫਾ 12) ਵਿਚ ਕਿਸੇ ਗੁਰਦੇਵ ਸਿੰਘ ਸਿੱਧੂ ਵਲੋਂ ਵੈਨਕੂਵਰ ਸੱਥ ਦੇ ਖਿਲਾਫ ਲਿਖੇ ਇਕ ਖਤ ਦੇ ਸਬੰਧ ਵਿਚ ਲਿਖ ਰਹੇ ਹਾਂ। ਇਹ ਖਤ ਦਰਪਣ ਨੂੰ ਅਸੀਂ ਇਸ ਲਈ ਲਿਖ ਰਹੇ ਹਾਂ ਕਿਉਂਕਿ ਇੰਡੋ-ਕੈਨੇਡੀਅਨ ਨੇ ਵੈਨਕੂਵਰ ਸੱਥ ਦੀਆਂ ਰਚਨਾਵਾਂ ਛਾਪਣ ਤੋਂ ਨਾਂਹ ਕਰ ਰੱਖੀ ਹੈ। ਪਰ ਅਫਸੋਸ ਦੀ ਗੱਲ ਹੈ ਕਿ ਸਾਡੇ ਖਿਲਾਫ ਇਹੋ ਜਿਹੇ ਖਤ ਛਾਪਣੋਂ ਉਹ ਫੇਰ ਵੀ ਨਹੀਂ ਹਟਿਆ। ਪਤਰਕਾਰੀ ਦੇ ਇਹ ਕਿਹੋ ਜਿਹੇ ਅਸੂਲ ਹਨ - ਸਮਝ ਨਹੀਂ ਆਉਂਦੀ।

ਗੁਰਦੇਵ ਸਿੰਘ ਨੇ ਆਪਣੇ ਖਤ ਵਿਚ ਸੱਥ ਉਪਰ ਇਹ ਇਲਜ਼ਾਮ ਲਾਇਆ ਹੈ ਕਿ ਇਸ ਨੇ ਸਿੱਖਾਂ ਵਿਰੁੱਧ ਡਰਾਮਾ ਕੀਤਾ ਹੈ ਤੇ ਉਹ ਡਰਾਮਾ ਸਰੀ ਟੀ. ਵੀ. ਤੇ ਵੀ ਦਿਖਾਇਆ ਗਿਆ। ਅਸੀਂ ਇਸ ਸਖਸ਼ ਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਜਿਸ ਡਰਾਮੇ ਦੀ ਇਹ ਗੱਲ ਕਰ ਰਹੇ ਹਨ ਵੈਨਕੂਵਰ ਸੱਥ ਨੇ ਉਹ ਡਰਾਮਾ ਕਦੇ ਨਹੀਂ ਕੀਤਾ। ਨਾ ਹੀ ਅੱਜ ਤੱਕ ਸੱਥ ਵਲੋਂ ਕੀਤਾ ਕੋਈ ਡਰਾਮਾ ਸਰੀ ਟੀ. ਵੀ. ਤੇ ਦਿਖਾਇਆ ਗਿਆ ਹੈ। ਸੱਥ ਨੇ ਹੁਣ ਤੱਕ ਜਿੰਨੇ ਡਰਾਮੇ ਕੀਤੇ ਹਨ ਉਹਨਾਂ ਬਾਰੇ ਹਰ ਕਿਸੇ ਨਾਲ ਹਰ ਤਰ੍ਹਾਂ ਦੀ ਗੱਲਬਾਤ ਕਰਨ ਲਈ ਤਿਆਰ ਹਾਂ। ਜਿਹੜੇ ਡਰਾਮੇ ਅਸੀਂ ਕੀਤੇ ਹਨ ਉਹਨਾਂ ਨੂੰ ਅਸੀਂ ਹਰ ਤਰਾਂ ਠੀਕ ਸਮਝਦੇ ਹਾਂ ਅਤੇ ਉਹਦੇ ਲਈ ਅਸੀਂ ਕਿਸੇ ਤੋਂ ਡਰਦੇ ਨਹੀਂ। ਅਸੀਂ ਗੁਰਦੇਵ ਸਿੰਘ ਹੋਰਾਂ ਨੂੰ ਸੁਲਾਹ ਦੇਵਾਂਗੇ (ਅਸੀਂ ਫੋਨ-ਬੁੱਕ ਚੋਂ ਇਹਨਾਂ ਦਾ ਫੋਨ ਵੀ ਲੱਭਣ ਦੀ ਕੋਸ਼ਿਸ਼ ਕੀਤੀ ਪਰ ਮਿਲਿਆ ਨਹੀਂ) ਕਿ ਉਹ ਸਾਡੇ ਡਰਾਮੇ ਦੇਖਣ ਤੇ ਜੇ ਉਹਨਾਂ ਨੂੰ ਉਹ ਪਸੰਦ ਨਾ ਹੋਣ ਤਾਂ ਉਹ ਜ਼ਰੂਰ ਉਹਦੀ ਅਲੋਚਨਾ ਕਰ ਸਕਦੇ ਹਨ। ਉਹਨਾਂ ਨੂੰ ਚਾਹੀਦਾ ਸੀ ਕਿ ਖਤ ਲਿਖਣ ਤੋਂ ਪਹਿਲਾਂ ਇਹ ਪਤਾ ਕਰ ਲੈਂਦੇ ਕਿ ਡਰਾਮਾ ਕੀਹਨੇ ਕੀਤਾ ਸੀ ਤੇ ਕਿਹੜੇ ਪ੍ਰੋਗਰਾਮ ਵਿਚ ਕੀਤਾ ਸੀ। ਉਨ੍ਹਾਂ ਦੀ ਜਾਣਕਾਰੀ ਲਈ ਦੱਸਣਾ ਚਾਹੁੰਦੇ ਹਾਂ ਕਿ ਜਿਸ ਪ੍ਰੋਗਰਾਮ ਵਿਚ ਇਹ ਡਰਾਮਾ ਕੀਤਾ ਗਿਆ ਸੀ ਉਹ ਡੈਲਟਾ ਵਿਚ ਹੋਇਆ ਸੀ। ਪ੍ਰੋਗਰਾਮ ਦਾ ਪ੍ਰਬੰਧ ਕਰਨ ਵਾਲੇ ਮੋਢੀਆਂ ਵਿਚੋਂ ਇਕ ਸੱਜਣ ਉਹ ਸਨ ਜਿਹਨਾਂ ਪਿਛੇ ਜਿਹੇ ਸਰੀ ਗੁਰਦੁਆਰੇ ਲਈ ਪ੍ਰਧਾਨਗੀ ਦੀ ਇਲੈਕਸ਼ਨ ਲੜੀ ਸੀ ਪਰ ਕਾਮਯਾਬ ਨਹੀਂ ਹੋਏ। ਤੇ ਜੇ ਗੁਰਦੇਵ ਸਿੰਘ ਹੋਰਾਂ ਨੂੰ ਹੋਰ ਜਾਣਕਾਰੀ ਚਾਹੀਦੀ ਹੋਵੇ ਤਾਂ ਗਿਆਨੀ ਕੇਸਰ ਸਿੰਘ ਹੋਰਾਂ ਨੂੰ ਪੁੱਛ ਸਕਦੇ ਹਨ ਕਿਉਂਕਿ ਉਹ ਪ੍ਰੋਗਰਾਮ ਨੂੰ ਆਰੰਭ ਕਰਨ ਦੀ ਰਸਮ ਗਿਆਨੀ ਹੋਰੀਂ ਵਿਸਾਖੀ ਦੀ ਮਹੱਤਤਾ ਦੱਸ ਕੇ ਤੇ ਕਵਿਤਾ ਪੜ੍ਹ ਕੇ ਕੀਤੀ ਸੀ। ਉਸ ਪ੍ਰੋਗਰਾਮ ਵਿਚ ਕੀਤਾ ਹੋਇਆ ਡਰਾਮਾ ਬਾਅਦ ਵਿਚ ਟੀ. ਵੀ. ਤੇ ਦਿਖਾਇਆ ਗਿਆ। ਵੈਨਕੂਵਰ ਸੱਥ ਨਾਲ ਉਸ ਡਰਾਮੇ ਦਾ ਜਾਂ ਉਸ ਪ੍ਰੋਗਰਾਮ ਦਾ ਕੋਈ ਸਬੰਧ ਨਹੀਂ। ਗੁਰਦੇਵ ਸਿੰਘ ਹੋਰਾਂ ਨੂੰ ਚਾਹੀਦਾ ਹੈ ਕਿ ਆਪਣੀ ਗਲਤੀ ਦਾ ਅਹਿਸਾਸ ਕਰਨ। ਜਿਹੋ ਜਿਹੀ ਘਟੀਆ ਬੋਲੀ ਵਿਚ ਸਾਡੇ ਉਪਰ ਉਹਨਾਂ ਨੇ ਬਿਲਕੁਲ ਝੂਠੀ ਤੋਹਮਤ ਲਾਈ ਹੈ ਉਹਦੇ ਲਈ ਉਹਨਾਂ ਨੂੰ ਕਾਨੂੰਨੀ ਤੌਰ 'ਤੇ ਵੀ ਨੁਕਸਾਨ ਹੋ ਸਕਦਾ ਹੈ।

ਨਾਲ ਹੀ ਅਸੀਂ ਇਕ ਦੋ ਗੱਲਾਂ ਉਤੇ ਇੰਡੋ-ਕੈਨੇਡੀਅਨ ਨੂੰ ਵੀ ਦੱਸਣਾ ਚਾਹੁੰਦੇ ਹਾਂ, ਸਭ ਤੋਂ ਪਹਿਲੀ ਗੱਲ ਤਾਂ ਇਹੋ ਕਿ ਜਦ ਪੇਪਰ ਨੇ ਵੈਨਕੂਵਰ ਸੱਥ ਦੀ ਕੋਈ ਵੀ ਚੀਜ਼ ਤਰੋੜੇ ਮਰੋੜੇ ਬਿਨਾਂ ਛਾਪਣ ਤੋਂ ਇਨਕਾਰ ਕਰ ਰੱਖਿਆ ਹੈ ਤਾਂ ਫਿਰ ਸੱਥ ਦੇ ਖਿਲਾਫ ਆਏ ਖਤ ਕਿਉਂ ਛਾਪੇ ਜਾ ਰਹੇ ਹਨ। ਜੇ ਸਾਡੀਆਂ ਰਚਨਾਵਾਂ ਜਾਂ ਸਾਡੇ ਵਲੋਂ ਦਿਤੇ ਇਹੋ ਜਿਹੇ ਖਤਾਂ ਦੇ ਜਵਾਬ ਛਾਪਣ ਦੀ ਹਿੰਮਤ ਨਹੀਂ ਤਾਂ ਸਾਡੇ ਖਿਲਾਫ ਲਿਖਿਆ ਵੀ ਕੁਝ ਨਾ ਛਾਪਿਆ ਜਾਵੇ। ਤੁਸੀਂ ਜੋ ਪੱਤਰਕਾਰੀ ਦੇ ਅਸੂਲਾਂ ਬਾਰੇ ਇਨੀਆਂ ਲੰਮੀਆਂ ਫਿਲਾਸਫੀਆਂ ਝਾੜਦੇ ਰਹਿੰਦੇ ਹੋ ਕੀ ਉਹਨਾਂ ਮੁਤਾਬਕ ਇਹ ਠੀਕ ਹੈ? ਸਾਡੇ ਖਿਆਲ ਵਿਚ ਇਹ ਪਤਰਕਾਰੀ ਦੀ ਸ਼ਰੇਆਮ ਗਲਤ ਵਰਤੋਂ ਹੈ। ਨਾਲ ਹੀ ਅਸੀਂ ਇਹ ਵੀ ਦੱਸ ਦੇਣਾ ਚਾਹੁੰਦੇ ਹਾਂ ਕਿ ਪਿਛਲੇ ਕੁਝ ਮਹੀਨਿਆਂ ਵਿਚ ਇੰਡੋ-ਕੈਨੇਡੀਅਨ ਨੇ ਵੈਨਕੂਵਰ ਸੱਥ ਵਿਰੁੱਧ ਕਈ ਕੁਝ ਵਾਧੂ ਘਾਟੂ ਲਿਖਿਆ ਹੈ। ਇਸ ਕਿਸਮ ਦੀ ਘਟੀਆ ਪਤਰਕਾਰੀ ਵਿਚ ਪੈਣ ਨੂੰ ਅਸੀਂ ਸਮੇਂ ਦੀ ਬਰਬਾਦੀ ਸਮਝਦੇ ਹਾਂ।

ਵਲੋਂ
ਵੈਨਕੂਵਰ ਸੱਥ

ਕੈਨੇਡਾ ਦਰਪਣ

ਸੈਸ਼ਨ ਜੱਜ ਵਲੋਂ ਮੈਜਿਸਟਰੇਟ ਦੇ ਫੈਸਲੇ ਉਤੇ ਰੋਕ

ਨਵੀਂ ਦਿੱਲੀ — ਐਡੀਸ਼ਨਲ ਜੱਜ ਸ੍ਰੀ ਮਹੇਸ਼ ਚੰਦਰ ਨੇ ਸਨਸਨੀਖੇਜ਼ ਜਾਸੂਸੀ ਕੇਸ ਦੇ ਸਬੰਧ ਵਿਚ ਹਿਰਾਸਤ ਵਿਚ ਲਏ ਗਏ ਵਿਅਕਤੀਆਂ ਨੂੰ ਆਪਣੇ ਵਕੀਲਾਂ ਅਤੇ ਰਿਸ਼ਤੇਦਾਰਾਂ ਨੂੰ ਮਿਲਣ ਦੀ ਇਜਾਜ਼ਤ ਦੇਣ ਸਬੰਧੀ ਮੈਜਿਸਟਰੇਟ ਦੇ ਆਦੇਸ਼ 'ਤੇ ਰੋਕ ਲਗਾ ਦਿਤੀ ਹੈ। ਗ੍ਰਿਫਤਾਰ ਕੀਤੇ ਗਏ ਵਿਅਕਤੀ ਇਨ੍ਹੀਂ ਦਿਨੀਂ ਅਦਾਲਤੀ ਹਿਰਾਸਤ ਵਿਚ ਹਨ।

ਐਡੀਸ਼ਨਲ ਚੀਫ ਮੈਟਰੋਪੋਲੀਟਨ ਮੈਜਿਸਟਰੇਟ ਸ੍ਰੀ ਭਾਰਤ ਭੂਸ਼ਨ ਨੇ ਇਨ੍ਹਾਂ ਵਿਅਕਤੀਆਂ ਨੂੰ ਪੁਲੀਸ ਦੀ ਹਾਜ਼ਰੀ ਵਿਚ ਆਪਣੇ ਵਕੀਲਾਂ ਅਤੇ ਰਿਸ਼ਤੇਦਾਰਾਂ ਨੂੰ ਮਿਲਣ ਦੀ ਇਜਾਜ਼ਤ ਦੇ ਦਿਤੀ ਸੀ। ਇਸ 'ਤੇ ਇਤਰਾਜ਼ ਉਠਾਉਂਦਿਆਂ ਵਿਸ਼ੇਸ਼ ਸਰਕਾਰੀ ਵਕੀਲ ਸ੍ਰੀ ਬੀ. ਆਰ. ਹਾਂਡਾ ਨੇ ਆਪਣੀ ਪਟੀਸ਼ਨ ਵਿਚ ਸ਼ਿਕਾਇਤ ਕੀਤੀ ਸੀ ਕਿ ਸ੍ਰੀ ਭਾਰਤ ਭੂਸ਼ਨ ਵਲੋਂ ਜਾਰੀ ਕੀਤੇ ਗਏ ਆਦੇਸ਼ ਪੰਜਾਬ ਜੇਲ੍ਹ ਮੈਨੂਅਲ ਰੂਲਜ਼ ਅਨੁਸਾਰ ਨਹੀਂ ਹਨ ਜਿਸ ਵਿਚ ਅਜਿਹੀ ਹਾਲਤ ਵਿਚ ਕਿਸੇ ਨੂੰ ਮਿਲਣ ਦੀ ਇਜਾਜ਼ਤ ਦੇਣ ਦੀਆਂ ਸ਼ਕਤੀਆਂ ਕੇਵਲ ਜੇਲ੍ਹ ਸੁਪਰਡੈਂਟ ਕੋਲ ਹੀ ਹੁੰਦੀਆਂ ਹਨ। ਸਰਕਾਰੀ ਵਕੀਲ ਨੇ ਇਹ ਵੀ ਸ਼ਿਕਾਇਤ ਕੀਤੀ ਸੀ ਕਿ ਐਡੀਸ਼ਨਲ ਚੀਫ ਮੈਟਰੋਪੋਲੀਟਨ ਮੈਜਿਸਟਰੇਟ ਦਾ ਉਹ ਫੈਸਲਾ ਸਾਰੇ ਮਾਮਲੇ ਸਬੰਧੀ ਜਾਂਚ ਪੜਤਾਲ ਦੇ ਕੰਮ ਲਈ ਵੀ ਰੁਕਾਵਟ ਪੈਦਾ ਕਰ ਸਕਦਾ ਸੀ ਕਿਉਂਕਿ ਹਿਰਾਸਤ ਵਿਚ ਲਏ ਗਏ ਵਿਅਕਤੀ ਆਪਣੇ ਸਬੰਧੀਆਂ ਅਤੇ ਆਪਣੇ ਵਕੀਲਾਂ ਨਾਲ ਮੁਲਾਕਾਤ ਸਮੇਂ ਅਹਿਮ ਸੂਚਨਾ ਉਨ੍ਹਾਂ ਦੇ ਹਵਾਲੇ ਕਰ ਸਕਦੇ ਸਨ ਜੋ ਕਿ ਦੇਸ਼ ਦੇ ਹਿਤਾਂ ਲਈ ਹਾਨੀਕਾਰਕ ਹੋ ਸਕਦੀ ਸੀ।

ਪਟੀਸ਼ਨ ਵਿਚ ਅੱਗੇ ਆਖਿਆ ਗਿਆ ਸੀ ਕਿ ਇਸਤਗਾਸੇ ਦਾ ਇਹ ਪੂਰਨ ਅਧਿਕਾਰ ਹੈ ਕਿ ਉਹ ਸਾਰੇ ਕੇਸ ਦੇ ਮਾਮਲੇ ਵਿਚ ਸੁਤੰਤਰ ਜਾਂਚ-ਪੜਤਾਲ ਦੀ ਉਮੀਦ ਰੱਖੇ ਅਤੇ ਦੋਸ਼ੀ ਗਰਦਾਨੇ ਜਾਣ ਵਾਲੇ ਵਿਅਕਤੀਆਂ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਕਚਹਿਰੀ ਦੇ ਅਜਿਹੇ ਆਦੇਸ਼ ਦੀ ਆੜ ਵਿਚ ਜਾਂਚ-ਪੜਤਾਲ ਦੇ ਕੰਮ ਵਿਚ ਰੁਕਾਵਟ ਪਾਉਣ ਦੀ ਇਜਾਜ਼ਤ ਨਹੀਂ ਦਿਤੀ ਜਾ ਸਕਦੀ।

ਐਡੀਸ਼ਨਲ ਜੱਜ ਸ੍ਰੀ ਮਹੇਸ਼ ਚੰਦਰ ਨੇ ਜਾਸੂਸੀ ਦੇ ਕੇਸ ਵਿਚ ਗ੍ਰਿਫਤਾਰ ਕੀਤੇ ਗਏ 15 ਵਿਅਕਤੀਆਂ ਦੇ ਵਕੀਲਾਂ ਨੂੰ ਨੋਟਿਸ ਜਾਰੀ ਕਰ ਦਿਤਾ ਹੈ। ਇਸ ਨੋਟਿਸ ਵਿਚ ਪੁੱਛਿਆ ਗਿਆ ਹੈ ਕਿ ਇਸਤਗਾਸੇ ਵਲੋਂ ਐਡੀਸ਼ਨਲ ਚੀਫ ਮੈਟਰੋਪਲੀਟਨ ਮੈਜਿਸਟਰੇਟ ਸ੍ਰੀ ਭਾਰਤ ਭੂਸ਼ਨ ਦੇ ਜਿਸ ਆਦੇਸ਼ ਵਿਚ ਸੋਧ ਦੀ ਮੰਗ ਕਰਨ ਲਈ ਪਟੀਸ਼ਨ ਪੇਸ਼ ਕੀਤੀ ਹੈ ਉਸ ਨੂੰ ਦਾਖਲ ਕਿਉਂ ਨਾ ਕਰ ਲਿਆ ਜਾਵੇ ਇਸੇ ਦੌਰਾਨ ਜਾਸੂਸੀ ਕੇਸ 'ਚ ਪਕੜੇ ਗਏ ਲੋਕਾਂ ਵਿਚੋਂ ਤਿੰਨ ਹੋਰਨਾਂ ਨੇ ਵੀ ਭਾਰਤੀ ਦੰਡ ਵਿਧਾਨ ਦੀ ਧਾਰਾ 164 ਦੇ ਤਹਿਤ ਜਾਸੂਸੀ ਕਾਂਡ ਵਿਚ ਆਪਣੇ ਰੋਲ ਦੇ ਸਬੰਧ ਵਿਚ ਇਕਬਾਲੀਆ ਬਿਆਨ ਰਿਕਾਰਡ ਕਰਵਾਉਣ ਦੀ ਖਾਹਿਸ਼ ਪ੍ਰਗਟ ਕੀਤੀ ਹੈ। ਇਨ੍ਹਾਂ ਵਿਚ ਕੇ. ਕੇ. ਮਲਹੋਤਰਾ ਅਤੇ ਅਮਰੀਕ ਲਾਲ - ਦੋਵੇਂ ਪ੍ਰਧਾਨ ਮੰਤਰੀ ਦੇ ਸਕੱਤਰੇਤ ਦੇ ਸਾਬਕਾ ਮੁਲਾਜ਼ਮ ਹਨ ਅਤੇ ਐਚ. ਐਨ. ਚਤਰਵੇਦੀ ਨਾਂ ਦਾ ਤੀਸਰਾ ਵਿਅਕਤੀ ਕੇਂਦਰੀ ਵਣਜ ਮੰਤਰਾਲੇ ਦਾ ਸਾਬਕਾ ਮੁਲਾਜ਼ਮ ਹੈ। ਇਹ ਤਿੰਨੇ ਮੁਲਾਜ਼ਮ ਤਿਹਾੜ ਸੈਂਟਰਲ ਜੇਲ੍ਹ ਵਿਚ ਨਜ਼ਰਬੰਦ ਹਨ ਅਤੇ ਇਨ੍ਹਾਂ ਨੇ ਇਕਬਾਲੀਆ ਬਿਆਨ ਰਿਕਾਰਡ ਕਰਵਾਉਣ ਲਈ ਆਪਣੀ ਖਾਹਿਸ਼ ਬਾਰੇ ਅਰਜ਼ੀ ਐਡੀਸ਼ਨਲ ਚੀਫ ਮੈਟਰੋਪੋਲੀਟਨ ਮੈਜਿਸਟਰੇਟ ਸ੍ਰੀ ਭਾਰਤ ਭੂਸ਼ਨ ਅੱਗੇ ਪੇਸ਼ ਕੀਤੀ ਹੈ।

ਇਨ੍ਹਾਂ ਤਿੰਨਾਂ ਵਿਅਕਤੀਆਂ ਨਾਲ ਇਕਬਾਲੀਆ ਬਿਆਨ ਰਿਕਾਰਡ ਕਰਵਾਉਣ ਵਾਲੇ ਵਿਅਕਤੀਆਂ ਦੀ ਗਿਣਤੀ 10 ਤੱਕ ਪਹੁੰਚ ਗਈ ਹੈ। ਇਨ੍ਹਾਂ ਵਿਚੋਂ ਜਾਸੂਸੀ ਦਾ ਮੁਖ ਦੋਸ਼ੀ ਕੁਮਾਰ ਨਰਾਇਣ, ਐਸ. ਸੰਕਰਨ ਅਤੇ ਅਸ਼ੋਕ ਕੁਮਾਰ ਪਹਿਲਾਂ ਹੀ ਆਪਣੇ ਅਜਿਹੇ ਬਿਆਨ ਰਿਕਾਰਡ ਕਰਵਾ ਚੁੱਕੇ ਹਨ।

ਐਡੀਸ਼ਨਲ ਚੀਫ ਮੈਟਰੋਪੋਲੀਟਨ ਮੈਜਿਸਟਰੇਟ ਸ੍ਰੀ ਭਾਰਤ ਭੂਸ਼ਨ ਨੇ ਮਲਹੋਤਰਾ, ਲਾਲ ਅਤੇ ਚਤੁਰਵੇਦੀ ਇਨ੍ਹਾਂ ਤਿੰਨਾਂ ਹੀ ਵਿਅਕਤੀਆਂ ਦੇ ਇਕਬਾਲੀਆ ਬਿਆਨ ਰਿਕਾਰਡ ਕਰਨ ਦੀ ਜ਼ਿੰਮੇਂਵਾਰੀ ਮੈਟਰੋਪੋਲੀਟਨ ਮੈਜਿਸਟਰੇਟ ਸ੍ਰੀ ਕੇ. ਸ. ਲੋਹੀਆਂ ਨੂੰ ਸੌਂਪ ਦਿਤੀ ਹੈ।

ਪੁਲੀਸ ਰਵਾਨਾ

ਏਜੰਸੀ ਦੀ ਇਕ ਹੋਰ ਖਬਰ ਅਨੁਸਾਰ ਦਿੱਲੀ ਪੁਲੀਸ ਇਸ ਸਨਸਨੀਖੇਜ਼ ਜਾਸੂਸੀ ਕੇਸ ਦੇ ਸਬੰਧ ਵਿਚ ਯੋਗੇਸ਼ ਮਾਣਕ ਲਾਲ ਨਾਂ ਦੇ ਵਿਅਕਤੀ ਨੂੰ ਗ੍ਰਿਫਤਾਰ ਕਰਨ ਲਈ ਬੰਬਈ ਵਲ ਰਵਾਨਾ ਹੋ ਗਈ ਹੈ। ਇਸ ਆਦਮੀ ਦਾ ਨਾਂ ਜਾਸੂਸੀ ਕਾਂਡ ਦੇ ਮੁਖ ਕਥਿਤ ਦੋਸ਼ੀ ਕੁਮਾਰ ਨਰਾਇਣ ਵਲੋਂ ਆਪਣੇ ਇਕਬਾਲੀਆ ਬਿਆਨ ਵਿਚ ਲਿਆ ਗਿਆ ਸੀ।

ਇਹ ਮਾਣਕ ਲਾਲ, ਐਸ. ਐਮ. ਐਲ. ਮਾਣਕ ਲਾਲ ਨਾਂ ਦੀ ਉਸ ਕੰਪਨੀ ਦੇ ਡਾਇਰੈਕਟਰਾਂ ਵਿਚੋਂ ਇਕ ਹੈ ਜਿਸਦੀ ਕਿ ਕੁਮਾਰ ਨਰਾਇਣ ਦਿੱਲੀ ਵਿਚ ਪ੍ਰਤੀਨਿਧਤਾ ਕਰਦਾ ਰਿਹਾ ਸੀ।

ਇਕਬਾਲੀਆ ਬਿਆਨ

ਪ੍ਰਧਾਨ ਮੰਤਰੀ ਦੇ ਸਕੱਤਰੇਤ 'ਚ ਕੰਮ ਕਰਨ ਵਾਲੇ ਕਲਰਕ ਸਵਾਮੀਨਾਥ ਰਾਮ ਨੇ ਮੈਟਰੋਪੋਲੀਟਨ ਮੈਜਿਸਟਰੇਟ ਅਗੇ ਰਿਕਾਰਡ ਕਰਵਾਏ ਆਪਣੇ ਇਕਬਾਲੀਆ ਬਿਆਨ ਵਿਚ ਇਹ ਗੱਲ ਸਵੀਕਾਰ ਕੀਤੀ ਹੈ ਕਿ ਉਹ ਪਿਛਲੇ ਦੋ ਵਰ੍ਹਿਆਂ ਤੋਂ ਕੁਮਾਰ ਨਰਾਇਣ ਨੂੰ ਅਹਿਮ ਦਸਤਾਵੇਜ਼ ਸਪਲਾਈ ਕਰਦਾ ਆ ਰਿਹਾ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਕੁਮਾਰ ਨਰਾਇਣ ਨਾਲ ਉਸ ਦਾ ਸੰਪਰਕ ਪ੍ਰਧਾਨ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਸ੍ਰੀ ਪੀ. ਸੀ. ਅਲੈਗਜ਼ੈਂਡਰ ਦੇ ਨਿਜੀ ਸਹਾਇਕ ਪੀ. ਗੋਪਾਲਨ ਵਲੋਂ ਕਰਵਾਇਆ ਗਿਆ ਸੀ।

ਰਾਜੀਵ ਗਾਂਧੀ ਦਾ ਦੋਸ਼

ਨਵੀਂ ਦਿੱਲੀ: (ਪੀ. ਟੀ. ਆਈ., ਯੂ. ਐਨ. ਆਈ.) ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕਿਹਾ ਹੈ ਕਿ ਵਿਦੇਸ਼ੀ ਮੁਲਕਾਂ ਵਿਚ ਰਹਿ ਰਹੇ ਕੁਝ ਸਿੱਖ ਪੰਜਾਬ ਸਮੱਸਿਆ ਦੀ ਜੜ੍ਹ ਹਨ।

ਦੋ ਬਰਤਾਨਵੀ ਤੇ ਇਕ ਅਮਰੀਕੀ ਟੈਲੀਵੀਜਨ ਕੰਪਨੀਆਂ — ਬੀ. ਬੀ. ਸੀ. (ਲੰਡਨ), ਐਨ. ਬੀ. ਸੀ. (ਲੰਡਨ) ਤੇ ਏ. ਬੀ. ਸੀ. (ਵਾਸ਼ਿੰਗਟਨ) ਨਾਲ ਵੱਖੋ ਵੱਖਰੇ ਇੰਟਰਵਿਊਜ਼ ਵਿਚ ਸ੍ਰੀ ਗਾਂਧੀ ਨੇ ਵਿਚਾਰ ਪ੍ਰਗਟ ਕੀਤਾ ਹੈ ਕਿ ਜੇਕਰ ਉਹ ਦੇਸ਼, ਜਿਨ੍ਹਾ ਵਿਚ ਉਕਤ ਸਿੱਖ ਰਹਿੰਦੇ ਹਨ, ਭਾਰਤ ਨਾਲ ਸਹਿਯੋਗ ਕਰਨ ਤਾਂ ਪੰਜਾਬ ਵਿਚ ਦਹਿਸ਼ਤਪਸੰਦੀ ਨੂੰ ਠੱਲ੍ਹ ਪਾਈ ਜਾ ਸਕਦੀ ਹੈ।

ਇਹ ਤਿੰਨੋ ਇੰਟਰਵਿਊ ਉਪਗ੍ਰਹਿਆਂ ਰਾਹੀਂ ਰਿਕਾਰਡ ਕੀਤੇ ਗਏ। ਪੰਜਾਬ ਮਸਲੇ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਮਸਲੇ ਨੂੰ ਸੁਲਝਾਉਣ ਦੀ ਦਿਸ਼ਾ ਵੱਲ ਸਰਕਾਰ ਨੇ ਕੁਝ ਪੇਸ਼ਕਦਮੀ ਕੀਤੀ ਹੈ। ਸਰਕਾਰ ਵਲੋਂ ਚੁਕੇ ਗਏ ਕਦਮਾਂ ਦੀ ਹੋਰ ਜਾਣਕਾਰੀ ਦੇਣਾ ਫਿਲਹਾਲ ਵਾਜਬ ਨਹੀਂ ਹੋਵੇਗਾ।

ਸ੍ਰੀ ਗਾਂਧੀ ਅਨੁਸਾਰ ਭਾਰਤ ਵਿਚ ਰਹਿੰਦੇ ਸਿੱਖ ਸਮੱਸਿਆ ਦੀ ਜੜ੍ਹ ਨਹੀਂ, ਸਗੋਂ ਸਿੱਖ ਸਮੱਸਿਆ ਤਾਂ ਉਨ੍ਹਾਂ ਕੁਝ ਕੁ ਸਿੱਖਾਂ ਨੇ ਪੈਦਾ ਕੀਤੀ ਹੈ ਜਿਹੜੇ ਭਾਰਤ ਤੋਂ ਬਾਹਰ ਰਹਿ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਨ੍ਹਾਂ ਸਿੱਖਾਂ ਦੀਆਂ ਕਾਰਵਾਈਆਂ ਨੂੰ ਠੱਲ੍ਹ ਪਾਉਣ ਲਈ ਸਬੰਧਤ ਦੇਸ਼ਾਂ ਨਾਲ ਸੰਪਰਕ ਕੀਤਾ ਹੈ। ਉਨ੍ਹਾਂ ਅਨੁਸਾਰ, "ਅਸੀਂ ਇਨ੍ਹਾਂ ਦੇਸ਼ਾਂ ਤੋਂ ਸਹਿਯੋਗ ਚਾਹੁੰਦੇ ਹਾਂ, ਪਰ ਇਹ ਦੇਸ਼ ਉਹ ਕੁਝ ਨਹੀਂ ਕਰ ਰਹੇ ਜਿਹੜਾ ਦਹਿਸ਼ਤਪਸੰਦੀ ਨੂੰ ਨੱਥ ਪਾ ਸਕਦਾ ਹੋਵੇ।"

ਸਰਕਾਰ ਨੇ ਜਨਰਲ ਜ਼ਿਆ ਦੇ ਇਸ ਸੰਕੇਤ ਨੂੰ "ਚੰਗਾ ਕਦਮ" ਦਸਿਆ ਕਿ ਪੰਜਾਬ ਸਰਕਾਰ ਭਾਰਤੀ ਹਵਾਈ ਜਹਾਜ਼ ਦੇ ਅਗਵਾਕਾਰਾਂ 'ਤੇ ਛੇਤੀ ਹੀ ਮੁਕੱਦਮਾ ਚਲਾਏਗੀ। ਉਨ੍ਹਾਂ ਕਿਹਾ ਕਿ ਇਹ ਕਦਮ ਭਾਰਤ-ਪਾਕਿ ਸਬੰਧਾਂ ਨੂੰ ਸੁਖਾਵਾਂ ਬਨਾਉਣ ਵਿਚ ਸਹਾਈ ਸਾਬਤ ਹੋਵੇਗਾ।

ਪਰ ਨਾਲ ਹੀ ਉਨ੍ਹਾਂ ਇਹ ਕਿਹਾ ਕਿ ਪਾਕਿਸਤਾਨ ਸਰਕਾਰ ਨੇ ਅਜੇ ਤਕ ਅਗਵਾਕਾਰਾਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ ਹਾਲਾਂ ਕਿ ਉਹ ਪਿਛਲੇ ਚਾਰ ਸਾਲਾਂ ਤੋਂ ਪਾਕਿਸਤਾਨ ਵਿਚ ਹਨ।

ਇਕ ਸਵਾਲ ਦੇ ਜਵਾਬ ਵਿਚ ਸ੍ਰੀ ਗਾਂਧੀ ਨੇ ਕਿਹਾ ਕਿ ਪੱਛਮੀ ਅਖਬਾਰਾਂ ਵਿਚ ਛਪੀਆ ਖਬਰਾਂ ਅਤੇ ਭਾਰਤ ਸਰਕਾਰ ਦੀ ਆਪਣੀ ਜਾਣਕਾਰੀ ਤੋਂ ਇਹ ਸਪੱਸ਼ਟ ਹੈ ਕਿ ਪਾਕਿਸਤਾਨ ਪ੍ਰਮਾਣੂ ਬੰਬ ਬਣ ਰਿਹਾ ਹੈ।

ਭਾਰਤ ਦੀਆਂ ਪ੍ਰਮਾਣੂ ਤਿਆਰੀਆਂ ਬਾਰੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਨੇ ਇਸ ਵਾਅਦੇ ਨੂੰ ਦੁਹਰਾਇਆ ਕਿ ਭਾਰਤ ਪ੍ਰਮਾਣੂ ਊਰਜਾ ਦੀ ਵਰਤੋਂ ਸ਼ਾਤਮਈ ਕੰਮਾਂ ਲਈ ਕਰੇਗਾ ਅਤੇ ਐਟਮ ਬੰਬ ਨਹੀਂ ਬਣਾਏਗਾ।

ਪੰਜਾਬ 'ਚ ਵਿਦੇਸ਼ੀਆਂ ਦੇ ਦਾਖਲੇ 'ਤੇ ਪਾਬੰਦੀ ਜਾਰੀ

ਚੰਡੀਗੜ੍ਹ, (ਪੰਜਾਬੀ ਟ੍ਰਿਬਿਊਨ ਬਿਊਰੋ) — ਪੰਜਾਬ ਵਿਚ ਵਿਦੇਸ਼ੀਆਂ ਦੇ ਦਾਖਲੇ ਬਾਰੇ ਲਗਾਈ ਪਾਬੰਦੀ 'ਚ ਕੇਂਦਰ ਸਰਕਾਰ ਨੇ ਹੋਰ 2 ਮਹੀਨੇ ਦੇ ਸਮੇਂ ਦਾ ਵਾਧਾ ਕਰ ਦਿਤਾ ਹੈ। ਇਉਂ ਇਹ ਪਾਬੰਦੀ 2 ਅਪਰੈਲ ਤਕ ਲਾਗੂ ਸਮਝੀ ਜਾਵੇਗੀ।

16 ਲੱਖ ਰੁ. ਦਾ ਸੋਨਾ ਬਰਾਮਦ

ਬੰਬਈ, (ਯੂ. ਐਨ. ਆਈ.)—ਕਸਟਮ ਅਧਿਕਾਰੀਆਂ ਨੇ ਨੈਰੋਬੀ ਤੋਂ ਇਥੇ ਪੁੱਜੇ ਇਕ ਵਿਅਕਤੀ ਕੋਲੋਂ 16 ਲੱਖ ਰੁਪਏ ਦਾ ਸੋਨਾ ਬਰਾਮਦ ਕੀਤਾ ਹੈ। ਕਸਟਮ ਅਧਿਕਾਰੀਆਂ ਅਨੁਸਾਰ ਇਹ ਸੋਨਾ ਕੱਲ੍ਹ ਫੜਿਆ ਗਿਆ।

ਇਸ ਤੋਂ ਪਹਿਲਾਂ ਇਸ ਵਿਅਕਤੀ ਨੇ ਉਸ ਕੋਲ ਕੇਵਲ 650 ਰੁਪਏ ਦਾ ਸੋਨਾ ਹੋਣ ਦਾ ਇੰਕਸ਼ਾਫ ਹੀ ਕੀਤਾ ਸੀ।

ਰਿਸ਼ਤੇਦਾਰਾਂ ਹੱਥੋਂ ਕਤਲ

ਫ਼ਾਜ਼ਿਲਕਾ, (ਨਿਜੀ ਪੱਤਰ ਪ੍ਰੇਰਕ)— ਭਾਰਤ-ਪਾਕਿ ਸਰਹੱਦ ਉਤੇ ਪੈਂਦੇ ਪਿੰਡ ਮੋਹਰ ਖਾਂਵਾ ਦੇ 36 ਸਾਲਾਂ ਦੇ ਬਚਨ ਸਿੰਘ ਨਾਮੀ ਵਿਅਕਤੀ ਨੂੰ ਉਸ ਦੇ ਨਜ਼ਦੀਕੀ ਰਿਸ਼ਤੇਦਾਰਾਂ ਹੱਥੋਂ ਹੀ ਕਤਲ, ਕੀਤੇ ਜਾਣ ਦੀ ਸੂਚਨਾ ਮਿਲੀ ਹੈ।

ਫ਼ਾਜ਼ਿਲਕਾ ਪੁਲੀਸ ਨੇ ਇਸ ਸਬੰਧ ਵਿਚ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿਤੀ ਹੈ।

ਪਾਕਿ ਨੇ ਐਟਮ ਬੰਬ ਬਣਾਇਆ ਤਾਂ ਹਿੰਦ ਵੀ ਸੋਚੇਗਾ — ਰਾਜੀਵ

ਨਵੀਂ ਦਿੱਲੀ: (ਯੂ. ਐਨ. ਆਈ.) ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਹੈ ਕਿ ਜੇ ਪਾਕਿਸਤਾਨ ਨੇ ਪ੍ਰਮਾਣੂ ਬੰਬ ਤਿਆਰ ਕੀਤਾ ਤਾਂ ਭਾਰਤ ਨੂੰ ਆਪਣੀ ਨੀਤੀ ਉਤੇ ਮੁੜ ਵਿਚਾਰ ਕਰਨਾ ਪਵੇਗਾ।

ਪੰਦਰਾਂ ਰੋਜ਼ਾ ਰਸਾਲੇ "ਇੰਡੀਆ ਟੂਡੇ" ਨੂੰ ਦਿੱਤੀ ਇਕ ਇੰਟਰਵਿਊ ਵਿਚ ਸ੍ਰੀ ਗਾਂਧੀ ਨੇ ਕਿਹਾ ਕਿ ਉਪ ਮਹਾਂਦੀਪ ਵਿਚ ਜੇ ਪ੍ਰਮਾਣੂੰ ਹਥਿਆਰਾਂ ਦੀ ਦੌੜ ਸ਼ੁਰੂ ਹੋ ਗਈ ਤਾ ਪਿੱਛੇ ਮੁੜਨਾ ਔਖਾ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਅਸੰਤੁਲਨ ਨਾਲ ਨਿਪਟਣ ਲਈ ਸਾਨੂੰ ਵੀ ਆਪਣੀ ਨੀਤੀ ਉਤੇ ਨਜ਼ਰਸਾਨੀ ਕਰਨੀ ਪਵੇਗੀ।

ਪੰਜਾਬ ਸਮੱਸਿਆ ਦੇ ਹੱਲ ਲਈ ਕੋਈ ਸਮਾਂ ਨਿਸ਼ਚਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਭਾਵੇਂ ਉਹ ਅਕਾਲੀ ਦਲ 'ਚੋਂ ਹੋਣ ਜਾਂ ਬਾਹਰੋਂ, ਅਤਿਵਾਦ ਅਤੇ ਅਤਿਵਾਦੀਆ ਦੇ ਵਿਰੁਧ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਸੀਂ ਵੀ ਸਮੱਸਿਆ ਦਾ ਹੱਲ ਲੱਭ ਰਹੇ ਹਾਂ ਪਰ ਇਸ ਨਾਲ ਹੱਲ ਜਲਦੀ ਲੱਭਣ ਵਿਚ ਮਦਦ ਹੋਵੇਗੀ।

ਅਕਾਲ ਰੈਸਟ ਆਊਸ ਨੂੰ ਅੱਗ

ਅੰਮ੍ਰਿਤਸਰ — ਇਥੇ ਦਰਬਾਰ ਸਾਹਿਬ ਕੰਪਲੈਕਸ ਵਿਚ ਅਕਾਲ ਰੈਸਟ ਹਾਊਸ ਨੂੰ ਅੱਗ ਲੱਗ ਗਈ। ਫਾਇਰ ਬਰਗੇਡ ਦੀ ਗੱਡੀ ਨੇ ਤੁਰੰਤ ਮੌਕੇ ਉਤੇ ਪੁੱਜ ਕੇ ਅੱਗ ਉਤੇ ਕਾਬੂ ਪਾ ਲਿਆ। ਪਤਾ ਲਗਾ ਹੈ ਕਿ ਰੈਸਟ ਹਾਊਸ ਨੇੜਲੇ ਇਕ ਕਮਰੇ ਵਿਚ ਰਖੇ ਜਨਰੇਟਰ ਸੈਟ ਨੂੰ ਅੱਗ ਲਗ ਗਈ ਅਤੇ ਨਾਲ ਲਗਦੀ ਇਕ ਇਮਾਰਤ ਨੂੰ ਵੀ ਅੱਗ ਨੇ ਘੇਰੇ ਵਿਚ ਲੈ ਲਿਆ।

ਬਠਿੰਡਾ ਦੇ ਛੇ ਕਤਲਾਂ ਬਾਰੇ ਭੇਦ ਲਗਣ ਦਾ ਦਾਅਵਾ

ਬਠਿੰਡਾ — ਇਸ ਜ਼ਿਲੇ ਦੇ ਪਿੰਡ ਕਿੱਲੀਵਾਲਾ ਵਿਚ ਛੇ ਵਿਅਕਤੀਆਂ ਦੇ ਕਤਲ ਕੀਤੇ ਜਾਣ ਬਾਰੇ ਪੁਲੀਸ ਨੂੰ ਕੁਝ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੋਈ ਹੈ ਅਤੇ ਕੁਝ ਵਿਅਕਤੀਆਂ ਨੂੰ ਹਿਰਾਸਤ ਵਿਚ ਵੀ ਲਿਆ ਗਿਆ ਹੈ। ਇਹ ਦਾਅਵਾ ਇਥੇ ਉਪਰੋਕਤ ਦਰਦਨਾਕ ਘਟਨਾ ਵਾਪਰਨ ਦੇ ਕੋਈ 24 ਘੰਟੇ ਪਿਛੋਂ ਹੀ ਐਡੀਸ਼ਨਲ ਡਿਪਟੀ ਕਮਿਸ਼ਨਰ ਜੋਗਿੰਦਰਪਾਲ ਸਿੰਘ ਪੁਰੀ ਵਲੋਂ ਜਾਰੀ ਪ੍ਰੈਸ ਬਿਆਨ ਵਿਚ ਕੀਤਾ ਗਿਆ ਹੈ।

ਜ਼ਿਲਾ ਪ੍ਰਸ਼ਾਸਨ ਇਹ ਸਮਝਦਾ ਹੈ ਕਿ ਇਨ੍ਹਾਂ ਕਤਲਾਂ ਪਿਛੇ ਜ਼ਾਤੀ ਦੁਸ਼ਮਣੀ ਕੰਮ ਕਰ ਰਹੀ ਹੈ। ਪੁਲੀਸ ਨੇ ਕਤਲਾਂ ਸਬੰਧੀ ਕੇਸ ਦਰਜ ਕਰ ਲਿਆ ਹੈ। ਉਚ ਅਧਿਕਾਰੀ ਮਾਮਲੇ ਦਾ ਪਤਾ ਲਾਉਣ ਦਾ ਯਤਨ ਕਰ ਰਹੇ ਹਨ। ਇਸੇ ਦੌਰਾਨ ਛੇ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਬਠਿੰਡਾ ਦੇ ਸਿਵਲ ਹਸਪਤਾਲ ਵਿਚ ਪੋਸਟ ਮਾਰਟਮ ਲਈ ਲਿਆਂਦਾ ਗਿਆ। ਜ਼ਿਲਾ ਅਧਿਕਾਰੀਆਂ ਨੇ ਕਤਲਾਂ ਵਿਚ ਅਸਲੇ ਦੀ ਵਰਤੋਂ ਬਾਰੇ ਛਪੀਆਂ ਖਬਰਾਂ ਤੋਂ ਇਨਕਾਰ ਕੀਤਾ ਹੈ। ਸਰਕਾਰੀ ਬੁਲਾਰੇ ਅਨੁਸਾਰ ਜ਼ਿਲੇ ਵਿਚ ਸਥਿਤੀ ਸ਼ਾਂਤ ਹੈ।

ਦਰਬਾਰ ਸਾਹਿਬ 'ਚੋਂ ਫੜੇ ਵਿਅਕਤੀਆਂ ਦੀ ਪਹਿਲੀ ਟੁਕੜੀ ਜੋਧਪੁਰ ਭੇਜੀ ਗਈ

ਚੰਡੀਗੜ੍ਹ — ਪੰਜਾਬ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚੋਂ ਪਿਛਲੇ ਸਾਲ ਬਲਿਊਸਟਾਰ ਅਪਰੇਸ਼ਨ ਦੌਰਾਨ ਗ੍ਰਿਫਤਾਰ ਕੀਤੇ ਵਿਅਕਤੀਆਂ ਦੀ ਪਹਿਲੀ ਟੀਮ ਜੋਧਪੁਰ ਭੇਜ ਦਿਤੀ ਹੈ ਜਿਨ੍ਹਾਂ ਵਿਰੁਧ ਉਥੇ ਇਕ ਵਿਸ਼ੇਸ਼ ਅਦਾਲਤ ਵਿਚ ਮੁਕਦਮਾ ਚਲਾਇਆ ਜਾਏਗਾ। ਬਾਕੀ ਵਿਅਕਤੀਆਂ ਨੂੰ ਵੱਖ ਵੱਖ ਟੀਮਾਂ ਰਾਹੀਂ ਭੇਜਿਆ ਜਾਏਗਾ। ਇਸ ਸਮੇਂ ਇਹ ਨਾਭਾ, ਪਟਿਆਲਾ, ਅੰਮ੍ਰਿਤਸਰ ਤੇ ਗੁਰਦਾਸਪੁਰ 'ਚ ਨਜ਼ਰਬੰਦ ਹਨ। ਉਚ ਸਰਕਾਰੀ ਸੂਤਰਾਂ ਅਨੁਸਾਰ ਸੀ. ਬੀ. ਆਈ. ਨੇ ਇਨ੍ਹਾਂ ਗ੍ਰਿਫਤਾਰ ਵਿਅਕਤੀਆਂ ਉਤੇ ਸਰਕਾਰ ਵਿਰੁਧ ਬਗਾਵਤ ਕਰਨ ਦੇ ਦੋਸ਼ ਵਿਚ ਮੁਕੱਦਮੇ ਬਣਾਏ ਹਨ ਤੇ ਕੁਝ ਵਿਰੁਧ ਫੌਜੀਆਂ ਉਤੇ ਹਮਲਾ ਕਰਨ ਤੇ ਨਜਾਇਜ਼ ਹਥਿਆਰ ਰੱਖਣ ਦਾ ਵੀ ਦੋਸ਼ ਹੈ। ਅਜਿਹੇ 379 ਵਿਅਕਤੀਆਂ ਵਿਰੁਧ ਮੁਕਦਮੇ ਦੀ ਸੁਣਵਾਈ ਵਿਸ਼ੇਸ਼ ਅਦਾਲਤ ਦੇ ਜੱਜ ਸ੍ਰੀ ਖੇਮ ਚੰਦ ਸ਼ਰਮਾ ਕਰਨਗੇ। ਵਧੇਰੇ ਮੁਕਦਮਿਆਂ ਦੀ ਸੁਣਵਾਈ ਹੌਲੀ ਤੇ ਬਾਅਦ ਹੋਵੇਗੀ।

ਸਤਵੰਤ ਨੇ ਇੰਦਰਾ ਗਾਂਧੀ ਦੇ ਕਤਲ ਦੇ ਕਾਰਨਾਂ ਬਾਰੇ ਆਪਣੇ ਪਿਓ ਕੋਲ ਵੀ ਜ਼ੁਬਾਨ ਨਹੀਂ ਖੋਲ੍ਹੀ

ਗੁਰਦਾਸਪੁਰ: (ਗਿਆਨੀ ਜਗਜੀਤ ਸਿੰਘ) "ਮੈਂ ਤਿੰਨ ਵਾਰ ਆਪਣੇ ਲੜਕੇ ਸਤਵੰਤ ਸਿੰਘ ਨੂੰ ਪੁੱਛ ਚੁੱਕਾ ਹਾਂ ਕਿ ਤੂੰ ਸ੍ਰੀਮਤੀ ਇੰਦਰਾ ਗਾਂਧੀ ਨੂੰ ਕਤਲ ਕਰਨ ਲਈ ਉਨ੍ਹਾਂ 'ਤੇ ਗੋਲੀ ਕਿਉਂ ਚਲਾਈ," ਸਤਵੰਤ ਸਿੰਘ ਨੇ ਇਕ ਵਾਰ ਵੀ ਜ਼ੁਬਾਨ ਨਹੀਂ ਖੋਲ੍ਹੀ ਕਿ ਉਸ ਨੇ ਅਜਿਹਾ ਕਿਉਂ ਕੀਤਾ ਅਤੇ ਉਸ ਦੇ ਚਿਹਰੇ ਤੋਂ ਕੁਝ ਦੱਸਣ ਲਈ ਮਜਬੂਰੀ ਦੇ ਚਿੰਨ੍ਹ ਪ੍ਰਤੀਤ ਹੁੰਦੇ ਸਨ। ਮੈਂ ਸਤਵੰਤ ਸਿੰਘ ਨੂੰ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਦੇ ਇਕ ਮਹੀਨੇ ਪਿਛੋਂ ਅਤੇ ਫਿਰ 18 ਅਤੇ 24 ਜਨਵਰੀ ਨੂੰ ਤਿਹਾੜ ਜੇਲ੍ਹ ਦਿੱਲੀ ਵਿਚ ਮਿਲਿਆ ਸਾਂ। ਉਹ ਪਹਿਲਾਂ ਨਾਲੋਂ ਹੁਣ ਰਾਜ਼ੀ ਹੈ ਅਤੇ ਉਸ ਦੇ ਸਰੀਰ 'ਤੇ ਜਿਹੜੀਆਂ 14 ਗੋਲੀਆਂ ਲੱਗੀਆਂ ਸਨ, ਉਨ੍ਹਾਂ ਚੋਂ ਇਕ ਨੂੰ ਛੱਡ ਕੇ ਬਾਕੀ ਸਾਰੀਆਂ ਕੱਢ ਲਈਆਂ ਗਈਆਂ ਹਨ। ਆਖਰੀ ਗੋਲੀ ਛੇਤੀ ਹੀ ਓਪਰੇਸ਼ਨ ਕਰ ਕੇ ਕੱਢ ਲਈ ਜਾਏਗੀ।"

ਇਹ ਸ਼ਬਦ ਹਨ ਸਤਵੰਤ ਸਿੰਘ ਦੇ ਪਿਤਾ ਕਰਤਾਰ ਸਿੰਘ ਦੇ, ਜੋ ਕੁਝ ਦਿਨ ਪਹਿਲਾਂ ਦਿੱਲੀ ਵਿਚ ਆਪਣੇ ਲੜਕੇ ਦੀ ਮੁਲਾਕਾਤ ਕਰਕੇ ਡੇਰਾ ਬਾਬਾ ਨਾਨਕ ਨੇੜੇ ਪਿੰਡ ਅਗਵਾਂਨ ਖੁਰਦ ਵਾਪਸ ਆਇਆ ਸੀ।

ਸਤਵੰਤ ਸਿੰਘ ਦੇ ਪਿਤਾ ਕਰਤਾਰ ਸਿੰਘ ਦਾ ਅਸਲ ਪਿੰਡ ਧਰਮਕੋਟ ਰੰਧਾਵਾ ਹੈ ਪਰ ਵਿਆਹ ਪਿਛੋਂ ਉਹ ਇਥੇ ਸੌਹਰੇ ਦੀ ਢੇਰੀ 'ਤੇ ਆ ਕੇ ਵੱਸ ਗਿਆ ਸੀ। ਕਰਤਾਰ ਸਿੰਘ ਛੋਟਾ ਜ਼ਿਮੀਂਦਾਰ ਹੈ ਅਤੇ ਉਸ ਦੀ ਆਮਦਨ ਦਾ ਇਕ ਸਾਧਨ ਉਸ ਦੇ ਮੁੰਡੇ ਸਤਵੰਤ ਸਿੰਘ ਦੀ ਹੀ ਨੌਕਰੀ ਸੀ। ਸਤਵੰਤ ਸਿੰਘ ਦੇ ਮਾਤਾ ਪਿਤਾ ਅਤੇ ਭੈਣ ਭਰਾ ਬਾਹਰ ਤੋਂ ਆਏ ਕਿਸੇ ਵੀ ਮਿਲਣ ਵਾਲੇ ਨਾਲ ਗੱਲ ਕਰਨ ਤੋਂ ਝਿਜਕਦੇ ਹਨ ਪਰ ਮੈਂ ਕਿਸੇ ਵਾਕਫ ਸਿਆਸੀ ਨੇਤਾ ਦੇ ਦਾਖਲ ਨਾਲ ਉਨ੍ਹਾਂ ਨਾਲ ਗੱਲ ਕੀਤੀ।

ਉਨ੍ਹਾਂ ਦੱਸਿਆ ਕਿ ਸਤਵੰਤ ਸਿੰਘ ਅੰਮ੍ਰਿਤਧਾਰੀ ਹੈ ਅਤੇ ਉਹ ਦਿੱਲੀ 'ਚ ਆਮ ਕਰਕੇ ਬੰਗਲਾ ਸਾਹਿਬ ਗੁਰਦੁਆਰੇ ਵਿਚ ਮੱਥਾ ਟੇਕਣ ਜਾਇਆ ਕਰਦਾ ਸੀ। ਬਚਪਨ ਤੋਂ ਉਸ ਦਾ ਸਭ ਤੋਂ ਵੱਡਾ ਸ਼ੌਕ ਕੁਸ਼ਤੀ ਕਰਨਾ ਸੀ। "ਅਸੀਂ ਕਦੇ ਸੁਪਨੇ ਵਿਚ ਵੀ ਇਹ ਨਹੀਂ ਸੋਚਿਆ ਸੀ ਕਿ ਸਤਵੰਤ ਸਿੰਘ ਇਹ ਕਾਰਾ ਕਰੇਗਾ। ਸਾਨੂੰ ਹੁਣ ਵੀ ਸ਼ੱਕ ਹੈ ਕਿ ਉਹ ਕਿਸੇ ਦੀ ਚਾਲ ਵਿਚ ਆ ਗਿਆ ਹੋਵੇ।"

ਸਤਵੰਤ ਸਿੰਘ ਦਾ ਪਿਤਾ, ਜੋ ਚਾਰਪਾਈ ,ਤੇ ਕੰਬਲ ਦੀ ਬੁੱਕਲ ਮਾਰੀ ਬੈਠਾ ਸੀ, ਨੇ ਕਿਹਾ ਕਿ ਸਾਨੂੰ ਹੁਣ ਇਹ ਭੈ ਬਣਿਆ ਰਹਿੰਦਾ ਹੈ ਕਿ ਜਦ ਵੀ ਉਹ ਸਤਵੰਤ ਸਿੰਘ ਦੀ ਮੁਲਾਕਾਤ ਜਾਂ ਪੈਰਵੀ ਕਰਨ ਦਿੱਲੀ ਜਾਂਦੇ ਹਨ ਤਾਂ ਜਾਨ ਜੋਖਮ ਵਿਚ ਪਈ ਰਹਿੰਦੀ ਹੈ। "ਮੈਂ ਜਦ ਵੀ ਘਰ ਤੋਂ ਨਿਕਲ ਕੇ ਕਿਸੇ ਰਿਸ਼ਤੇਦਾਰ ਜਾਂ ਦੋਸਤਾਂ ਮਿੱਤਰਾਂ ਨੂੰ ਮਿਲਣ ਜਾਂਦਾ ਹਾਂ ਅਤੇ ਜੇਕਰ ਉਥੇ ਪਤਾ ਲੱਗ ਜਾਏ ਕਿ ਮੈਂ ਸਤਵੰਤ ਸਿੰਘ ਦਾ ਪਿਓ ਹਾਂ ਮੈਨੂੰ ਭਾਂਤ ਭਾਂਤ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ ਹਨ। ਫਿਰ ਮੈਂ ਬਿਨਾਂ ਉਤਰ ਦਿਤੇ ਉਥੋਂ ਉਠ ਕੇ ਚਲਾ ਜਾਂਦਾ ਹਾਂ।"

ਸਤਵੰਤ ਸਿੰਘ ਦੀ ਮਾਤਾ ਦਾ ਕਹਿਣਾ ਹੈ ਕਿ ਸਤਵੰਤ ਸਿੰਘ ਦਾ ਬਾਲਪਨ ਦਾ ਨਾਂ ਸਤਨਾਮ ਸਿੰਘ ਉਰਫ ਸੱਤਾ ਹੈ। ਪਰ ਸਕੂਲ ਦਾ ਨਾਂ ਸਤਵੰਤ ਸਿੰਘ ਸੀ। ਸਤਵੰਤ ਸਿੰਘ ਦੇ ਪਿਤਾ ਨੇ ਪੁੱਛਣ ਉਤੇ ਦੱਸਿਆ ਕਿ ਇਸ ਸਮੇਂ ਸਤਵੰਤ ਸਿੰਘ ਦੇ ਕੇਸ ਦੀ ਪੈਰਵਾਈ ਦੇ ਵਕੀਲ ਕਰ ਰਹੇ ਹਨ ਜਿਨ੍ਹਾਂ 'ਚੋਂ ਉਨ੍ਹਾਂ ਵਲੋਂ ਕੀਤਾ ਵਕੀਲ ਭੁਪਿੰਦਰ ਸਿੰਘ ਸੋਢੀ ਹੈ ਜਦ ਕਿ ਸਰਕਾਰ ਵਲੋਂ ਨਾਮਜ਼ਦ ਕੀਤੇ ਵਕੀਲ ਦਾ ਨਾਂ ਰਾਜਿੰਦਰ ਵਾਡਸਾ ਹੈ। ਸਤਵੰਤ ਸਿੰਘ ਦੇ ਰਿਸ਼ਤੇ ਬਾਰੇ ਕਰਤਾਰ ਸਿੰਘ ਨੇ ਕਿਹਾ ਕਿ ਉਹ ਉਸ ਥਾਂ ਆਪਣਾ ਵਿਆਹ ਕਰਾਉਣ ਲਈ ਸਹਿਮਤ ਹੋ ਗਿਆ ਸੀ ਅਤੇ ਉਹ ਰਿਸ਼ਤਾ ਅਜ ਵੀ ਮੌਜੂਦ ਹੈ। ਸਤਵੰਤ ਸਿੰਘ ਦੇ ਰਿਸ਼ਤੇ ਬਾਰੇ ਅਖਬਾਰਾਂ ਵਿਚ ਛਪੀਆਂ ਮਨਘੜਤ ਹਨ ਕਰਤਾਰ ਸਿੰਘ ਨੇ ਇਹ ਵੀ ਸਪਸ਼ਟ ਕੀਤਾ ਕਿ ਸਤਵੰਤ ਸਿੰਘ ਦਾ ਕਿਸੇ ਵੀ ਅਤਿਵਾਦੀ ਜਥੇਬੰਦੀ ਨਾਲ ਕੋਈ ਸਬੰਧ ਨਹੀਂ ਰਿਹਾ।

ਭਜਨ ਦਾ ਜਵਾਈ ਵੇਖਦੇ ਵੇਖਦੇ ਕਰੋੜਾਂ ਪਤੀ ਬਣਿਆ

ਚੰਡੀਗੜ੍ਹ, (ਰਪਿਸ) — ਆਮ ਲੋਕਾਂ ਨੂੰ ਭਾਵੇਂ ਸਾਰੀ ਸਾਰੀ ਉਮਰ ਮਿਹਨਤ ਕਰਕੇ ਵੀ ਰੋਟੀ, ਕਪੜਾ ਅਤੇ ਮਕਾਨ ਨਹੀਂ ਜੁੜਦਾ ਪਰ ਹਰਿਆਣੇ ਦੇ ਮੁਖ ਮੰਤਰੀ ਚੋਧਰੀ ਭਜਨ ਲਾਲ ਦੇ ਜਵਾਈ ਅਨੂਪ ਬਿਸ਼ਨੋਈ ਨੇ 14 ਸਨਅਤੀ ਕੰਪਨੀਆਂ ਤਕ ਮਲਕੀਅਤ ਪਸਾਰ ਲਈ ਹੈ। ਪਤਾ ਲੱਗਾ ਹੈ ਕਿ ਅਨੂਪ ਦਾ ਪ੍ਰੀਵਾਰ ਕਿਸੇ ਨਾ ਕਿਸੇ ਢੰਗ ਨਾਲ ਇਹਨਾਂ 14 ਕੰਪਨੀਆਂ ਦਾ ਹਿੱਸੇਦਾਰ ਹੈ। ਇਹ ਕੰਪਨੀਆਂ 'ਸਮਾਲ ਸਕੇਲ' ਉਤੇ ਰਜਿਸਟਰਡ ਹਨ ਅਤੇ ਚਰਚਾ ਹੈ ਕਿ ਇਹਨ੍ਹਾਂ ਨੂੰ ਭਾਰੀ ਸਹਾਇਤਾ ਦਿੱਤੀ ਜਾਂਦੀ ਹੈ।

ਮਜ਼ੇ ਦੀ ਗੱਲ ਹੈ ਕਿ ਭਾਵੇਂ ਸਾਰੇ ਹਰਿਆਣੇ ਵਿਚ ਬਿਜਲੀ ਦਾ ਸੰਕਟ ਹੋਵੇ ਪਰ ਅਨੂਪ ਬਿਸ਼ਨੋਈ ਦੇ ਸਨਅਤੀ ਅਦਾਰਿਆਂ ਨੂੰ ਕਦੇ ਵੀ ਬਿਜਲੀ ਦਾ ਸੰਕਟ ਨਹੀਂ ਆਇਆ। ਇਥੇ ਵਰਣਨ ਯੋਗ ਹੈ ਕਿ ਇਹ ਵਿਅਕਤੀ ਏਨਾ ਵੱਡਾ ਸਨਅਤਕਾਰ 4 ਤੋਂ ਵੀ ਘੱਟ ਸਾਲਾਂ ਦੇ ਅਰਸੇ ਵਿਚ ਬਣਿਆ ਹੈ।

ਸਾਰੇ ਸਿੰਘ ਸਾਹਿਬਾਨ ਦੀ ਹੱਤਿਆ ਦੀ ਯੋਜਨਾ ਸੀ ?

ਲੁਧਿਆਣਾ: (ਵਿਸ਼ੇਸ਼ ਪ੍ਰਤੀਨਿਧ) ਦਹਿਸ਼ਤਪਸੰਦਾਂ ਦੀ ਪੰਜਾਂ ਸਿੰਘ ਸਾਹਿਬਾਨ ਦੀ ਹੱਤਿਆ ਕਰਨ ਦੀ ਯੋਜਨਾ ਸੀ। ਇਸ ਗੱਲ ਦਾ ਪ੍ਰਗਟਾਵਾ ਅਕਾਲ ਤਖਤ ਦੇ ਜੱਥੇਦਾਰ ਗਿਆਨੀ ਕ੍ਰਿਪਾਲ ਸਿੰਘ 'ਤੇ ਹੋਏ ਕਾਤਲਾਨਾ ਹਮਲੇ ਦੇ ਸਿਲਸਿਲੇ ਵਿਚ ਗ੍ਰਿਫਤਾਰ ਕੀਤੇ ਹੋਏ ਵਿਅਕਤੀਆਂ ਤੋਂ ਪੁਛਗਿੱਛ ਦੌਰਾਨ ਹੋਇਆ। ਗਿਆਨੀ ਕ੍ਰਿਪਾਲ ਸਿੰਘ 'ਤੇ ਹਮਲਾ 16 ਜਨਵਰੀ ਨੂੰ ਲੁਧਿਆਣਾ—ਫਿਰੋਜ਼ਪੁਰ ਸੜਕ 'ਤੇ ਮੁਲਾਂਪੁਰ ਨੇੜੇ ਕੀਤਾ ਗਿਆ ਸੀ।

ਪੁਲੀਸ ਇਸ ਕੇਸ ਦੀ ਸਰਗਰਮੀ ਨਾਲ ਤਫਤੀਸ਼ ਕਰ ਰਹੀ ਹੈ ਅਤੇ ਹੁਣ ਤਕ ਉਸ ਨੇ ਇਸ ਸੰਬੰਧ ਵਿਚ ਦੋ ਦਰਜਨ ਤੋਂ ਵੱਧ ਵਿਅਕਤੀਆਂ ਤੋਂ ਪੁਛਗਿੱਛ ਕੀਤੀ ਹੈ। ਪੁਲੀਸ ਦੋ ਕਥਿਤ ਹਮਲਾਵਾਰਾਂ — ਦਰਸ਼ਨ ਸਿੰਘ ਤੇ ਦਵਿੰਦਰ ਸਿੰਘ ਨੂੰ ਪਹਿਲਾ ਹੀ ਗ੍ਰਿਫਤਾਰ ਕਰ ਚੁਕੀ ਹੈ। ਇਸੇ ਤਰ੍ਹਾਂ ਪਿੰਡ ਮਾਣੂਕੇ ਦੇ ਸੁਰਜੀਤ ਸਿੰਘ ਨੂੰ ਇਸ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ ਕਿ ਉਸ ਨੇ ਹਮਲਾਵਰਾਂ ਦਾ ਮੋਟਰ ਸਾਈਕਲ ਆਪਣੇ ਕੋਲ ਰੱਖਿਆ।

ਉਜੱਲ ਦੁਸਾਂਝ ਉਪਰ ਘਿਣਾਉਣੇ ਹਮਲੇ ਦੀ ਨਿਖੇਧੀ

ਵਲੋਂ :— ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਨੂੰ ਉਜੱਲ ਦੁਸਾਂਝ ਉਪਰ ਅਤਿ ਨੀਚਤਾ ਤੇ ਘਿਣਾਉਣੇ ਜਿਸਮਾਨੀ ਹਮਲੇ ਵਾਲੀ ਖਬਰ ਸੁਣ ਕੇ ਬਹੁਤ ਹੀ ਦੁਖ ਹੋਇਆ। ਉਜੱਲ ਦੁਸਾਂਝ ਜੋ ਭਾਰਤੀ ਕਮਿਊਨਿਟੀ ਦੇ ਉਘੇ ਵਕੀਲ ਅਤੇ ਬੀ. ਸੀ. ਦੀ ਸਿਆਸਤ ਵਿਚ ਸਰਗਰਮ ਹਿੱਸਾ ਲੈਂਦੇ ਹਨ ਅਤੇ ਦੋ ਵਾਰ ਨੈਸ਼ਨਲ ਡੈਮੋਕਰੈਟਿਕ ਪਾਰਟੀ ਦੇ ਟਿਕਟ ਉਤੇ ਐਮ. ਐਲ. ਏ. ਖੜੇ ਹੋ ਚੁੱਕੇ ਹਨ। ਉਜੱਲ ਦੁਸਾਂਝ ਉਪਰ ਕਾਤਲਾਨਾ ਹਮਲਾ, ਅਸਲ ਵਿਚ ਜਮਹੂਰੀ ਹੱਕਾਂ, ਬੋਲਣ ਲਿਖਣ ਪੜ੍ਹਨ ਅਤੇ ਫਿਰਨ ਤੁਰਨ ਦੀ ਆਜ਼ਾਦੀ ਉਪਰ ਮਾਰੂ ਛਾਪੇ ਦੀ ਸਪਸ਼ਟ ਉਦਾਹਰਣ ਹੈ। ਇਹ ਸਾਫ ਹੈ ਕਿ ਇਹ ਫਾਸ਼ੀ ਹਮਲਾ ਅਤਿਵਾਦ ਅਤੇ ਦਹਿਸ਼ਤ ਪਸੰਦੀ ਦੀ ਮਿਸਾਲ ਹੈ।

ਅਸੀਂ ਇਹ ਸਮਝਦੇ ਹਾਂ ਕਿ ਇਸ ਤਰ੍ਹਾਂ ਦੇ ਲੋਕ ਵਿਰੋਧੀ ਹਮਲੇ ਸਾਰੀ ਕਮਿਊਨਿਟੀ ਲਈ ਬਹੁਤ ਹੀ ਚਿੰਤਾਜਨਕ ਹਨ। ਅਜ ਸਾਫ ਸਮਝਣਾ ਚਾਹੀਦਾ ਹੈ ਕਿ ਜੇਕਰ ਭਰਾਤਰੀ ਸਦਭਾਵਨਾ ਭਾਰਤੀ ਅਖੰਡਤਾ ਅਤੇ ਭਰਾਤਰੀ ਏਕਤਾ ਨੂੰ ਕਾਇਮ ਰੱਖਣਾ ਹੈ ਤਾਂ ਜ਼ਰੂਰੀ ਹੈ ਕਿ ਇਸ ਸਮੇਂ ਸਭ ਜਮਹੂਰੀਅਤ ਅਤੇ ਮਨੁੱਖੀ ਹੱਕਾਂ ਦੇ ਰਾਖਿਆਂ ਨੂੰ ਇਕ ਮੁੱਠ ਹੋ ਕੇ ਅਜਿਹੀਆਂ ਘਟਨਾਵਾਂ ਦੀ ਪੁਰਜ਼ੋਰ ਨਿੰਦਾ ਕਰਨੀ ਜ਼ਰੂਰੀ ਹੈ। ਕਮਿਊਨਿਟੀ ਨੂੰ ਆਪਣੀ ਏਕਤਾ ਰਾਹੀਂ ਇਸ ਤਰ੍ਹਾਂ ਦੀ ਗੁੰਡਾਗਰਦੀ ਨੂੰ ਭਾਂਜ ਦੇਣੀ ਜ਼ਰੂਰੀ ਹੈ।

ਅੱਜ ਉਜੱਲ ਦੁਸਾਂਝ ਉਪਰ ਹਮਲਾ ਸਭ ਉਤੇ ਹੀ ਹਮਲਾ ਸਮਝਣਾ ਚਾਹੀਦਾ ਹੈ ਅਤੇ ਇਸ ਹਮਲੇ ਦੀ ਜਿੰਨੀ ਨਿਖੇਧੀ ਕੀਤੀ ਜਾਏ, ਉਨੀ ਥੋੜੀ ਹੈ।

ਪਰ ਨਾਲ ਹੀ ਪੁਲਸ ਅਤੇ ਸਰਕਾਰੀ ਅਧਿਕਾਰੀਆਂ ਨੂੰ ਭੀ ਚਿਤਾਵਨੀ ਹੈ ਕਿ ਜੇਕਰ ਉਨ੍ਹਾਂ ਨੇ ਇਕ ਯੋਗ ਕਦਮ ਨਾ ਲਿਆ ਅਤੇ ਗੁੰਡਾਗਰਦੀ ਨੂੰ ਪੁਲਸ ਨੇ ਨੱਥ ਨਾ ਪਾਈ, ਤਾਂ ਕਮਿਊਨਿਟੀ ਦੀ ਹੋਰ ਹਾਲਤ ਖਰਾਬ ਹੋਵੇਗੀ। ਇਹ ਪੁਲਸ ਅਤੇ ਹਰ ਪੱਧਰ ਦੀ ਸਰਕਾਰ ਤੇ ਸਥਾਨਕ ਅਧਿਕਾਰੀਆਂ ਦਾ ਕੰਮ ਹੈ ਕਿ ਅਮਨ ਚੈਨ ਰਖਣ ਅਤੇ ਲੋਕਾਂ ਦੀ ਰੱਖਿਆ ਕਰਨਾ ਉਨ੍ਹਾਂ ਦਾ ਕੰਮ ਹੈ। ਨਹੀਂ ਤਾਂ ਹੋਰ ਭੀ ਹਾਲਤ ਨਾਜ਼ਕ ਅਤੇ ਗੰਭੀਰ ਹੋ ਜਾਏਗੀ।

ਆਉ ਕਮਿਊਨਿਟੀ ਨੂੰ ਹਰਕਤ ਵਿਚ ਲਿਆਉ ਅਤੇ ਸਰਕਾਰੀ ਮਸ਼ੀਨ ਤੇ ਦਬਾਅ ਪਾਉ ਕਿ ਹਰ ਇਕ ਨੂੰ ਆਜ਼ਾਦੀ ਨਾਲ ਬੋਲਣ ਲਿਖਣ ਅਤੇ ਰਹਿਣ ਦੇ ਹੱਕਾਂ ਦੀ ਪੂਰੀ ਰਾਖੀ ਹੋਵੇ। ਆਖਰ ਵਿਚ ਆਉ ਸਭ ਇਕੱਠੇ ਹੋ ਕੇ ਇਸ ਹਮਲੇ ਦੀ ਘੋਰ ਨਿਖੇਧੀ ਕਰੀਏ ਅਤੇ ਏਕਤਾ ਨਾਲ ਭਾਂਜ ਦੇਈਏ।

ਪੰਜਾਬ ਬਜਟ 'ਚ ਤਿੰਨ ਅਰਬ ਦੇ ਘਾਟੇ ਦਾ ਅਨੁਮਾਨ

ਚੰਡੀਗੜ੍ਹ: (ਸਟਾਫ ਰਿਪੋਰਟਰ) ਪੰਜਾਬ ਸਰਕਾਰ ਦੇ 1984-85 ਦੇ ਬਜਟ ਦੀਆਂ 35 ਕਰੋੜ 37 ਲੱਖ ਰੁਪਏ ਦੀਆਂ ਪੂਰਕ ਮੰਗਾਂ ਦੀ ਪ੍ਰਵਾਨਗੀ ਲੋਕ ਸਭਾ ਅਤੇ ਰਾਜ ਸਭਾ ਨੇ ਦੇ ਦਿੱਤੀ ਹੈ ਜਿਨ੍ਹਾਂ ਵਿਚ ਕੁਝ ਰਕਮ ਚਾਲੂ ਸਾਲ ਦੀ ਪੰਜ ਵਰਸ਼ੀ ਯੋਜਨਾ ਅਤੇ ਕੁਝ ਰਾਜ ਦੇ ਅਮਨ ਤੇ ਕਾਨੂੰਨ ਦੀ ਸਥਿਤੀ ਕਾਇਮ ਕਰਨ ਸੰਬੰਧੀ ਪੁਲੀਸ ਖਰਚਿਆਂ ਸਬੰਧੀ ਰਕਮ ਸ਼ਾਮਲ ਹੈ।

ਪੰਜਾਬ ਦੇ ਵਿਤ ਵਿਭਾਗ ਦੇ ਇਕ ਉੱਚ ਅਧਿਕਾਰੀ ਨੇ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਦੇ ਬਾਅਦ ਵਾਪਰੀਆ ਹਿੰਸਕ ਵਾਰਦਾਤਾਂ ਦਾ ਸ਼ਿਕਾਰ ਹੋ ਕੇ ਪੰਜਾਬ ਆਏ ਪੀੜਤਾਂ ਨੂੰ ਦੋ ਕਰੋੜ ਰੁਪਏ ਦੀ ਸਹਾਇਤਾ ਦਿਤੀ ਗਈ ਹੈ, ਪਿੰਡਾਂ ਵਿਚ ਪਾਣੀ ਸਪਲਾਈ ਕਰਨ ਲਈ ਦੋ ਕਰੋੜ ਰੁਪਏ ਅਤੇ ਤਿੰਨ ਕਰੋੜ 73 ਲੱਖ ਰੁਪਏ ਫਾਰਮਾਂ ਲਈ ਸਬਸਿਡੀ ਦੀ ਦਿੱਤੀ ਰਕਮ ਵੀ ਇਨ੍ਹਾ ਬਜਟ ਮੰਗਾਂ ਵਿਚ ਸ਼ਾਮਲ ਹੈ।

ਅਧਿਕਾਰੀ ਅਨੁਸਾਰ ਸਾਲ 1985-86 ਦਾ ਬਜਟ ਸੰਸਦ ਦੀ ਪ੍ਰਵਾਨਗੀ ਲਈ ਮਾਰਚ ਦੇ ਪਹਿਲੇ ਹਫਤੇ ਭੇਜਿਆ ਜਾਵੇਗਾ ਕਿਉਂਕਿ ਅਨੁਮਾਨ ਹੈ ਕਿ ਸੰਸਦ ਉਸਦੀ ਪ੍ਰਵਾਨਗੀ ਮਾਰਚ ਦੇ ਅੰਤ ਤਕ ਦੇਵੇਗੀ।

ਆਸਾਮ ਬਾਰੇ ਗਲਬਾਤ ਜਾਰੀ

ਨਵੀਂ ਦਿੱਲੀ, -(ਯੂ) ਕੇਬਨਿਟ ਸੈਕਟਰੀ ਸੀ. ਆਰ. ਕ੍ਰਿਸ਼ਨ ਸਵਾਮੀ ਰਾਓ ਸਾਹਿਬ ਨੇ ਵਿਦੇਸ਼ੀਆਂ ਦੇ ਮਸਲੇ ਤੇ ਆਸਾਮ ਦੇ ਅੰਦੋਲਨਕਾਰੀ ਲੀਡਰਾਂ ਨਾਲ ਵੇਰਵੇ ਸਹਿਤ ਗੱਲਬਾਤ ਕੀਤੀ ਹੈ। ਆਲ ਆਸਾਮ ਸਟੂਡੈਂਟ ਯੂਨੀਅਨ ਅਤੇ ਆਲ ਆਸਾਮ ਗਣ ਸੰਗਰਾਮ ਪਰੀਸ਼ਦ ਦੇ ਲੀਡਰਾਂ ਨੇ ਮੁਖ ਚੋਣ ਕਮਿਸ਼ਨਰ ਨਾਲ ਵੀ ਗੱਲਬਾਤ ਕੀਤੀ ਹੈ ਸਰਕਾਰੀ ਤੌਰ ਤੇ ਕੁਝ ਨਹੀਂ ਦਸਿਆ ਗਿਆ ਕਿ ਇਸ ਗੱਲਬਾਤ ਦੌਰਾਨ ਕੀ ਕੁਝ ਵਿਚਾਰਿਆ ਗਿਆ। ਵਾਰਤਾ ਕਰਨ ਲਈ ਵਫਦ ਇਥੇ 28 ਦਸੰਬਰ ਨੂੰ ਆਇਆ ਸੀ। ਵਫਦ ਦੇ ਮੈਂਬਰ ਇਕ ਹੋਟਲ ਵਿਚ ਠਹਿਰੇ ਹੋਏ ਹਨ ਤੇ ਪ੍ਰੈਸ ਵਾਲੇ ਇਹਨਾਂ ਨਾਲ ਸੰਪਰਕ ਕਾਇਮ ਕਰਨ ਵਿਚ ਅਸਫਲ ਰਹੇ।

ਤੱਥਾਂ ਨੂੰ ਕੌਣ ਝੁਠਲਾਊ

ਨਵੀਂ ਦਿਲੀ: ਵਾਈਸ ਚੇਅਰਮੈਨ ਸਾਹਿਬ, ਮੈਂ ਆਪਣੀ ਟਿਪਣੀ ਕੇਵਲ ਪ੍ਰਧਾਨਗੀ ਭਾਸ਼ਨ ਵਿਚਲੇ ਇਕੋ ਫਿਕਰੇ ਤਕ ਹੀ ਮਹਿਦੂਦ ਰੱਖਾਂਗਾ। ਇਹ ਫਿਕਰਾ ਸ੍ਰਮਤੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਉਤਰੀ ਭਾਰਤ ਦੇ ਬਹੁਤ ਸਾਰੇ ਸ਼ਹਿਰਾਂ ਅੰਦਰ ਹੋਈਆਂ ਹਿੰਸਕ ਵਾਦਾਤਾਂ ਦੇ ਸਿਲਸਿਲੇ ਵਿਚ ਭਾਸ਼ਨ ਦੇ 7ਵੇਂ ਪੈਰੇ ਵਿਚ ਅੰਕਤ ਹੈ ਅਤੇ ਇਸ ਪ੍ਰਕਾਰ ਹੈ; "ਥੋੜੇ ਤੋਂ ਥੋੜੇ ਸਮੇਂ ਅੰਦਰ ਸਥਿਤੀ ਨੂੰ ਕਾਬੂ ਹੇਠ ਕਰਨ ਲਈ ਸਖਤ ਅਤੇ ਕਾਰਗਰ ਤਰੀਕੇ ਨਾਲ ਕਾਰਵਾਈ ਕੀਤੀ ਗਈ।" ਮੈਂ ਕੋਈ ਬਹੁਤਾ ਲੰਮਾ ਭਾਸ਼ਨ ਨਹੀਂ ਦੇਵਾਂਗਾ। ਜੋ ਥੋੜਾ ਬਹੁਤ ਮੈਂ ਕਹਾਂਗਾ ਉਹ ਮੇਰੇ ਆਪਣੇ ਤਜਰਬੇ 'ਤੇ ਹੀ ਅਧਾਰਤ ਹੈ ਅਤੇ ਮੈਨੂੰ ਪੂਰਨ ਵਿਸ਼ਵਾਸ਼ ਹੈ ਕਿ ਸਦਨ ਦੇ ਸਭੋ ਮੈਂਬਰ ਮੇਰੇ ਨਾਲ ਸਹਿਮਤ ਹੋਣਗੇ।

ਮੈਂ ਖੁਦ ਉਸ ਹਿੰਸਾ ਦੇ ਕਰਮ ਦਾ ਸ਼ਿਕਾਰ ਸਾਂ ਅਤੇ ਮੇਰਾ ਖਿਆਲ ਹੈ ਕਿ ਗਿਆ ਸੀ ਉਨ੍ਹਾਂ ਦੀ ਹਰਕਤ ਲਈ ਸਾਰੇ ਸਿੱਖ ਹੀ ਕਿਸੇ ਨਾ ਕਿਸੇ ਰੂਪ ਵਿਚ ਜ਼ਿੰਮੇਵਾਰ ਸਨ। ਮੇਰਾ ਘਰ ਖਾਨ ਮਾਰਕੀਟ ਦੇ ਨੇੜੇ ਪੈਂਦਾ ਹੈ ਜਿਥੇ ਬਹੁਤੀ ਵਸੋਂ ਮੱਧ ਵਰਗੀ ਸ਼੍ਰੇਣੀ ਦੇ ਲੋਕਾਂ ਦੀ ਹੈ। ਪਹਿਲੀ ਹਿੰਸਕ ਵਾਰਦਾਤ ਰਾਤ ਨੂੰ ਹੋਈ। ਮੇਰੇ ਘਰ ਦੇ ਬਾਹਰ ਖੜੀਆਂ ਕੁਝ ਕਾਰ੍ਹਾਂ ਨੂੰ ਅੱਗ ਲਾ ਦਿੱਤੀ ਗਈ ਤੇ ਇਹ ਸਿਲਸਿਲਾ ਅਗਲਾ ਸਾਰਾ ਦਿਨ ਚਲਦਾ ਰਿਹਾ। ਤੜਕੇ ਤੜਕੇ ਮੇਰੇ ਘਰ ਦੇ ਨੇੜਲੇ ਗੁਰਦੁਆਰੇ ਨੂੰ ਅੱਗ ਲਾ ਦਿੱਤੀ ਗਈ। ਫਿਰ ਇਕ ਟੈਕਸੀ ਸਟੈਂਡ ਤਬਾਹ ਕਰ ਦਿੱਤਾ ਗਿਆ। ਉਥੇ ਨਾਲ ਲਗਦੀਆਂ ਦੁਕਾਨਾਂ ਲੁੱਟ ਲਈਆਂ ਤੇ ਦੰਗਾਕਾਰਾਂ ਨੇ ਦੁਕਾਨਾਂ ਵੀ ਸਿਰਫ ਸਿੱਖਾਂ ਦੀਆਂ ਹੀ ਲੁੱਟੀਆ। ਮੈਨੂੰ ਇਹ ਗੱਲ ਕਹਿਣ ਦੀ ਇਜਾਜ਼ਤ ਦਿਓ ਕਿ 31 ਅਕਤੂਬਰ ਦੀ ਸ਼ਾਮ ਤੋਂ ਲੈ ਕੇ ਦੋ ਨਵੰਬਰ ਪੁਲੀਸ ਹਮੇਸ਼ਾਂ ਹੀ ਨੇੜੇ ਖੜੀ ਰਹਿੰਦੀ, ਆਪਣੀਆਂ ਅੱਖਾ ਨਾਲ ਕੁਝ ਵੇਖਦੀ ਰਹਿਦੀ ਪਰ ਦੰਗਾ ਸਖਤ ਤੇ ਅਸਰਦਾਰ ਕਦਮ ਚੁਕੇ। ਆਓ ਇਸ ਦਾਅਵੇ ਨੂੰ ਅੰਕੜਿਆਂ ਉਤੇ ਪਰਖੀਏ। ਇਨ੍ਹਾਂ ਦੋ ਦਿਨਾਂ ਵਿਚ ਛੇ ਹਜ਼ਾਰ ਬੇਗੁਨਾਹ ਸਿੱਖਾਂ ਦਾ ਕਤਲੇਆਮ ਹੋਇਆ, 900 ਔਰਤਾਂ ਦੇ ਸੁਹਾਗ ਲੁੱਟੇ ਗਏ ਤੇ 50 ਹਜ਼ਾਰ ਦੇ ਕਰੀਬ ਸਿੱਖ ਬੇਘਰ ਹੋ ਗਏ ਤੇ ਉਨ੍ਹਾਂ ਨੂੰ ਸ਼ਰਨਾਰਥੀ ਕੈਂਪਾਂ ਵਿਚ ਜਾਣ ਲਈ ਮਜਬੂਰ ਹੋਣਾ ਪਿਆ। ਸਿੱਖਾਂ ਦੀ ਅਰਬਾ ਰੁਪਏ ਦੀ ਜਾਇਦਾਦ ਤਬਾਹ ਹੋ ਗਈ। ਕੀ ਤੁਸੀਂ ਅਜੇ ਵੀ ਇਸ ਨੂੰ ਥੋੜੇ ਜਿਹੇ ਅਰਸੇ ਵਿਚ ਚੁੱਕਿਆ ਸਖਤ ਤੇ ਅਸਰਦਾਈ ਕਦਮ ਕਹੋਗੇ। ਇਹ ਭਿਆਨਕ ਦੁਖਾਂਤ ਤਾ ਲੰਘ ਗਿਆ ਹੈ। ਜੋ ਕੁਝ ਵਾਪਰਿਆ ਅਸੀਂ ਸਾਰੇ ਉਸ ਲਈ ਸ਼ਰਮਸਾਰ ਹਾਂ। ਇਸ ਵਾਰ ਸਿੱਖ ਦੰਗਿਆ ਦਾ ਸ਼ਿਕਾਰ ਹੋਏ ਕਿਉਂਕਿ ਕਾਤਲ ਸਿੰਘ ਸਨ ਤੇ ਸਿੱਖ ਦਹਿਸ਼ਤਪ੍ਰਸਤਾਂ ਵਜੋਂ ਪੰਜਾਬ ਵਿਚ ਕਤਲ ਕੀਤੇ ਜਾ ਰਹੇ ਸਨ। ਪਰ ਮੇਰੀਆ ਗੱਲਾਂ ਨੂੰ ਚੇਤੇ ਰਖਣਾ ਇਸ ਵਾਰ ਹਮਲਾਵਾਰਾਂ ਵਿਚ ਉਹ ਸਨ ਜੋ ਝੁੱਗੀਆਂ ਝੌਂਪੜੀਆ ਵਿਚ ਰਹਿੰਦੇ ਤੇ ਜਾਂ ਫਿਰ ਉਨ੍ਹਾਂ ਪਿੰਡਾਂ ਤੋਂ ਆਏ ਸਨ ਜਿੰਨ੍ਹਾਂ ਦੀ ਜ਼ਮੀਨ ਦਿੱਲੀ ਦੇ ਸ਼ਹਿਰ ਨੂੰ ਹੋਰ ਵੱਡਾ ਸੁੰਦਰ ਬਨਾਉਣ ਲਈ ਸਰਕਾਰੀ ਕਬਜ਼ੇ ਹੇਠ ਲੈ ਲਈ ਗਈ ਸੀ। ਹੁਣ ਸ਼ੇਰ ਦੇ ਮੂੰਹ ਨੂੰ ਲਹੂ ਲੱਗ ਚੁੱਕਾ ਹੈ। ਇਸ ਵਾਰ ਕਹਿਰ ਸਾਡੇ ਉਤੇ ਢੱਠਾ ਤੇ ਅਗਲੀ ਵਾਰ ਤੁਸੀ ਵੀ ਇਸ ਦੀ ਲਪੇਟ ਵਿੱਚ ਆਓਗੇ ਤੇ ਜੇ ਉਸ ਤੋਂ ਪਿਛੋਂ ਮੁੜ ਵਾਪਰਿਆ ਤਾਂ ਉਹ ਬੰਦੇ ਇਸ ਦਾ ਸ਼ਿਕਾਰ ਹੋਣਗੇ ਜਿਹੜੇ ਜਾਇਦਾਦਾਂ ਵਾਲੇ ਨੇ। ਮੇਰਾ ਖਿਆਲ ਹੈ ਕਿ ਜੋ ਕੁਝ ਪਿਛੇ ਵਾਪਰਿਆ ਉਸ ਦੀ ਜੜ੍ਹਾਂ ਸਾਡੀਆਂ ਰਵਾਇਤਾਂ ਵਿਚ ਨਹੀਂ ਹਨ। ਜੇਕਰ ਇਹ ਸਾਡੀਆਂ ਰਵਾਇਤਾਂ ਹਨ ਅਤੇ ਤੁਸਾਂ

ਖੁਸ਼ਵੰਤ ਸਿੰਘ ਦਾ ਬਿਆਨ

ਆਪਣੇ ਆਪ ਨੂੰ ਜਾਇਜ਼ ਠਹਿਰਾਉਣ ਲਈ ਇਹੋ ਦਾਅਵੇ ਕਰਨੇ ਹਨ ਕਿ ਤੁਸਾਂ "ਸਖਤ ਤੇ ਅਸਰਦਾਈ" ਕਦਮ ਚੁੱਕੇ ਤਾਂ ਫਿਰ ਇਸ ਦੇਸ਼ ਲਈ ਬਹੁਤ ਘੱਟ ਆਸਾਂ ਉਮੀਦਾਂ ਹਨ।

ਮੈਨੂੰ ਇਸ ਗੱਲ ਦੀ ਬੜੀ ਆਸ ਸੀ ਕਿ ਪੂਰਾ ਹਾਊਸ ਮੇਰੇ ਨਾਲ ਖੜ੍ਹੇਗਾ। ਪਰੰਤੂ ਬਦਕਿਸਮਤੀ ਨਾਲ ਮੈਂ ਅਜਿਹਾ ਨਹੀਂ ਕਰ ਸਕਿਆ। ਹੁਣ ਮੈਂ ਅਜਿਹਾ ਨਹੀਂ ਕਰ ਸਕਿਆ। ਹੁਣ ਮੈਂ ਆਪਣੀ ਗੱਲ ਦੋ ਰਿਪੋਰਟਾਂ ਦੇ ਹਵਾਲੇ ਨਾਲ ਖਤਮ ਕਰਨ ਲੱਗਿਆ ਹਾਂ। ਇਨ੍ਹਾਂ ਵਿਚੋਂ ਇਕ ਛਪੀ ਰਿਪੋਰਟ ਦਾ ਨਾਂ ਹੈ "ਦੋਸ਼ੀ ਕੌਣ ? ਇਹ ਰਿਪੋਰਟ ਇਕ ਵਿਦਵਾਨ ਮ. ਰਜਨੀ ਕੁਠਾਰੀ ਵਲੋਂ ਤਿਆਰ ਕੀਤੀ ਗਈ ਹੈ। ਦੂਜੀ ਰਿਪੋਰਟ ਉਹ ਹੈ ਜਿਹੜੀ ਕਿ ਕੁਝ ਦਿਨਾਂ ਤਕ ਤੁਹਾਡੇ ਹੱਥਾਂ ਵਿਚ ਪਹੁੰਚ ਜਾਵੇਗੀ। ਇਹ ਰਿਪੋਰਟ ਸੁਪਰੀਮ ਕੋਰਟ ਦੇ ਰਿਟਾਇਰਡ ਜਸਟਿਸ ਐਸ. ਐਮ. ਸੀਕਰੀ ਵਲੋਂ ਤਿਆਰ ਕੀਤੀ ਗਈ ਹੈ। ਇਸ ਕਮੇਟੀ ਦੇ ਮੈਂਬਰ ਕਈ ਉਚੇ ਅਹੁਦਿਆ ਤੋਂ ਰਿਟਾਇਰ ਮਹੱਤਵਪੂਰਨ ਵਿਅਕਤੀ ਵੀ ਹਨ ਜਿਨ੍ਹਾਂ ਵਿਚ ਬਦਰੁਦੀਨ ਤਾਇਬਜੀ, ਰਾਜੇਸ਼ਵਰ ਦਿਆਲ ਅਤੇ ਗੋਵਿੰਦ ਨਰੈਣ ਸ਼ਾਮਲ ਹਨ ਇਨ੍ਹਾਂ 'ਚੋਂ ਕੋਈ ਵੀ ਸਿੱਖ ਨਹੀਂ ਹੈ। ਉਨ੍ਹਾਂ ਨੇ ਪ੍ਰਸ਼ਾਸਨ ਉਤੇ ਗੰਭੀਰ ਦੋਸ਼ ਲਾਏ ਹਨ। "ਦੋਸ਼ੀ ਕੌਣ ?" ਨਾਂ ਦੇ ਕਿਤਾਬਚੇ ਵਿਚ ਤਿੰਨੇ ਹੀ ਨਾਵਾਂ ਦੀ ਸੂਚੀ ਹੈ ਮੈਂ ਉਨ੍ਹਾਂ ਦਾ ਨਾਂ ਨਹੀਂ ਲੈ ਰਿਹਾ ਪਰ ਏਨਾ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ 'ਚੋਂ ਕਈ ਵਿਅਕਤੀ ਪਾਰਲੀਮੈਂਟ ਦੇ ਮੈਂਬਰ ਅਤੇ ਸਰਕਾਰ ਵਿਚ ਸੀਨੀਅਰ ਮੰਤਰੀ, ਮੈਟਰੋਪੋਲੀਟਨ ਕੌਂਸਲ ਦੇ ਮੈਂਬਰ ਅਤੇ ਦਿੱਲੀ ਮਿਊਂਸਪਲ ਕਾਰਪੋਰਸ਼ਨ ਦੇ ਮੈਂਬਰ ਸ਼ਾਮਲ ਹਨ। ਮੈਂ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਕੀ ਤੁਸੀ ਕਦੇ ਇਹ ਨਹੀਂ ਸੋਚਿਆ ਹੈ ਕਿ ਜਿਨ੍ਹਾਂ ਵਿਅਕਤੀਆਂ ਦੇ ਸੂਚੀ ਵਿਚ ਨਾਂ ਦਿੱਤੇ ਗਏ ਹਨ ਉਨ੍ਹਾਂ ਵਿਅਕਤੀਆਂ ਨੇ ਸਫਾਈ ਪੇਸ਼ ਕਰਨ ਦੀ ਲੋੜ ਵੀ ਨਹੀਂ ਸਮਝੀ। ਕੀ ਸਰਕਾਰ ਵਿਚ ਏਨਾ ਵੀ ਜ਼ਿੰਮੇਵਾਰੀ ਦਾ ਅਹਿਸਾਸ ਨਹੀਂ ਕਿ ਉਹ ਇੰਨੇ ਵੱਡੇ ਭਿਆਨਕ ਦੁਖਾਂਤ ਦਾ ਗੰਭੀਰ ਨੋਟਿਸ ਲਏ। ਜੇ ਤੁਹਾਡੇ ਅੰਦਰ ਇਤਿਹਾਸ ਦੀ ਥੋੜੀ ਜਿਹੀ ਵੀ ਸੂਝ ਹੈ ਤਾਂ ਤੁਸੀਂ ਦੇਖਣਾ ਕਿ 50 ਸਾਲ ਪਿਛੋਂ ਜਿਹੜਾ ਵੀ ਵਿਅਕਤੀ ਸਾਡੇ ਪ੍ਰਧਾਨ ਮੰਤਰੀ ਦੇ ਦਰਦਨਾਕ ਕਤਲ ਪਿਛੋਂ ਵਾਪਰੀਆਂ ਹਿੰਸਕ ਘਟਨਾਵਾਂ ਦਾ ਜ਼ਿਕਰ ਕਰੇਗਾ ਤਾਂ ਸਾਡੇ ਕੋਲ ਉਸ ਸਮੇਂ ਕਿਹੜੀਆਂ ਦਸਤਾਵੇਜ਼ਾਂ ਹੋਣਗੀਆਂ ? ਸਪਸ਼ਟ ਹੈ ਕਿ ਸੀਕਰੀ ਕਮਿਸ਼ਨ ਦੀ ਰਿਪੋਰਟ ਤੇ ਹੋਰ ਕੁਝ ਵੀ ਨਹੀਂ। ਮੇਰੀ ਬੁੱਧੀ ਜਿੰਨਾ ਵੀ ਵਧ ਤੋਂ ਵਧ ਸੋਚ ਸਕਦੀ ਹੈ ਉਸ ਅਧਾਰ ਉਤੇ ਮੈਂ ਇਸ ਗੱਲ ਉਤੇ ਫਿਰ ਜ਼ੋਰ ਦੇ ਰਿਹਾ ਹਾਂ ਕਿ ਇਨ੍ਹਾਂ ਹਿੰਸਕ ਦੰਗਿਆਂ ਬਾਰੇ ਉੱਚ ਪੱਧਰੀ ਅਦਾਲਤੀ ਕਮਿਸ਼ਨ ਕਾਇਮ ਕੀਤਾ ਜਾਏ। ਜਦ ਤਕ ਦੋਸ਼ੀਆ ਨੂੰ ਕਟਹਿਰੇ ਵਿਚ ਖੜ੍ਹਾ ਕਰ ਕੇ ਸਜ਼ਾ ਨਹੀਂ ਦਿਤੀ ਜਾਂਦੀ ਉਨ੍ਹਾਂ ਚਿਰ ਤੱਕ ਮੇਰੀ ਇਹ ਗੱਲ ਯਾਦ ਰੱਖਣਾ ਕਿ ਪੰਜਾਬ ਦੀ ਸਮੱਸਿਆ ਦਾ ਕੋਈ ਹੱਲ ਨਹੀਂ ਨਿਕਲ ਸਕੇਗਾ ਅਤੇ ਨਾ ਹੀ ਦੇਸ਼ ਵਿਚ ਅਮਨ ਕਾਇਮ ਰਹਿ ਸਕਦਾ ਹੈ।

4 ਇੰਕਾ ਮੁਖ ਮੰਤ੍ਰੀਆਂ ਨੂੰ ਛਡਕੇ ਬਾਕੀ ਸਭ ਨੂੰ ਟਿਕਟ ਮਿਲੇਗੀ

ਗਾਈਡ ਲਾਈਨ ਮੁਤਾਬਿਕ ਲੀਡਰਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਟਿਕਟ ਨਹੀਂ ਮਿਲਣਗੇ। ਸ੍ਰੀ ਪਾਟਿਲ ਨੇ ਕਲ੍ਹ ਕਿਹਾ ਕਿ ਐਤਕੀਂ 65 ਫੀਸਦੀ ਨਵੇਂ ਚਿਹਰੇ ਚੋਣਾਂ ਪਿਛੋਂ ਅਸੰਬਲੀਆਂ 'ਚ ਆਉਣਗੇ। ਉਹਨਾਂ ਫਿਲਮੀ ਸਿਤਾਰਿਆਂ ਨੂੰ ਟਿਕਟ ਦਿਤੇ ਜਾਣ ਦੀ ਸੰਭਾਵਨਾ ਨੂੰ ਵੀ ਰੱਦ ਨਹੀਂ ਕੀਤਾ। ਇਕ ਹੋਰ ਇਤਲਾਹ ਦੇ ਅਨੁਸਾਰ ਹੋ ਸਕਦਾ ਹੈ ਕਿ ਐਤਕੀਂ ਚਾਰ ਕਾਂਗਰਸ (ਆਈ) ਦੇ ਮੁਖ ਮੰਤਰੀਆਂ ਨੂੰ ਟਿਕਟ ਨਾ ਮਿਲੇ। ਹਾਈ ਕਮਾਂਡ ਡੀਆਂ ਥੰਦੀ ਕਾਂਗਰਸ (ਆਈ) ਵਿਚ ਬਹੁਤ ਹੈ। 11 ਅਸੰਬਲੀ ਸੀਟਾਂ ਤੇ ਇਕ ਕੇਂਦਰੀ ਸਾਸ਼ਤ ਪਾਂਡੀਚਰੀ ਲਈ ਹੋਣ ਵਾਲੀ ਚੋਣ ਵਾਸਤੇ 11 ਸੌ ਤੋਂ ਉਪਰ ਉਮੀਦਵਾਰ ਕਾਗਜ਼ ਦਾਖਲ ਕਰ ਚੁਕੇ ਹਨ ਜਦੋਂ ਕਿ ਵੋਟਾਂ ਦੀ ਗਿਣਤੀ 28 ਕਰੋੜ ਹੈ। ਅਜ਼ਾਦ ਉਮੀਦਵਾਰ ਵੀ ਬਹੁਤ ਮੈਦਾਨ ਵਿਚ ਹਨ। ਰਾਜਸੀ ਪਾਰਟੀਆਂ ਨੇ ਅੱਜ ਆਪਣੇ ਉਮੀਦਵਾਰ ਖੜ੍ਹੇ ਕਰਨੇ ਹਨ। ਅਜੇ ਆਪਸੀ ਚੋਣ ਸਮਝੌਤਾ ਵੀ ਨਹੀਂ ਹੋਇਆ।

ਲਾਸ਼ਾਂ ਦਾ ਸ਼ਹਿਰ — ਭੁਪਾਲ

ਵੱਲੋਂ: ਵੈਨਕੂਵਰ ਸੱਥ

(ਸੁਖਵੰਤ ਹੁੰਦਲ, ਸਰਵਨ ਬੋਲ, ਸਾਧੂ, ਮੱਖਣ ਟੁੱਟ)

ਮਨੁੱਖ ਨੇ ਜੋ ਹੁਣ ਤੱਕ ਸਨਅਤੀ ਤੌਰ ਤੇ ਤਰੱਕੀ ਕੀਤੀ ਹੈ ਉਸ ਦੇ ਸਿਰਫ ਲਾਭ ਹੀ ਨਹੀਂ ਅਨੇਕਾਂ ਨੁਕਸਾਨ ਵੀ ਹੋਏ ਹਨ। ਸਨਅਤੀ ਦਾ ਬਹੁਤਾ ਮਾਰੂ ਅਸਰ ਹੌਲੀ ਹੌਲੀ ਲੰਮੇਂ ਸਮੇਂ ਵਿੱਚ ਹੋਇਆ ਅਤੇ ਮਨੁੱਖੀ ਜੀਵਨ ਦਾ ਅੰਗ ਬਣ ਜਾਣ ਕਰਕੇ ਇੰਨਾ ਰੜਕਦਾ ਨਹੀਂ। ਪਰ ਸਨਅਤ ਨਾਲ ਸਬੰਧਤ ਹਾਦਸੇ ਸਾਨੂੰ ਝੰਜੋਲਾ ਦੇ ਕੇ ਇਸ ਦੇ ਮਾਰੂ ਅਸਰਾਂ ਬਾਰੇ ਜਗਾ ਜਾਂਦੇ ਹਨ। ਇਹੋ ਜਿਹਾ ਝੰਜੋਲਨ ਵਾਲਾ ਹਾਦਸਾ ਪਿਛਲੇ ਦਿਨੀਂ ਭੁਪਾਲ ਵਿਚ ਹੋਇਆ ਹੈ। ਦਸੰਬਰ ਦੇ ਦੂਜੇ ਹਫਤੇ ਹੋਇਆ ਇਹ ਹਾਦਸਾ ਸਨਅਤ ਨਾਲ ਸਬੰਧਤ ਦੁਰਘਟਨਾਵਾਂ ਵਿਚੋਂ ਸਭ ਤੋਂ ਭਿਆਨਕ ਹਾਦਸਾ ਹੈ।

ਭੁਪਾਲ ਵਿਚ ਲੱਗੇ ਕੀੜੇਮਾਰ ਦਵਾਈਆਂ ਬਣਾਉਣ ਵਾਲੇ ਯੂਨੀਅਨ ਕਾਰਬਾਈਡ ਦੇ ਕਾਰਖਾਨੇ ਦੇ ਨੇੜੇ ਦੇ ਇਲਾਕਿਆਂ ਵਿਚ ਅੱਧੀ ਰਾਤ ਵੇਲੇ ਜਦੋਂ ਗਰੀਬ ਮਜ਼ਦੂਰ ਲੋਕ ਕੰਮਾਂ ਅਤੇ ਤੰਗੀਆਂ ਦੇ ਭੰਨੇ ਸੁੱਤੇ ਪਏ ਸਨ ਤਾਂ ਉਨ੍ਹਾਂ ਨੂੰ ਅਚਾਨਕ ਮੌਤ ਨੇ ਆ ਦਬਾਇਆ। ਇਹ ਮੌਤ ਇਸ ਕਾਰਖਾਨੇ ਚੋਂ ਨਿਕਲੀ ਮੈਥਲ ਆਇਸੋਸਾਈਨੇਟ-ਮਿਕ (Methyl Isocynate-Mic) ਨਾਂ ਦੀ ਗੈਸ ਸੀ। ਇਸ ਗੈਸ ਦੀ ਮਾਰ ਹੇਠਾਂ ਆਏ ਕੁਝ ਲੋਕ ਤਾਂ ਸੁੱਤੇ ਹੀ ਉਠ ਨਾ ਸਕੇ। ਕੁਝ ਲੋਕਾਂ ਦਾ ਜਦੋਂ ਇਸ ਗੈਸ ਨਾਲ ਦਮ ਘੁੱਟਣ ਲੱਗਾ ਤਾਂ ਉਹ ਬਚਾਅ ਲਈ ਬਾਹਰ ਸੜਕਾਂ ਤੇ ਆ ਗਏ। ਇਨ੍ਹਾਂ ਬਾਹਰ ਆਏ ਲੋਕਾਂ ਵਿਚੋਂ ਜਿਹੜੇ ਲੋਕ ਕਾਰਖਾਨੇ ਦੀ ਦਿਸ਼ਾ ਵੱਲ ਚਲੇ ਗਏ ਉਹ ਸਾਰੇ ਮੌਤ ਦਾ ਸ਼ਿਕਾਰ ਹੋ ਗਏ। ਕੁਝ ਲੋਕਾਂ ਨੇ ਆਪਣੀਆਂ ਝੌਂਪੜੀਆਂ ਦੇ ਦਰਵਾਜੇ ਬੰਦ ਕਰਕੇ ਹੀ ਬਚਣ ਦਾ ਸੋਚਿਆ ਪਰ ਬਦਕਿਸਮਤ ਬਚ ਨਾ ਸਕੇ। ਉਨ੍ਹਾਂ ਦੀਆਂ ਝੌਂਪੜੀਆਂ ਉਨ੍ਹਾਂ ਲਈ ਗੈਸ ਚੈਂਬਰ ਬਣ ਗਈਆਂ। ਇਹ ਮੌਤ ਦਾ ਬੱਦਲ ਝੌਂਪੜੀਆਂ ਉਪਰੋਂ ਦੀ ਹੁੰਦਾ ਹੋਇਆ ਭੁਪਾਲ ਦੇ ਰੇਲਵੇ ਸਟੇਸ਼ਨ ਵੱਲ ਵਧਿਆ ਅਤੇ ਉਥੇ ਰੇਲ ਦੇ ਮੁਲਾਜਮਾਂ, ਕੁਲੀ, ਰੇੜੀਆਂ ਵਾਲੇ ਤੇ ਸਟੇਸ਼ਨ ਤੇ ਮੌਜੂਦ ਮੁਸਾਫਰ ਇਸ ਮੌਤ ਦਾ ਸ਼ਿਕਾਰ ਹੋਏ। ਕੁਝ ਹੀ ਘੰਟਿਆਂ ਵਿਚ ਸਾਰੇ ਸ਼ਹਿਰ ਵਿੱਚ ਹਾਹਾਕਾਰ ਮੱਚ ਗਈ। ਸੜਕਾਂ ਉਪਰ ਲੋਕਾਂ ਅਤੇ ਜਾਨਵਰਾਂ ਦੀਆਂ ਲਾਸ਼ਾਂ ਡਿੱਗਣ ਲੱਗੀਆਂ। ਭੁਪਾਲ ਇਕ ਲਾਸ਼ਾਂ ਦਾ ਸ਼ਹਿਰ ਜਾਪਣ ਲੱਗਾ। ਟੈਲੀਵੀਜਨ ਕੈਮਰਿਆਂ ਨੇ ਦੁਨੀਆਂ ਭਰ ਨੂੰ ਇਸ ਦੁਰਘਟਨਾ ਦੇ ਦ੍ਰਿਸ਼ ਦਿਖਾਏ ਹਨ ਕਿ ਕਿਵੇਂ ਪਸ਼ੂਆਂ ਦੀਆਂ ਲਾਸ਼ਾਂ ਕਰੇਨਾਂ ਨਾਲ ਸੜਕਾਂ ਤੋਂ ਚੁੱਕੀਆਂ ਗਈਆਂ ; ਕਿਸ ਤਰ੍ਹਾਂ ਕਿੰਨੇ ਕਿੰਨੇ ਮੁਰਦਾ ਸਰੀਰ ਇਕੋ ਇਕ ਕਬਰ ਵਿੱਚ ਦੱਬੇ ਗਏ; ਕਿਸ ਤਰ੍ਹਾਂ ਇਕ ਇਕ ਚਿਖਾ ਤੇ ਕਿੰਨੀਆਂ ਕਿੰਨੀਆਂ ਲਾਸ਼ਾਂ ਫੂਕੀਆਂ ਗਈਆਂ। ਇਸ ਹਾਦਸੇ ਦੇ ਕਾਰਨ 2500 ਤੋਂ ਉਪਰ ਲੋਕ ਮਰੇ ਹਨ, 20,000 ਅੰਨੇ ਹੋਏ ਹਨ ਅਤੇ ਦੋ ਲੱਖ ਲੋਕਾਂ ਦੀਆਂ ਅੱਖਾਂ, ਫੇਫੜਿਆਂ, ਗੁਰਦਿਆਂ ਅਤੇ ਦਿਮਾਗ ਨੂੰ ਨੁਕਸਾਨ ਪੁੱਜਾ ਹੈ। ਇਸ ਮਾਰੂ ਗੈਸ ਨੇ ਬੱਚਿਆਂ ਅਤੇ ਕਮਜ਼ੋਰਾਂ ਉਪਰ ਬਹੁਤ ਜ਼ਿਆਦਾ ਅਸਰ ਕੀਤਾ ਹੈ। ਇਸ ਦੇ ਪੂਰੇ ਅਸਰ ਬਾਰੇ ਅਜੇ ਡਾਕਟਰ ਤੇ ਵਿਗਿਆਨਿਕ ਪਤਾ ਨਹੀਂ ਕਰ ਸਕੇ ਪਰ ਅੰਦਾਜ਼ਾ ਹੈ ਕਿ ਇਹਦਾ ਅਸਰ ਲੋਕਾਂ ਉਪਰ ਕਾਫੀ ਲੰਮਾ ਸਮਾਂ ਰਹੇਗਾ। ਉਦਾਹਰਣ ਵਜੋਂ ਗਰਭਪਤੀ ਔਰਤਾਂ ਉਪਰ ਇਸ ਗੈਸ ਦਾ ਅਸਰ ਹੋਇਆ ਹੈ ਉਨ੍ਹਾਂ ਦੀ ਉਲਾਦ ਵੀ ਇਸ ਦੀ ਮਾਰ ਤੋਂ ਨਹੀਂ ਬਚੇਗੀ।

ਇਹ ਗੈਸ ਆਈ ਕਿਥੋਂ ?

ਯੂਨੀਅਨ ਕਾਰਬਾਈਡ ਦੇ ਭੁਪਾਲ ਵਿੱਚ ਲੱਗੇ ਕਾਰਖਾਨੇ ਵਿਚ ਸੇਵਿਨ (Sevin) ਨਾਂ ਦੀ ਕੀੜੇ-ਮਾਰ ਦਵਾਈ ਬਣਾਉਣ ਲਈ ਮਿਥਾਈਲ ਆਇਸੋਸਾਈਨੇਟ (Mic.) ਗੈਸ ਵਰਤੀ ਜਾਂਦੀ ਹੈ। ਗੈਸ ਖਤਰਨਾਕ ਹੋਣ ਕਰਕੇ ਇਹਨੂੰ ਧਰਤੀ ਹੇਠਾਂ ਬਣੇ ਟੈਂਕਾਂ ਵਿੱਚ ਰੱਖਿਆ ਜਾਂਦਾ ਹੈ। ਹਾਦਸੇ ਵਾਲੀ ਰਾਤ ਇਕ ਟੈਂਕ, ਜਿਸ ਵਿੱਚ ਗੈਸ ਦੀ ਮਿਕਦਾਰ ਸੁਰਖਿੱਅਤ ਦਰਜੇ ਤੋਂ ਕਿਤੇ ਜ਼ਿਆਦਾ ਸੀ, ਦਾ ਪ੍ਰੈਸ਼ਰ ਵਧਣਾ ਸ਼ੁਰੂ ਹੋ ਗਿਆ। ਕਾਰਖਾਨੇ ਦੇ ਕਰਮਚਾਰੀ ਨੇ ਰਾਤ ਦੇ ਗਿਆਰਾਂ ਵਜੇ ਇਹ ਪ੍ਰੈਸ਼ਰ ਵਧਦਾ ਨੋਟ ਕੀਤਾ ਅਤੇ ਆਪਣੇ ਸੁਪਰਵਾਈਜ਼ਰ ਨੂੰ ਇਤਲਾਹ ਦਿੱਤੀ। ਸੁਪਰਵਾਈਜ਼ਰ ਤੇ ਕੁਝ ਕਰਮਚਾਰੀਆਂ ਨੇ ਇਹਦੇ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਪਰ ਗੱਲ ਵਿਗੜ ਚੁੱਕੀ ਸੀ। ਟੈਂਕ ਵਿਚੋਂ ਗੈਸ ਲੀਕ ਹੋਣੀ ਸ਼ੁਰੂ ਹੋ ਗਈ। ਪੈਂਤੀਆਂ ਮਿੰਟਾਂ ਦੇ ਸਮੇਂ ਵਿੱਚ ਪੰਦਰਾਂ ਟਨ ਦੇ ਲੱਗਭੱਗ ਇਹ ਗੈਸ ਹਵਾ ਵਿੱਚ ਘੁਲ ਗਈ। ਹਵਾ ਵਿਚ ਇਹਦੀ ਹੋਂਦ ਸੁਰਖਿੱਅਤ ਮਿਕਦਾਰ ਨਾਲੋਂ ਹਜ਼ਾਰ ਗੁਣਾਂ ਵੱਧ ਸੀ।

ਇਹ ਗੈਸ ਕੀ ਹੈ ?

ਇਹ ਗੈਸ ਇਸੇ ਹੀ ਕਾਰਖਾਨੇ ਵਿਚ ਬਣਾਈ ਜਾਂਦੀ ਹੈ। ਇਸਨੂੰ ਬਣਾਉਣ ਦਾ ਤਰੀਕਾ ਕਾਫੀ ਖਤਰਨਾਕ ਹੈ। ਸੱਭ ਤੋਂ ਪਹਿਲਾਂ ਕਾਰਬਨ ਮੋਨੋਆਕਸਾਈਡ ਗੈਸ (ਜਿਹੜੀ ਖੁਦ ਹੀ ਜ਼ਹਿਰੀਲੀ ਹੈ) ਨੂੰ ਕਲੋਰੀਨ ਗੈਸ ਨਾਲ ਮਿਲਾ ਕੇ ਫਾਸਜੀਨ (Phosgene) ਗੈਸ ਬਣਾਈ ਜਾਂਦੀ ਹੈ। ਫਿਰ ਫਾਸਜੀਨ ਗੈਸ ਨੂੰ ਮਿਥਾਈਲ ਲੈਮਾਈਨ (Methylamine) ਨਾਲ ਮਿਲਾ ਕੇ ਮਿਥਾਈਲ ਆਇਸੋਸਾਈਨੇਟ ਗੈਸ ਬਣਦੀ ਹੈ। ਫਾਸਜੀਨ ਗੈਸ ਜਰਮਨੀ ਅਤੇ ਅਮਰੀਕਾ ਨੇ ਪਹਿਲੀ ਸੰਸਾਰ ਜੰਗ ਵੇਲੇ ਇਕ ਮਾਰੂ ਹਥਿਆਰ ਵਜੋਂ ਵਰਤੀ ਸੀ। ਮਿਥਾਈਲ ਆਇਸੋਸਾਈਨੇਟ ਗੈਸ ਫਾਸਜੀਨ ਅਤੇ ਸਾਈਨਾਈਡ, ਜਿਹੜੀ ਹਿਟਲਰ ਨੇ ਜਹੂਦੀਆਂ ਨੂੰ ਮਾਰਨ ਲਈ ਗੈਸ-ਚੈਂਬਰਾਂ ਵਿਚ ਵਰਤੀ ਸੀ, ਨਾਲੋਂ ਸੈਂਕੜੇ ਗੁਣਾਂ ਵੱਧ ਖਤਰਨਾਕ ਹੈ। ਕੀ ਇਹ ਕਮਾਲ ਦੀ ਗੱਲ ਨਹੀਂ ਕਿ ਇਹ ਗੈਸ ਇਕ ਆਬਾਦੀ ਵਾਲੇ ਇਲਾਕੇ ਵਿੱਚ ਬਣਾਉਣ ਦੀ ਕਾਰਖਾਨੇਦਾਰਾਂ ਨੂੰ ਖੁੱਲੀ ਛੁੱਟੀ ਹੈ

ਯੂਨੀਅਨ ਕਾਰਬਾਈਡ ਕੰਪਨੀ ਦੀ ਭਾਰਤ ਵਿਚ ਆਮਦ ਅਤੇ ਹੋਂਦ:

ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਤੰਦੂਆ ਜਾਲ ਵਿਛਾਈ ਬੈਠੀਆਂ ਵੱਡੀਆਂ ਵੱਡੀਆਂ ਕੰਪਨੀਆਂ, ਜਿਨ੍ਹਾਂ ਨੂੰ ਮਲਟੀਨੈਸ਼ਨਲ ਕਾਰਪੋਰੇਸ਼ਨਜ ਕਿਹਾ ਜਾਂਦਾ ਹੈ, ਬਹੁਤੀਆਂ ਅਮਰੀਕਾ ਦੀਆਂ ਹਨ। ਇਨ੍ਹਾਂ ਵਿਚੋਂ ਕਈ ਕਾਰਪੋਰੇਸ਼ਨ ਬਹੁਤ ਹੀ ਵੱਡੀਆਂ ਅਤੇ ਤਾਕਤਵਰ ਹਨ। ਇਨ੍ਹਾਂ ਚੋਂ ਕਈਆਂ ਦਾ ਸਾਲ ਦਾ ਬਜਟ ਦੁਨੀਆਂ ਦੇ ਕਈ ਦੇਸ਼ਾਂ ਨਾਲੋਂ ਵੀ ਜ਼ਿਆਦਾ ਹੁੰਦਾ ਹੈ। ਯੂਨੀਅਨ ਕਾਰਬਾਈਡ ਅਮਰੀਕਾ ਵਿਚਲੀਆਂ ਕਾਰਪੋਰੇਸ਼ਨਜ ਦੀ ਲੜੀ ਵਿੱਚ ਚੌਵੀਵੇਂ ਨੰਬਰ ਤੇ ਆਉਂਦੀ ਹੈ। ਇਸ ਦਾ ਕਾਰੋਬਾਰ ਸਾਰੀ ਦੁਨੀਆਂ ਵਿਚ ਫੈਲਿਆ ਹੋਇਆ ਹੈ। ਇਸ ਦੇ ਬਣਾਏ ਹੋਏ ਮਾਲ ਦੀ ਵਿਕਰੀ 1982 ਵਿੱਚ 10.3 ਬਿਲੀਅਨ ਡਾਲਰ ਦੇ ਲੱਗਭੱਗ ਸੀ।

ਭਾਰਤ ਵਿੱਚ ਇਸ ਕੰਪਨੀ ਨੇ ਆਪਣਾ ਕਾਰੋਬਾਰ ਪੰਜਾਹ ਸਾਲ ਪਹਿਲਾਂ ਅਰੰਭਿਆ ਜਦੋਂ ਇਸਨੇ ਕੱਲਕੱਤੇ ਵਿਚ ਬੈਟਰੀਆਂ ਬਣਾਉਣ ਦਾ ਕੰਮ ਸ਼ੁਰੂ ਕੀਤਾ। ਅੰਗ੍ਰੇਜ਼ਾਂ ਦੇ ਭਾਰਤ ਛੱਡਣ ਤੋਂ ਬਾਅਦ ਵੀ ਭਾਰਤ ਦੀ ਸਰਕਾਰ ਨੇ ਇਸ ਕੰਪਨੀ ਦੀ ਵੱਧਣ ਫੁੱਲਣ ਵਿੱਚ ਮੱਦਦ ਕੀਤੀ। ਇਸ ਦੀ ਆਮਦ ਤੋਂ ਲੈ ਕੇ 1983 ਤੱਕ ਇਸ ਕੰਪਨੀ ਦੇ ਭਾਰਤ ਵਿੱਚ ਭੁਪਾਲ ਵਰਗੇ ਗਿਆਰਾਂ ਹੋਰ ਕਾਰੋਬਾਰ ਹਨ। ਇਸ ਕੰਪਨੀ ਨੇ 1983 ਵਿਚ 14 ਕਰੋੜ 22 ਲੱਖ ਦਾ ਮੁਨਾਫਾ ਕਮਾਇਆ।

ਭੁਪਾਲ ਵਿਚਲਾ ਕੀੜੇਮਾਰ ਦਵਾਈਆਂ ਦਾ ਇਹ ਕਾਰਖਾਨਾ:

ਅਖੌਤੀ ਹਰੇ ਇੰਨਕਲਾਬ ਨੂੰ ਕਾਮਯਾਬ ਕਰਨ ਲਈ ਭਾਰਤ ਵਿਚ ਕੀੜੇਮਾਰ ਦਵਾਈਆਂ ਦੀ ਜ਼ਰੂਰਤ ਸੀ। ਭੁਪਾਲ ਵਿੱਚ ਯੂਨੀਅਨ ਕਾਰਬਾਈਡ ਕੰਪਨੀ ਨੇ 1969 ਵਿੱਚ ਇਹ ਦਵਾਈਆਂ ਲਾਉਣ ਲਈ ਕਾਰਖਾਨਾ ਲਾਇਆ। ਸਰਕਾਰ ਵੱਲੋਂ ਇਸ ਕੰਪਨੀ ਨੂੰ ਟੈਕਸਾਂ ਵਿੱਚ ਹਰ ਕਿਸਮ ਦੀ ਛੋਟ ਦਿੱਤੀ ਗਈ। ਬਿਜਲੀ ਅਤੇ ਪਾਣੀ ਰਿਆਇਤੀ ਦਰਾਂ ਤੇ ਮੁਹੱਈਆ ਕੀਤਾ ਗਿਆ। ਸੰਨ 1975 ਵਿੱਚ ਇਸ ਕਾਰਖਾਨੇ ਨੂੰ ਫਾਸਜੀਨ ਤੇ ਮਿਥਾਈਲ ਆਇਸੋਸਾਈਨੇਟ ਵਰਗੀਆਂ ਜ਼ਹਿਰੀਲੀਆਂ ਗੈਸਾਂ ਦੇ ਆਧਾਰ ਤੇ ਦਵਾਈਆਂ ਬਣਾਉਣ ਦਾ ਲਾਈਸੈਂਸ ਦਿੱਤਾ ਗਿਆ। ਫੇਰ ਇਹ ਲਾਈਸੈਂਸ 1982 ਵਿਚ ਅਗਲੇ ਸੱਤਾਂ ਸਾਲਾਂ ਲਈ ਮੁੜ ਜਾਰੀ ਕਰ ਦਿੱਤਾ ਗਿਆ। ਇਹ ਲਾਈਸੈਂਸ ਕਿਵੇਂ ਮਿਲਦੇ ਹਨ ਇਸ ਬਾਰੇ ਅੱਗੇ ਚੱਲ ਕੇ ਵਿਚਾਰ ਕਰਾਂਗੇ।

ਮਲਟੀਨੈਸ਼ਨਲ ਕਾਰਪੋਰੇਸ਼ਨਜ ਤੇ ਘੱਟ ਉਨਤ ਦੇਸ਼:

ਭੁਪਾਲ ਵਿੱਚ ਹੋਏ ਹਾਦਸੇ ਵਰਗੀਆਂ ਘਟਨਾਵਾਂ ਬਾਰੇ ਜਾਨਣ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਇਹ ਕੰਪਨੀਆਂ ਗਰੀਬ ਮੁਲਕਾਂ ਵਿੱਚ ਸਰਮਾਇਆ ਲਾ ਕੇ ਉਸ ਤੋਂ ਮੁਨਾਫਾ ਕਿਸ ਤਰ੍ਹਾਂ ਕਮਾਉਂਦੀਆਂ ਹਨ ਅਤੇ ਉਨ੍ਹਾਂ ਦੇਸ਼ਾਂ ਵਿਚ ਕਿਸ ਤਰ੍ਹਾਂ ਦਾ ਰੋਲ ਨਿਭਾਉਂਦੀਆਂ ਹਨ। ਗਰੀਬ ਦੇਸ਼ਾਂ ਵਿੱਚ ਕਾਰਖਾਨੇ ਲਾਉਣ ਦਾ ਇਨ੍ਹਾਂ ਦਾ ਮੁੱਖ ਮੰਤਵ ਘੱਟ ਸਰਮਾਇਆ ਲਾ ਕੇ ਵੱਧ ਮੁਨਾਫਾ ਕਮਾਉਣਾ ਹੁੰਦਾ ਹੈ। ਵਿਕਾਸ ਕਰ ਰਹੇ ਦੇਸ਼ਾਂ ਨੂੰ ਸਨਅਤ ਵਿੱਚ ਵਿਕਾਸ ਕਰਨ ਲਈ ਟੈਕਨੋਲੋਜੀ ਅਤੇ ਵਿਦੇਸ਼ੀ ਮੁਦਰਾਂ ਦੀ ਲੋੜ ਹੁੰਦੀ ਹੈ। ਪਰ ਇਨ੍ਹਾਂ ਗਰੀਬ ਦੇਸ਼ਾਂ ਦੀ ਲੋੜ ਤੋਂ ਵੀ ਵੱਧ ਇਨ੍ਹਾਂ ਕੰਪਨੀਆਂ ਦੀ ਲੋੜ ਹੁੰਦੀ ਹੈ ਆਪਣਾ ਸਰਮਾਇਆ ਲਾ ਕੇ ਹੋਰ ਪੈਸਾ ਕਮਾਉਣ ਦੀ। ਸਰਮਾਏ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਉਹ ਆਪਣਾ ਪਾਸਾਰ ਵਧਾਉਂਦਾ ਰਹੇ। ਪਰ ਜਦੋਂ ਇਹ ਵੱਡੀਆ ਕੰਪਨੀਆਂ ਗਰੀਬ ਮੁਲਕਾਂ ਵਿੱਚ ਸਰਮਾਇਆ ਲਾਉਂਦੀਆਂ ਹਨ ਤਾਂ ਹਮੇਸ਼ਾਂ ਇਹੋ ਜ਼ਾਹਿਰ ਕਰਦੀਆਂ ਹਨ ਕਿ ਉਹ ਉਨ੍ਹਾਂ ਦੇਸ਼ਾਂ ਦੀ ਮੱਦਦ ਕਰਨ ਲਈ ਸਰਮਾਇਆ ਲਾ ਰਹੀਆਂ ਹਨ। ਗਰੀਬ ਦੇਸ਼ਾਂ ਦੀ ਵਿਕਾਸ ਕਰਨ ਦੀ ਮਜ਼ਬੂਰੀ ਦਾ ਫਾਇਦਾ ਉਠਾ ਕੇ ਇਹ ਕੰਪਨੀਆਂ ਬੇਤਹਾਸਾ ਮੁਨਾਫਾ ਕਮਾਉਂਦੀਆਂ ਹਨ। ਇਹ ਮੁਨਾਫਾ ਉਹ ਕਈ ਤਰੀਕਿਆਂ ਨਾਲ ਕਮਾਉਂਦੀਆਂ ਹਨ। ਉਦਾਹਰਣ ਦੇ ਤੌਰ ਤੇ ਉਹ ਪੁਰਾਣੀ ਮਸ਼ੀਨਰੀ ਮਨਮਰਜ਼ੀ ਦੇ ਭਾਅ ਇਹਨਾਂ ਦੇਸ਼ਾਂ ਨੂੰ ਵੇਚਦੀਆਂ ਹਨ। ਫੇਰ ਇਸ ਮਸ਼ੀਨਰੀ ਦੀ ਮੁਰੰਮਤ ਲਈ ਪੁਰਜੇ ਅਦਿ ਮੁਹੱਈਆਂ ਕਰਨ ਦਾ ਠੇਕਾ ਵੀ ਇਨ੍ਹਾਂ ਕੰਪਨੀਆਂ ਕੋਲ ਹੀ ਹੁੰਦਾ ਹੈ। ਇਨ੍ਹਾਂ ਦੇ ਮੁਨਾਫੇ ਵਿਚ ਜਿਹੜੀ ਚੀਜ਼ ਸੱਭ ਤੋਂ ਵੱਧ ਸਹਾਈ ਹੁੰਦੀ ਹੈ ਉਹ ਹੈ ਇਨ੍ਹਾਂ ਮੁਲਕਾਂ ਵਿੱਚ ਮਿਲਦੀ ਸਸਤੀ ਮਜ਼ਦੂਰੀ। ਅਮੀਰ ਮੁਲਕਾਂ ਦੇ ਮਜ਼ਦੂਰ ਵੀ ਖੁਸ਼ਹਾਲ ਹੋਣ ਕਰਕੇ ਆਪਣੇ ਆਪ ਨੂੰ ਜੱਥੇਬੰਦ ਕਰਕੇ ਅਮੀਰ ਮਾਲਕਾਂ ਕੋਲੋਂ ਵੱਧ ਹਿੱਸਾ ਮੰਗਦੇ ਹਨ। ਇਸ ਤੋਂ ਉਲਟ ਗਰੀਬ ਮੁਲਕਾਂ ਵਿਚ ਮਜ਼ਦੂਰ ਬਹੁਤ ਸਸਤੇ ਭਾਅ ਤੇ ਕੰਮ ਕਰਨ ਲਈ ਤਿਆਰ ਹੁੰਦੇ ਹਨ ਘੱਟ ਮਜ਼ਦੂਰੀ ਦੇ ਕੇ ਤਿਆਰ ਕੀਤਾ ਹੋਇਆ ਸਮਾਨ ਵੀ ਮਾਰਕਿਟ ਵਿੱਚ ਉਸੇ ਕੀਮਤ ਤੇ ਵਿਕਦਾ ਹੈ ਜਿਸ ਤੇ ਵੱਧ ਮਜ਼ਦੂਰੀ ਦੇ ਕੇ ਤਿਆਰ ਕੀਤਾ ਹੋਇਆ ਤੇ ਇਸ ਨਾਲ ਸਿੱਧਾ ਇਨ੍ਹਾਂ ਕੰਪਨੀਆਂ ਨੂੰ ਮੁਨਾਫਾ ਮਿਲਦਾ ਹੈ।

ਇਹ ਕੰਪਨੀਆਂ ਗਰੀਬ ਸਰਕਾਰਾਂ ਉਪਰ ਆਰਥਿਕ ਦਬਾਅ ਪਾ ਕੇ ਆਪਣੀ ਮਨਮਰਜ਼ੀ ਕਰਦੀਆਂ ਹਨ। ਉਨ੍ਹਾਂ ਕੋਲੋਂ ਟੈਕਸਾਂ ਵਿਚ ਛੋਟ ਲੈਂਦੀਆਂ ਹਨ। ਮਜ਼ਦੂਰਾਂ ਨੂੰ ਜੱਥੇਬੰਦ ਹੋਣ ਤੋਂ ਰੋਕਣ ਲਈ ਸਰਕਾਰੀ ਮੱਦਦ ਲੈਂਦੀਆ ਹਨ। ਇਨ੍ਹਾਂ ਮੁਲਕਾਂ ਵਿਚ ਲਾਏ ਹੋਏ ਕਾਰਖਾਨਿਆਂ ਵਿਚ ਸੇਫਟੀ ਸਟੈਂਡਰਡ ਘੱਟ ਤੋਂ ਘੱਟ ਰੱਖਣ ਲਈ ਜ਼ੋਰ ਪਾਉਂਦੀਆਂ ਹਨ। ਸੇਫਟੀ ਸਟੈਂਡਰਡ ਦਾ ਸਿੱਧਾ ਸਬੰਧ ਮੁਨਾਫੇ ਨਾਲ ਹੈ ਜਿੰਨੇ ਸਟੈਂਡਰਡ ਉਚੇ ਉਨ੍ਹਾਂ ਹੀ ਕੰਪਨੀ ਦਾ ਖਰਚ ਅਤੇ ਮੁਨਾਫਾ ਘੱਟ।

ਇਹ ਵੱਡੀਆਂ ਕੰਪਨੀਆਂ ਜਦੋਂ ਗਰੀਬ ਮੁਲਕਾਂ ਵਿੱਚ ਆਪਣੇ ਕਾਰੋਬਾਰ ਸਥਾਪਤ ਕਰਦੀਆਂ ਹਨ ਤਾਂ ਇਹ ਉਥੋਂ ਦੀਆਂ ਸਰਕਾਰਾਂ ਨੂੰ ਇਨ੍ਹਾਂ ਕਾਰੋਬਾਰਾਂ ਨਾਲ ਸਬੰਧਤ ਖਤਰਿਆਂ ਬਾਰੇ ਪੂਰੀ ਇਮਾਨਦਾਰੀ ਨਾਲ ਨਹੀਂ ਦਸਦੀਆਂ। ਉਨ੍ਹਾਂ ਨੂੰ ਸਿਰਫ ਇਨ੍ਹਾਂ ਹੀ ਦੱਸਿਆ ਜਾਂਦਾ ਹੈ ਕਿ ਕਾਰਖਾਨੇ ਬਿੱਲਕੁਲ ਸੁਰੱਖਿੱਅਤ ਹਨ ਜਦ ਕਿ ਗੱਲ ਬਿਲਕੁੱਲ ਇਸ ਦੇ ਉਲਟ ਹੁੰਦੀ ਹੈ ਕਿਉਂਕਿ ਕਈ ਬਾਰੀ ਇਹਨਾਂ ਕੰਪਨੀਆਂ ਦੇ ਅਤੇ ਦੇਸ਼ ਵਿਚ ਜਿਹਨਾਂ ਚੀਜ਼ਾਂ ਉਪਰ ਪਾਬੰਦੀ ਲੱਗੀ ਹੋਈ ਹੁੰਦੀ ਹੈ ਉਹ ਇਹ ਗਰੀਬ ਮੁਲਕਾਂ ਵਿੱਚ ਤਿਆਰ ਕਰਦੀਆਂ ਹਨ। ਕਈ ਵਾਰੀ ਉਹ ਵਸਤਾਂ ਜਿਹਨਾਂ ਉਪਰ ਇਹਨਾਂ ਦੇ ਆਪਣੇ ਦੇਸ਼ਾਂ ਵਿਚ ਪਾਬੰਦੀ ਲੱਗ ਜਾਂਦੀ ਹੈ ਇਹ ਉਹ ਵਸਤਾਂ ਗਰੀਬ ਮੁਲਕਾਂ ਦੀਆਂ ਮੰਡੀਆਂ ਵਿਚ ਢੇਰੀ ਕਰ ਦਿੰਦੀਆਂ ਹਨ ਤੇ ਕਈ ਵਾਰੀ ਪਰਚਾਰ ਇਹ ਕੀਤਾ ਜਾਂਦਾ ਹੈ ਕਿ ਗਰੀਬ ਮੁਲਕਾਂ ਨੂੰ ਸਹਾਇਤਾ (Aid) ਦਿੱਤੀ ਜਾ ਰਹੀ ਹੈ। ਇਸ ਕਿਸਮ ਦੀ ਸੱਭ ਤੋਂ ਆਮ ਉਦਾਹਰਣ ਦਵਾਈਆਂ ਦੀ ਹੈ। ਤਿਆਰ ਕੀਤੀਆਂ ਦਵਾਈਆਂ ਦੀ ਖਾਸ ਮਨਿਆਦ ਹੁੰਦੀ ਹੈ। ਜਦੋਂ ਇਹ ਮਨਿਆਦ ਲੰਘ ਜਾਵੇ ਤਾਂ ਇਹ ਦਵਾਈਆਂ ਸਿਹਤ ਲਈ ਫਾਇਦੇਮੰਦ ਹੋਣ ਦੀ ਵਜਾਏ ਹਾਨੀਕਾਰਕ ਹੋ ਸਕਦੀਆਂ ਹਨ। ਇਹ ਕੰਪਨੀਆਂ ਜਦੋਂ ਇਹ ਦਵਾਈਆਂ ਅਮੀਰ ਮੁਲਕਾਂ ਵਿੱਚ ਨਹੀਂ ਵੇਚ ਸਕਦੀਆਂ ਤਾਂ ਫੇਰ ਇਹਨਾਂ ਦਵਾਈਆਂ ਨੂੰ ਗਰੀਬ ਮੁਲਕਾਂ ਦੀਆਂ ਮੰਡੀਆਂ ਵਿੱਚ ਭੇਜ ਦਿੱਤਾ ਜਾਂਦਾ ਹੈ। ਇਹੋ ਜਿਹੀਆਂ ਹੋਰ ਵੀ ਕਈ ਉਦਾਹਰਨਾਂ ਹਨ ਜਿਹਨਾਂ ਰਾਂਹੀਂ ਇਹ ਕੰਪਨੀਆ ਗਰੀਬ ਮੁਲਕਾਂ ਤੋਂ ਮੁਨਾਫਾ ਕਮਾਉਂਦੀਆਂ ਹਨ।

ਇਸ ਤਰ੍ਹਾਂ ਮੁਨਾਫਾ ਨੂੰ ਮੁੱਖ ਰੱਖ ਕੇ ਲਾਏ ਕਾਰਖਾਨਿਆਂ ਵਿਚ ਸੇਫਟੀ ਦੇ ਸਟੈਂਡਰਡ ਘੱਟ ਹੁੰਦੇ ਹਨ ਅਤੇ ਦੁਰਘਟਨਾ ਹੋਣ ਦੀਆਂ ਸੰਭਾਵਨਾਵਾਂ ਬਹੁਤ ਜ਼ਿਆਦਾ ਹੁੰਦੀਆਂ ਹਨ। ਗਰੀਬ ਮੁਲਕਾ ਵਿੱਚ ਇਹਨਾਂ ਕਾਰਖਾਨਿਆਂ ਵਿੱਚ ਅਕਸਰ ਇਹੋ ਜਿਹੀਆਂ ਘਟਨਾਵਾਂ ਹੁੰਦੀਆਂ ਹੀ ਰਹਿੰਦੀਆਂ ਹਨ। ਇਕੱਲੇ 1984 ਵਿੱਚ ਗਰੀਬ ਮੁਲਕਾਂ ਵਿੱਚ ਤਿੰਨ ਵੱਡੇ ਪੈਮਾਨੇ ਦੀਆਂ ਮਾਰੂ ਘਟਨਾਵਾਂ ਵਾਪਰੀਆਂ ਹਨ। ਪਹਿਲੀ ਘਟਨਾ ਬਰਾਜੀਲ ਦੇ ਸ਼ਹਿਰ ਕੁਵਾਟੋ ਵਿਖੇ 25 ਫਰਵਰੀ 1984 ਨੂੰ ਵਾਪਰੀ ਜਦੋਂ ਗੈਸ ਦੀ ਪਾਈਪ ਲਾਈਨ ਇਕ ਵੱਡੇ ਧਮਾਕੇ ਦੇ ਰੂਪ ਵਿਚ ਫੱਟ ਗਈ। ਇਸ ਦੁਰਘਟਨਾ ਵਿੱਚ 500 ਤੋਂ ਉਪਰ ਲੋਕ ਮਾਰੇ ਗਏ ਦੂਜੀ ਦੁਰਘਟਨਾ ਨਵੰਬਰ 19, 1984 ਨੂੰ ਮੈਕਸੀਕੋ ਸਿਟੀ ਵਿਚ ਵਾਪਰੀ। ਇਸ ਘਟਨਾ ਵਿੱਚ ਵੱਡੇ ਪੈਮਾਨੇ ਤੇ ਅੱਗ ਲੱਗਣ ਕਰਕੇ 452 ਲੋਕ ਮਾਰੇ ਗਏ, 4248 ਲੋਕ ਜ਼ਖਮੀ ਹੋਏ ਅਤੇ ਅਜੇ ਤੱਕ 1000 ਦੇ ਲੱਗਭੱਗ ਲੋਕ ਗੁੰਮ ਹਨ (Time, Dec. 17, 1984). ਮੈਕਸੀਕੋ ਦੀ ਘਟਨਾ ਤੋਂ ਦੋ ਹਫਤੇ ਬਾਅਦ ਭੁਪਾਲ ਵਿਚ ਭਿਆਨਕ ਦੁਰਘਟਨਾ ਵਾਪਰੀ।

ਦੁਰਘਟਨਾ ਲਈ ਜ਼ਿੰਮੇਂਵਾਰ ਕੌਣ — ਸਥਾਨਕ ਸਰਕਾਰ ਜਾਂ ਕੰਪਨੀ :

ਭੁਪਾਲ ਵਿਚ ਵਾਪਰੀ ਇਸ ਘਟਨਾ ਦੀਆਂ ਖਬਰਾਂ ਜਦੋਂ ਸਾਰੀ ਦੁਨੀਆਂ ਵਿਚ ਫੈਲਣ ਲੱਗੀਆਂ ਤਾਂ ਲੋਕਾਂ ਸਾਹਮਣੇ ਇਕ ਵੱਡਾ ਸਵਾਲ ਉਭਰ ਕੇ ਆਇਆ ਕਿ ਇਸਦਾ ਜ਼ਿੰਮੇਂਵਾਰ ਕੌਣ ਹੈ। ਕੀ ਇਸ ਦੀ ਜ਼ਿੰਮੇਂਵਾਰੀ ਭਾਰਤ ਦੀ ਸਰਕਾਰ ਜਾਂ ਮੱਧ ਪ੍ਰਦੇਸ਼ ਦੀ ਸਰਕਾਰ ਦੀ ਹੈ ਜਾਂ ਯੂਨੀਅਨ ਕਾਰਬਾਈਡ ਕੰਪਨੀ ਦੀ। ਇਸ ਘਟਨਾ ਦੀਆਂ ਖਬਰਾਂ ਦੇ ਨਾਲ ਨਾਲ ਸਰਕਾਰੀ ਨੁਮਾਇੰਦਿਆਂ ਅਤੇ ਯੂਨੀਅਨ ਕਾਰਬਾਈਡ ਦੇ ਨੁਮਾਇੰਦਿਆਂ ਵਲੋਂ ਵੀ ਇਸ ਬਾਰੇ ਬਿਆਨ ਆ ਰਹੇ ਸਨ। ਦੋਵੇਂ ਧਿਰਾਂ ਜ਼ਿੰਮੇਂਵਾਰੀ ਤੋਂ ਹੱਥ ਧੋਣ ਦੀ ਕੋਸ਼ਿਸ਼ ਕਰ ਰਹੀਆਂ ਸਨ। ਦੋਵੇਂ ਇਕ ਦੂਜੇ ਤੇ ਦੋਸ਼ੀ ਹੋਣ ਦਾ ਇਲਜ਼ਾਮ ਲਾ ਰਹੀਆਂ ਸਨ। ਪਰ ਜੇ ਦੋਨਾਂ ਧਿਰਾਂ ਵੱਲੋਂ ਆਏ ਵੱਖ ਵੱਖ ਬਿਆਨਾਂ ਨੂੰ ਦੁਰਘਟਨਾ ਬਾਰੇ ਆਈਆਂ ਰੀਪੋਰਟਾਂ ਅਤੇ ਇਹਦੇ ਬਾਰੇ ਮਾਹਿਰਾਂ ਦੇ ਬਿਆਨਾਂ ਦੀ ਚੰਗੀ ਤਰ੍ਹਾਂ ਘੋਖ ਪੜਤਾਲ ਕਰੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਦੁਰਘਟਨਾ ਲਈ ਦੋਵੇਂ ਧਿਰਾਂ ਬਰਾਬਰ ਦੀਆਂ ਭਾਈਵਾਲ ਹਨ।

ਸਰਕਾਰ ਦਾ ਰੋਲ:

ਭੁਪਾਲ ਵਿਚਲੇ ਕਾਰਖਾਨੇ ਵਿਚ ਵਾਪਰੀ ਇਹ ਦੁਰਘਟਨਾ ਇਸ ਕਿਸਮ ਦੀ ਪਹਿਲੀ ਦੁਰਘਟਨਾ ਨਹੀਂ। ਜਦੋਂ ਤੋਂ ਇਸ ਕਾਰਖਾਨੇ ਵਿਚ ਜ਼ਹਿਰੀਲੀਆਂ ਗੈਸਾਂ ਮਿਥਾਈਲ ਅਇਸੋਸਾਈਨੇਟ ਅਤੇ ਫਾਸਜੀਨ ਵਰਤਣੀ ਸ਼ੁਰੂ ਹੋਈ ਹੈ (1975 ਤੋਂ) ਉਦੋਂ ਤੋਂ ਹੀ ਇਸ ਕਾਰਖਾਨੇ ਵਿੱਚ ਹਰ ਸਾਲ ਕੋਈ ਨ ਕੋਈ ਦੁਰਘਟਨਾ ਵਾਪਰ ਜਾਂਦੀ ਹੈ। ਕੁਝ ਸਾਲ ਪਹਿਲਾਂ 1978 ਵਿੱਚ ਗੈਸ ਲੀਕ ਹੋਣ ਕਰਕੇ ਇੱਥੇ 6 ਮੌਤਾਂ ਹੋਈਆਂ। ਫੇਰ ਦਸੰਬਰ 1981 ਵਿੱਚ ਫਾਸਜੀਨ ਗੈਸ ਦੀ ਲੀਕ ਕਰਕੇ ਇਕ ਕਾਮਾ ਮਰਿਆ। ਇਸ ਘਟਨਾ ਦੇ ਪੰਦਰਾਂ ਦਿਨਾਂ ਬਾਅਦ ਜਨਵਰੀ 1982 ਵਿੱਚ ਇਸੇ ਗੈਸ ਦੀ ਲੀਕ ਕਾਰਨ 24 ਲੋਕਾਂ ਤੇ ਮਾਰੂ ਅਸਰ ਹੋਇਆ। ਅਕਤੂਬਰ 1983 ਵਿੱਚ ਅੱਧੀ ਰਾਤ ਨੂੰ ਦੋ ਪਾਈਪਾਂ ਦੇ ਜੋੜ ਵਾਲੀ ਥਾਂ ਤੋਂ ਗੈਸ ਲੀਕ ਹੋ ਕੇ ਆਲੇ ਦੁਆਲੇ ਦੀਆਂ ਝੁੱਗੀਆਂ ਵੱਲ ਚਲੇ ਗਈ। ਇਨ੍ਹਾਂ ਸੱਭ ਘਟਨਾਵਾਂ ਤੋਂ ਬਾਅਦ ਮੱਧ ਪਰਦੇਸ਼ ਦੀ ਸਰਕਾਰ ਨੇ ਬਿਆਨ ਦਿੱਤਾ ਕਿ ਉਹ ਇਸ ਘਟਨਾ ਬਾਰੇ ਇਨਕੁਆਰੀ ਕਰਉਣਗੇ। ਪਰ ਕੀਤਾ ਇਸ ਬਾਰੇ ਕੁਝ ਵੀ ਨਾ ਗਿਆ। ਇਸ ਤਰ੍ਹਾਂ ਦੀਆਂ ਘਟਨਾਵਾਂ ਵੱਲ ਵੇਖਦੇ ਹੋਏ ਵੱਖ ਵੱਖ ਸਮੇਂ ਵੱਖ ਵੱਖ ਸੰਸਥਾਵਾਂ ਵਲੋਂ ਇਸ ਬਾਰੇ ਸੁਝਾਅ ਦਿੱਤੇ ਜਾਂਦੇ ਰਹੇ ਜਿਸ ਬਾਰੇ ਜਾਂ ਤਾਂ ਸਰਕਾਰ ਨੇ ਅੱਖਾਂ ਮੀਟ ਰੱਖੀਆਂ ਜਾਂ ਸ਼ਰੇਆਮ ਇਨ੍ਹਾਂ ਸੁਝਾਵਾਂ ਦਾ ਵਿਰੋਧ ਕੀਤਾ ਜਿਵੇਂ:

(1) ਸੰਨ 1975 ਵਿੱਚ ਭੁਪਾਲ ਕਾਰਪੋਰੇਸ਼ਨ ਦੇ ਇਕ ਅਧਿਕਾਰੀ (M. N. Buch) ਐਮ. ਐਨ. ਬੁੱਚ ਨੇ ਸਿਫਾਰਸ਼ ਕੀਤੀ ਸੀ ਕਿ ਇਸ ਕਾਰਖਾਨੇ ਨੂੰ ਸ਼ਹਿਰ ਦੀ ਹੱਦ ਤੋਂ ਬਾਹਰ ਕੀਤਾ ਜਾਵੇ। ਉਸ ਦੀ ਸਿਫਾਰਸ਼ ਮੰਨਣ ਦੀ ਵਜਾਏ ਉਸਨੂੰ ਕਿਸੇ ਹੋਰ ਥਾਂ ਤਬਦੀਲ ਕਰ ਦਿੱਤਾ ਗਿਆ। ਯੂਨੀਅਨ ਕਾਰਬਾਈਡ ਕੰਪਨੀ ਨੇ ਇਸ ਦੇ ਬਦਲੇ ਸ਼ਹਿਰ ਵਿਚ ਪਾਰਕ ਬਣਾਉਣ ਲਈ 2500 ਡਾਲਰ ਭੁਪਾਲ ਸਿਟੀ ਕਾਰਪੋਰੇਸ਼ਨ ਨੂੰ ਦਾਨ ਕਰ ਦਿੱਤੇ।

(2) ਜਦੋਂ 1982 ਵਿੱਚ ਅਮਰੀਕਾ ਤੋਂ ਇਕ ਤਿੰਨ ਮੈਂਬਰੀ ਕਮੇਟੀ ਔਪਰੇਸ਼ਨਲ ਸੇਫਟੀ ਸਰਵੇ (Operational Safety Survey) ਦੇ ਨਾਂ ਹੇਠ ਇਸ ਕਾਰਖਾਨੇ ਦੀ ਪੜਤਾਲ ਕਰਨ ਆਈ ਤਾਂ ਇਸ ਕਮੇਟੀ ਨੇ ਆਪਣੀ ਰੀਪੋਰਟ ਵਿੱਚ ਕਿਹਾ ਕਿ ਹਾਲਾਤ ਖਤਰਨਾਕ ਪਾਸੇ ਵੱਲ ਵੱਧ ਰਹੇ ਹਨ ਅਤੇ ਕੰਪਨੀ ਅਧਿਕਾਰੀ ਬਚਾਓ ਢੰਗਾਂ ਦਾ ਧਿਆਨ ਨਹੀਂ ਰੱਖਦੇ। ਇਸ ਰੀਪੋਰਟ ਅਤੇ ਪਹਿਲਾਂ ਵਾਪਰੀਆਂ ਘਟਨਾਵਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਜਦੋਂ ਇਕ ਕਮਿਊਨਿਸਟ ਵਿਧਾਇਕ ਨੇ ਵਿਧਾਨ ਸਭਾ ਵਿੱਚ ਇਸ ਕਾਰਖਾਨੇ ਦੀ ਸੁਰੱਖਿਆ ਬਾਰੇ ਸਵਾਲ ਉਠਾਇਆ ਤਾਂ ਮੱਧ ਪ੍ਰਦੇਸ਼ ਦੇ ਲੇਬਰ ਮਨਿਸਨਰ ਨੇ ਉਸ ਨੂੰ ਜੁਆਬ ਦਿੱਤਾ ਕਿ ਇਸ ਕਾਰਖਾਨੇ ਉਪਰ 250 ਲੱਖ ਖਰਚ ਆ ਚੁੱਕੇ ਹਨ। ਇਹ ਕੋਈ ਪੱਥਰ ਨਹੀਂ ਕਿ ਇਹਨੂੰ ਚੁੱਕ ਕੇ ਸ਼ਹਿਰੋਂ ਬਾਹਰ ਰੱਖਿਆ ਜਾ ਸਕੇ। ਇਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਸਰਕਾਰ ਨੂੰ ਲੋਕਾਂ ਦੀ ਜਾਨ ਦੀ ਪਰਵਾਹ ਨਹੀਂ ਸਗੋਂ ਇਸ ਕਾਰਖਾਨੇ ਉਪਰ ਲੱਗੇ ਸਰਮਾਏ ਦੀ ਜ਼ਿਆਦਾ ਪ੍ਰਵਾਹ ਹੈ।

(3) ਜਦੋਂ 1975 ਵਿੱਚ ਇਸ ਕੰਪਨੀ ਨੂੰ ਲਾਈਸੈਂਸ ਦਿੱਤਾ ਗਿਆ ਅਤੇ ਫਿਰ 1982 ਅਗਲੇ ਸੱਤਾਂ ਸਾਲਾਂ ਲਈ ਲਾਈਸੈਂਸ ਵਧਾਉਣ ਲਈ ਕਿਸੇ ਵੀ ਸਰਕਾਰੀ ਏਜੰਸੀ ਵੱਲੋਂ ਇਸ ਕਾਰਖਾਨੇ ਦੀ ਸੇਫਟੀ ਦੀ ਚੰਗੀ ਤਰ੍ਹਾਂ ਜਾਂਚ ਪੜਤਾਲ ਨਹੀਂ ਕੀਤੀ ਗਈ। ਲਾਈਸੈਂਸ ਇਸ ਆਧਾਰ ਤੇ ਦਿੱਤਾ ਗਿਆ ਕਿ ਇਸ ਕੰਪਨੀ ਦੇ ਅਮਰੀਕਾ ਵਿਚਲੇ ਕਾਰਖਾਨੇ ਕੋਲ 20 ਸਾਲ ਦਾ ਪੁਰਾਣਾ ਤਜਰਬਾ ਹੈ, ਸੁਰੱਖਿਆ ਪ੍ਰਬੰਧ ਲਈ ਕੰਪਿਊਟਰ ਸਿਸਟਮ ਅਤੇ ਉੱਚ-ਪਧਰੀ ਤਕਨੀਕ ਹੈ, ਭਵਿੱਖ ਵਿੱਚ ਹੋਂਦ ਵਾਲੇ ਹਾਦਸੇ ਦੀ ਸੂਰਤ ਵਿੱਚ ਇਸ ਤੇ ਕਾਬੂ ਪਾਉਣ ਤੇ ਇਸਦੇ ਅਸਰਾਂ ਨੂੰ ਕਾਟ ਕਰਨ ਲਈ ਲੋੜੀਂਦੇ ਸਾਜ-ਸਮਾਨ ਤੇ ਢੰਗ ਮੌਜੂਦ ਹਨ, ਕੰਪਨੀ ਕੋਲ ਸਿੱਖੇ ਹੋਏ ਲੋਕ ਹਨ ਜੋ ਲੋੜ ਪੈਣ ਤੇ ਭਾਰਤੀ ਕਾਰਖਾਨੇ ਦੀ ਮੱਦਦ ਕਰ ਸਕਦਾ ਹੈ। ਇਸ ਆਧਾਰ ਤੇ ਲਾਈਸੈਂਸ ਦੇ ਦਿੱਤਾ ਗਿਆ। ਲਾਈਸੈਂਸ ਦੇਣ ਦਾ ਇਹ ਕਿਹੋ ਜਿਹਾ ਮਾਪ ਹੈ ?

ਸਵਾਲ ਪੈਦਾ ਹੁੰਦਾ ਹੈ ਕਿ ਇਸ ਕੰਪਨੀ ਦੀਆਂ ਖਾਮੀਆਂ ਵੱਲੋਂ ਸਰਕਾਰ ਅੱਖਾਂ ਕਿਉਂ ਮੀਟਦੀ ਰਹੀ। ਇਸ ਦਾ ਕਾਰਨ ਬੜਾ ਸਾਫ ਹੈ — ਸਰਕਾਰ ਵਿਚ ਉਹਨਾਂ ਲੋਕਾਂ ਜਾਂ ਉਹਨਾਂ ਲੋਕਾਂ ਦੇ ਏਜੰਟਾਂ ਦੀ ਚੌਧਰ ਹੈ ਜਿਨ੍ਹਾਂ ਨੂੰ ਇਹੋ ਜਿਹੇ ਕਾਰਖਾਨਿਆਂ ਤੋਂ ਸਿੱਧਾ ਫਾਇਦਾ ਹੁੰਦਾ ਹੈ। ਵਿਦੇਸ਼ੀ ਕੰਪਨੀਆ ਆਪਣੀ ਹੋਂਦ ਕਾਇਮ ਰੱਖਣ ਲਈ ਦੇਸੀ ਏਜੰਟਾਂ ਨੂੰ ਵੀ ਥੋੜਾ ਬਾਹਲਾ ਗੱਫਾ ਦੇ ਛੱਡਦੀਆਂ ਹਨ ਕੰਪਨੀ ਤੇ ਸਰਕਾਰ ਦੇ ਸੰਬੰਧਾਂ ਦੀਆਂ ਕੁੱਝ ਉਦਾਹਰਣਾਂ:

(1) ਯੂਨੀਅਨ ਕਾਰਬਾਈਡ ਕੰਪਨੀ ਦਾ ਵਕੀਲ, ਸਥਾਨਕ ਕਾਂਗਰਸ (ਆਈ) ਪਾਰਟੀ ਦਾ ਜਾਣਿਆਂ ਪਛਾਣਿਆਂ ਮੈਂਬਰ ਹੈ।

(2) ਮੱਧ ਪ੍ਰਦੇਸ਼ ਪੋਲੀਸ ਦੇ ਸਾਬਕਾ ਚੀਫ ਨੂੰ ਕਾਰਖਾਨੇ ਦੀ ਸੁਰੱਖਿਆ (Security of Plant) ਕਰਨ ਦਾ ਠੇਕਾ ਦਿੱਤਾ ਗਿਆ ਹੈ।

(3) ਮੱਧ ਪ੍ਰਦੇਸ਼ ਦੇ ਸਾਬਕਾ ਸਿੱਖਿਆ ਮੰਤਰੀ ਦੇ ਭਤੀਜੇ ਨੂੰ ਕੰਪਨੀ ਪਬਲਿਕ ਰੀਲੇਸ਼ਨਜ ਆਫਿਸਰ ਦੇ ਤੌਰ ਤੇ ਨੌਕਰੀ ਦਿੱਤੀ ਗਈ ਹੈ।

(4) ਸੂਬੇ ਦੇ ਚੀਫ ਸੈਕਟਰੀ ਦੇ ਸਾਲੇ ਨੂੰ ਫੈਕਟਰੀ ਵਿੱਚ ਇਕ ਉੱਚਾ ਅਹੁਦਾ ਦਿੱਤਾ ਗਿਆ ਹੈ।

(5) ਯੂਨੀਅਨ ਕਾਰਬਾਈਡ ਵੱਲੋਂ ਸਥਾਨਕ ਪਤਵੰਤਿਆਂ ਨੂੰ ਸਮੇਂ ਸਮੇਂ ਕੰਪਨੀ ਦੇ ਗੈਸਟ ਹਾਊਸ ਵਿਚ ਸ਼ਾਨਦਾਰ ਪਾਰਟੀਆਂ ਦਿੱਤੀਆਂ ਜਾਂਦੀਆਂ ਹਨ।

(6) ਜਦੋਂ 1983 ਵਿੱਚ ਕਾਂਗਰਸ (ਆਈ) ਦੀ ਇਲਾਕਾਈ ਕਾਂਨਫਰਾਂਸ ਭੁਪਾਲ ਵਿੱਚ ਹੋਈ ਤਾਂ ਕਾਂਗਰਸ ਪਾਰਟੀ ਦੇ ਖਾਸ ਖਾਸ ਮਹਿਮਾਨਾਂ ਨੂੰ ਯੂਨੀਅਨ ਕਾਰਬਾਈਡ ਦੇਗੈਸਟ ਹਾਊਸ ਵਿੱਚ ਠਹਿਰਾਇਆ ਗਿਆ ।

ਇਹਨਾਂ ਤੇ ਇਹੋ ਜਿਹੀਆਂ ਅਨੇਕਾਂ ਹੋਰ ਸਹੂਲਤਾਂ ਕਰਕੇ ਸਰਕਾਰ ਕੰਪਨੀ ਦੀਆਂ ਗਲਤੀਆਂ ਵੱਲੋਂ ਅੱਖਾਂ ਨਾ ਮੀਟੇਗੀ ਤਾਂ ਹੋਰ ਕੀ ਕਰੇਗੀ । ਬੇਸ਼ਕ ਸਮੇਂ ਸਮੇਂ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਸਰਕਾਰ ਕਈ ਤਰ੍ਹਾਂ ਦੇ ਡਰਾਮੇ ਕਰਦੀ ਰਹਿੰਦੀ ਹੈ । ਇਸੇ ਤਰ੍ਹਾਂ ਦਾ ਇਕ ਡਰਾਮਾ ਉਹਨਾਂ ਨੇ ਯੂਨੀਅਨ ਕਾਰਬਾਈਡ ਕੰਪਨੀ ਦੇ ਪ੍ਰਧਾਨ ਐਂਡਰਸਨ ਦੀ ਗ੍ਰਿਫਤਾਰੀ ਕਰਕੇ ਹਾਲ ਹੀ ਵਿਚ ਕੀਤਾ । ਦੁਰਘਟਨਾ ਤੋਂ ਬਾਅਦ ਜਦੋਂ ਐਂਡਰਸਨ ਨੇ ਭੁਪਾਲ ਜਾਣ ਦਾ ਪ੍ਰੋਗਰਾਮ ਬਣਾਇਆ ਤਾਂ ਉਸਨੂੰ ਸਰਕਾਰ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਉਸ ਨੂੰ ਕੁਝ ਨਹੀਂ ਕਿਹਾ ਜਾਵੇਗਾ । ਪਰ ਜਦੋਂ ਉਹ ਯੂਨੀਅਨ ਕਾਰਬਾਈਡ ਦੀ ਭਾਰਤੀ ਸ਼ਾਖਾਂ ਦੇ ਚੇਅਰਮੈਨ ਕੇ. ਮਹਿੰਦਰਾ ਅਤੇ ਹੋਰ ਅਧਿਕਾਰੀਆਂ ਨਾਲ ਭੁਪਾਲ ਆਇਆ ਤਾਂ ਉਹਨੂੰ ਗ੍ਰਿਫਤਾਰ ਕਰ ਲਿਆ ਗਿਆ । ਜਿੰਨੇ ਦੋਸ਼ ਉਹਦੇ ਉੱਪਰ ਲਾਏ ਗਏ ਉਹਨਾਂ ਦੀ ਸਜ਼ਾ ਸਜ਼ਾਏ-ਮੌਤ ਤੱਕ ਹੋ ਸਕਦੀ ਹੈ । ਅਤੇ ਇਹਨਾਂ ਦੋਸ਼ਾਂ ਅਧੀਨ ਮੁਜ਼ਰਿਮ ਦੀ ਜਮਾਨਤ ਨਹੀਂ ਹੋ ਸਕਦੀ । ਪਰ ਸਾਢੇ ਛੇਆਂ ਘੰਟਿਆਂ ਦੀ 'ਗੈਸਟ-ਹਾਊਸ ਐਰਿਸਟ' ਬਾਅਦ ਐਂਡਰਸਨ ਨੂੰ ਬਿਨ੍ਹਾਂ ਜੱਜ ਦੇ ਸਾਹਮਣੇ ਪੇਸ਼ ਕੀਤਿਆਂ ਪੁਲੀਸ ਨੇ 2600 ਡਾਲਰ ਦੀ ਜ਼ਮਾਨਤ ਤੇ ਰਿਹਾ ਕਰ ਦਿੱਤਾ । ਲੋਕਾਂ ਨਾਲ ਇਸ ਤੋਂ ਵੱਡਾ ਧੋਖਾ ਹੋਰ ਕੀ ਹੋ ਸਕਦਾ ਹੈ । ਪਹਿਲਾਂ ਤਾਂ ਪੁਲੀਸ ਕੋਲ ਉਸਨੂੰ ਰਿਹਾ ਕਰਨ ਦਾ ਕੋਈ ਅਧਿਕਾਰ ਨਹੀਂ ਸੀ ਪਰ ਫੇਰ ਵੀ ਰਿਹਾ ਕੀਤਾ ਗਿਆ । ਫਿਰ 2600 ਡਾਲਰ ਦੀ ਜ਼ਮਾਨਤ ਤੇ ? ਜਿਸ ਆਦਮੀ ਦੀ 1983 ਵਿੱਚ ਸਾਲ ਦੀ ਤਨਖਾਹ 11 ਲੱਖ ਡਾਲਰ ਸੀ ਉਹਦੇ 2600 ਡਾਲਰ ਕੀ ਮਹੱਤਤਾ ਰੱਖਦੇ ਹਨ ।

ਉਪਰ ਕੀਤੇ ਵਿਚਾਰਾਂ ਤੋਂ ਇਕ ਗੱਲ ਸਾਫ ਜ਼ਾਹਿਰ ਹੋ ਜਾਂਦੀ ਹੈ ਕਿ ਸਰਕਾਰ ਕੰਪਨੀ ਦੇ ਹੱਥਾਂ ਵਿੱਚ ਖੇਡਦੀ ਰਹੀ ਹੈ ਅਤੇ ਇਹਨੇ ਕਦੀ ਵੀ ਲੋਕਾਂ ਪ੍ਰਤੀ ਆਪਸੀ ਜ਼ੁੰਮੇਂਵਾਰੀ ਮਹਿਸੂਸ ਨਹੀਂ ਕੀਤੀ । ਕਾਰਖਾਨੇ ਵਿਚਲੇ ਸੇਫਟੀ ਸਟੈਂਡਰਜ ਵੱਲੋਂ ਅੱਖਾਂ ਮੀਟ ਰੱਖਣ ਕਰਕੇ ਸਰਕਾਰ ਸਿੱਧੇ ਤੌਰ ਤੇ ਇਹਨਾਂ ਮੌਤਾਂ ਲਈ ਜਿੰਮੇਦਾਰ ਹੈ ।

ਯੂਨੀਅਨ ਕਾਰਬਾਈਡ ਦਾ ਰੋਲ:

ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਇਹ ਕੰਪਨੀਆਂ ਅਮਰੀਕਾ ਤੇ ਯੂਰਪ ਵਿੱਚ ਸੇਫਟੀ ਦੇ ਹੋਰ ਅਤੇ ਗਰੀਬ ਮੁਲਕਾਂ ਵਿੱਚ ਸੇਫਟੀ ਦੇ ਹੋਰ ਸਟੈਂਡਰਡ ਰੱਖਦੀਆਂ ਹਨ । ਭਾਵੇਂ ਭੁਪਾਲ ਹਾਦਸੇ ਤੋਂ ਬਾਅਦ ਇਸ ਕੰਪਨੀ ਦਾ ਕਹਿਣਾ ਹੈ ਕਿ ਭੁਪਾਲ ਵਿਚਲੇ ਕਾਰਖਾਨੇ ਵਿੱਚ ਵੀ ਉਹੋ ਜਿਹੀ ਸੇਫਟੀ ਹੈ ਜਿਹੋ ਜਿਹੀ ਅਮਰੀਕਾ ਵਿੱਚ ਵੈਸਟ ਵਿਰਜੀਨੀਆਂ ਦੇ ਇਸੇ ਤਰ੍ਹਾਂ ਸਿਸਟਰ ਪਲਾਂਟ (Sister Plant) ਦੇ ਕਾਰਖਾਨੇ ਵਿੱਚ ਹਨ । ਪਰ ਜੇ ਤੱਥਾਂ ਨੂੰ ਗੌਰ ਨਾਲ ਦੇਖਿਆ ਜਾਵੇ ਤਾਂ ਉਨ੍ਹਾਂ ਦਾ ਇਹ ਦਾਅਵਾ ਗਲਤ ਸਿੱਧ ਹੋ ਜਾਂਦਾ ਹੈ । ਉਦਾਹਰਣ ਵਜੋਂ ਕੁੱਝ ਤੱਥ:—

(1) ਅਮਰੀਕਾ ਵਿਚਲੇ ਪਲਾਂਟ ਵਿਚ ਕੰਪਿਊਟਰ ਸਿਸਟਮ ਹੈ ਜਿਹੜਾ ਪਲਾਂਟ ਵਿੱਚ ਇਸ ਤਰ੍ਹਾਂ ਦੇ ਹਾਦਸੇ ਬਾਰੇ ਪਹਿਲਾਂ ਹੀ ਚਿਤਾਵਨੀ ਦੇ ਸਕਦਾ ਹੈ ਪਰ ਭੁਪਾਲ ਵਾਲੇ ਕਾਰਖਾਨੇ ਵਿਚ ਅਜਿਹਾ ਸਿਸਟਮ ਨਹੀਂ ।

(2) ਅਮਰੀਕਾ ਵਾਲੇ ਪਲਾਂਟ ਵਿੱਚ ਚਾਰ ਅਲਾਰਮ ਸਿਸਟਮ ਹਨ ਜਿਹੜੇ ਕਿਸੇ ਵੀ ਹਾਦਸੇ ਬਾਰੇ ਵੱਖ ਵੱਖ ਸਟੇਜ 'ਤੇ ਸੁਚੇਤ ਕਰਦੇ ਹਨ ਪਰ ਭੁਪਾਲ ਵਾਲੇ ਕਾਰਖਾਨੇ ਵਿਚ ਸਿਰਫ ਇਕ ਆਪ ਚਲਾਉਣ ਵਾਲਾ (Manual Operated) ਵਾਰਨਿੰਗ ਸਿਸਟਮ ਹੈ ।

(3) ਅਮਰੀਕਾ ਵਿਚ ਮਿਥਾਈਲ ਆਇਸੋਸਾਈਨੇਟ ਗੈਸ ਇਕ ਟੈਂਕ ਵਿੱਚ ਵੱਧ ਤੋਂ ਵੱਧ 1000 ਤੋਂ 2000 ਗੇਲਣ ਤੱਕ ਹੀ ਸਟੋਰ ਕੀਤੀ ਜਾਂਦੀ ਹੈ ਪਰ ਭੁਪਾਲ ਵਿਚ ਇਕ ਟੈਂਕ ਵਿਚ 45 ਟਨ ਗੈਸ ਸਟੋਰ ਕੀਤੀ ਗਈ । ਥੋੜੀ ਥੋੜੀ ਗੈਸ ਸਟੋਰ ਕਰਨ ਲਈ ਕੰਪਨੀ ਨੂੰ ਹੋਰ ਟੈਂਕਾਂ ਤੇ ਪੈਸਾ ਖਰਚ ਕਰਨਾ ਪੈਣਾ ਸੀ । ਕੰਪਨੀ ਨੇ ਮੁਨਾਫਾ ਕਾਇਮ ਰੱਖਣ ਲਈ ਪੈਸੇ ਖਰਚ ਕਰਕੇ ਟੈਂਕ ਨਹੀਂ ਬਣਾਏ ਸਗੋਂ ਟੈਂਕਾਂ ਵਿਚ ਜ਼ਿਆਦਾ ਗੈਸ ਸਟੋਰ ਕਰਕੇ ਹਜ਼ਾਰਾਂ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡਿਆ ।

(4) ਭਾਰਤ ਦੇ ਸਨਅਤੀ ਐਕਟ ਮੁਤਾਬਿਕ ਅਜਿਹੇ ਪਲਾਂਟ ਕੋਲ ਹਾਦਸਾ ਵਾਪਰਨ ਦੀ ਸੂਰਤ ਵਿੱਚ ਲੋੜੀਂਦਾ ਸਾਜ਼ੋ-ਸਮਾਨ, ਲੈਬਾਰਟ੍ਰੀ ਅਤੇ ਹਸਪਤਾਲ ਦਾ ਪ੍ਰਬੰਧ ਹੋਣਾ ਚਾਹੀਦਾ ਹੈ । ਪਰ ਭੁਪਾਲ ਪਲਾਂਟ ਵਿੱਚ ਅਤੇ ਆਸ ਪਾਸ ਕੋਈ ਲੈਬਾਰਟਰੀ ਸਥਾਪਤ ਨਹੀਂ ਕੀਤੀ ਗਈ ।

(5) ਮਿਥਾਈਲ ਆਇਸੋਸਾਈਨੇਟ ਗੈਸ ਸਟੋਰ ਕਰਨ ਵਾਲੇ ਟੈਂਕਾਂ ਉਪਰ ਦੋ ਬਚਾਉ ਜੰਤਰ (Safety Devices) ਲੱਗੇ ਹੋਏ ਸਨ । ਪਰ ਇਸ ਦੁਰਘਟਨਾ ਵਕਤ ਇਨ੍ਹਾਂ ਦੋਹਾਂ ਜੰਤਰਾਂ ਨੇ ਕੰਮ ਨਹੀਂ ਕੀਤਾ । ਇਨ੍ਹਾਂ ਜੰਤਰਾਂ ਨੂੰ ਸਮੇਂ ਸਮੇਂ ਚੈਕ ਕਰਨਾ ਜ਼ਰੂਰੀ ਹੈ ਪਰ ਚੈਕ ਕਰਨ ਲਈ ਸਮਾਂ ਕੱਢਣਾ ਪੈਂਦਾ ਹੈ ਤੇ ਇਹ ਸਮਾਂ ਇਹਨਾਂ ਲੋਕਾਂ ਲਈ ਸਰਮਾਇਆ ਹੁੰਦਾ ਹੈ ਇਸ ਲਈ ਇਹ ਕੰਪਨੀਆਂ ਵਾਧੂ ਚੈਕ-ਅੱਪ ਵਿਚ ਸਮਾਂ/ਸਰਮਾਇਆ ਬਰਬਾਦ ਨਹੀਂ ਕਰਦੀਆਂ ।

ਗਰੀਬ ਮੁਲਕਾਂ ਵਿੱਚ ਇਕ ਤਾਂ ਸੇਫਟੀ ਕਾਨੂੰਨ ਤੇ ਸਟੈਂਡਰਡ ਪਹਿਲਾਂ ਹੀ ਘੱਟ ਹੁੰਦੇ ਹਨ ਦੂਜੇ ਇਹ ਵੱਡੀਆਂ ਕੰਪਨੀਆਂ ਇਨ੍ਹਾਂ ਦੀ ਪਰਵਾਹ ਨਹੀਂ ਕਰਦੀਆਂ । ਕੋਈ ਵੀ ਫੈਸਲਾ ਕਰਨ ਵੇਲੇ ਇਹ ਕੰਪਨੀਆਂ ਡਾਲਰ ਨੂੰ ਹੀ ਧਿਆਨ ਵਿੱਚ ਰੱਖਦੀਆਂ ਹਨ । ਗਰੀਬ ਮੁਲਕਾਂ ਵਿੱਚ ਦੁਰਘਟਨਾਵਾਂ ਵਿਚ ਮਾਰੇ ਗਏ ਲੋਕਾਂ ਨੂੰ ਮੁਆਵਜ਼ਾ ਦੇਣ ਦੀ ਰਕਮ ਬਹੁਤ ਹੀ ਥੋੜੀ ਹੁੰਦੀ ਹੈ । ਇਹ ਕੰਪਨੀਆਂ ਕਿਸੇ ਸੇਫਟੀ ਸਿਸਟਮ ਨੂੰ ਲਾਉਣ ਵੇਲੇ ਹਿਸਾਬ ਲਾਉਂਦੀਆਂ ਹਨ ਕਿ ਹਾਦਸੇ ਦੇ ਕੇਸ ਵਿੱਚ ਮਰਨ ਵਾਲੇ ਲੋਕਾਂ ਨੂੰ ਪੈਸੇ ਜ਼ਿਆਦਾ ਦੇਣੇ ਪੈਣਗੇ ਕਿ ਸਿਸਟਮ ਲਾਉਣ ਤੇ ਜ਼ਿਆਦਾ ਆਮ ਤੌਰ ਤੇ ਗਰੀਬ ਮੁਲਕਾਂ ਵਿੱਚ ਸਿਸਟਮ ਲਾਉਣ ਨਾਲੋਂ ਮਰ ਗਿਆਂ ਦਾ ਮੁਆਵਜ਼ਾ ਦੇਣਾ ਸਸਤਾ ਲੱਗਦਾ ਹੈ । ਇਸ ਲਈ ਇਹੋ ਜਿਹੀਆਂ ਕੰਪਨੀਆ ਇਹਨਾਂ ਬਚਾਓ ਸਾਧਨਾਂ ਵੱਲ ਬਹੁਤ ਧਿਆਨ ਨਹੀਂ ਦਿੰਦੀਆਂ । ਯੂਨੀਅਨ ਕਾਰਬਾਈਡ ਦੇ ਅਮਰੀਕਾ ਵਿਚਲੇ ਕਾਰਖਾਨੇ ਦਾ ਅਤੇ ਭੁਪਾਲ ਵਿਚਲੇ ਕਾਰਖਾਨੇ ਦਾ ਮੁਕਾਬਲਾ ਕੀਤਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕੰਪਨੀ ਅਮਰੀਕਾ ਅਤੇ ਗਰੀਬ ਮੁਲਕਾਂ ਲਈ ਦੂਹਰੇ ਮਾਪ ਰੱਖਦੀ ਹੈ । ਇਸ ਤਰ੍ਹਾਂ ਇਹ ਦੂਹਰੇ ਮਾਪ (Double Standards) ਕਰਕੇ ਇਹ ਕੰਪਨੀ ਵੀ ਹੋਏ ਮਨੁੱਖੀ ਕਤਲਾਂ ਲਈ ਬਰਾਬਰ ਦੀ ਜ਼ੁੰਮੇਂਵਾਰ ਹੈ ।

ਸਿੱਟਾ: ਉਪਰਲੇ ਵਿਸਥਾਰ ਪੂਰਵਕ ਵਟਾਂਦਰੇ ਤੋਂ ਇਹ ਗੱਲ ਭਲੀ ਭਾਤ ਸਪੱਸ਼ਟ ਹੋ ਜਾਂਦੀ ਹੈ ਕਿ ਭੂਪਾਲ ਵਿਚਲੇ ਵਾਪਰੇ ਇਸ ਭਿਆਨਕ ਕਾਂਡ ਦੀ ਜਿੰਮੇਵਾਰੀ ਸਰਕਾਰ ਅਤੇ ਯੂਨੀਅਨ ਕਾਰਬਾਈਡ ਦੋਹਾਂ ਦੇ ਸਿਰ ਬਰਾਬਰ ਹੈ । ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹੋ ਜਿਹੀਆਂ ਦੁਰਘਟਨਾਵਾਂ ਨੂੰ ਰੋਕਣ ਦਾ ਭਵਿੱਖ ਵਿੱਚ ਕੀ ਤਰੀਕਾ ਹੈ । ਇਹੋ ਜਿਹੇ ਹਾਦਸਿਆਂ ਨੂੰ ਰੋਕਣ ਦਾ ਇਕੋ ਹੱਲ ਹੈ ਕਿ ਭਾਰਤ ਵਿੱਚ ਲੋਕਾਂ ਦੀ ਸਰਕਾਰ ਹੋਵੇ । ਇਹੋ ਜਿਹੀ ਸਰਕਾਰ ਹੋਵੇ ਜੋ ਇਨ੍ਹਾਂ ਵੱਡੀਆਂ ਕਾਰਪੋਰੇਸ਼ਨਾਂ ਦੇ ਦਬਾਅ ਹੇਠਾਂ ਆਉਣ ਤੋਂ ਬਿਨਾਂ ਲੋਕਾਂ ਦੀ ਜਾਨ ਮਾਲ ਦੀ ਰਾਖੀ ਨੂੰ ਇਨ੍ਹਾਂ ਕੰਪਨੀਆਂ ਦੇ ਮੁਨਾਫੇ ਤੋਂ ਵੱਧ ਮਹੱਤਤਾ ਦਿੰਦੀ ਹੋਵੇ । ਇਸ ਲਈ ਲੋਕਾਂ ਨੂੰ ਚਾਹੀਦਾ ਹੈ ਕਿ ਅਜਿਹੀ ਸਰਕਾਰ ਅਤੇ ਅਜਿਹਾ ਆਰਥਿਕ ਢਾਂਚਾ ਪੈਦਾ ਕਰਨ ਲਈ ਯਤਨਸ਼ੀਲ ਹੋਣ । ਤਾਂ ਹੀ ਇਹੋ ਜਿਹੇ ਭਿਆਨਕ ਖੂਨੀ ਕਾਂਡਾਂ ਨੂੰ ਵਾਪਰਨੋਂ ਰੋਕਿਆ ਜਾ ਸਕਦਾ ਹੈ ।

ਫੌਜੀ ਜਾਸੂਸਾਂ ਦਾ ਗ੍ਰੋਹ ਬੇਨਕਾਬ ਅਫਸਰਾਂ ਸਮੇਤ 10 ਗ੍ਰਿਫਤਾਰ

ਜੰਮੂ: (ਐਸ. ਪੀ. ਸ਼ਰਮਾ) ਸੁਰੱਖਿਆ ਦਲਾਂ ਨੇ ਫੌਜ ਵਿਚ ਜਾਸੂਸੀ ਦੇ ਜਾਲ ਦਾ ਪਤਾ ਲਾਇਆ ਹੈ ਅਤੇ ਇਸ ਸਬੰਧ ਵਿਚ ਫੌਜ ਦੇ ਕੁਝ ਕਮਿਸ਼ਨ ਅਫਸਰਾਂ ਸਮੇਤ ਰੱਖਿਆ ਅਮਲੇ ਦੇ ਦਸ ਬੰਦਿਆਂ ਨੂੰ ਗ੍ਰਿਫਤਾਰ ਕੀਤਾ ਹੈ ।

ਭਰੋਸੇਯੋਗ ਸੂਤਰਾਂ ਅਨੁਸਾਰ ਗ੍ਰਿਫਤਾਰ ਕੀਤੇ ਅਫਸਰਾਂ ਦੇ ਅਹੁਦੇ ਕੈਪਟਨ ਤੇ ਮੇਜਰ ਦੇ ਹਨ । ਇਹ ਗ੍ਰਿਫਤਾਰੀਆਂ ਹਾਲ ਵਿਚ ਹੀ ਯਕੀਕਨ ਕੋਈ ਸਬੂਤ ਮਿਲਣ ਪਿਛੋਂ ਹੋਈਆਂ ਹਨ । ਇਤਫਾਕ ਨਾਲ ਇਸ ਜਾਲ ਦਾ ਐਨ ਉਸ ਸਮੇਂ ਪਤਾ ਲੱਗਾ ਹੈ ਜਦੋਂ ਦਿੱਲੀ ਵਿਚ ਇਕ ਵਖਰੇ ਜਾਸੂਸੀ ਕਾਂਡ ਦਾ ਭੇਤ ਖੁਲ੍ਹਿਆ ਹੈ ।

ਪਤਾ ਲੱਗਾ ਹੈ ਕਿ ਇਨ੍ਹਾਂ ਅਫਸਰਾਂ ਨੇ ਦੇਸ਼ ਦੇ ਉੱਤਰੀ ਖਿੱਤੇ ਵਿਚ ਜਿਥੇ ਜਿਥੇ ਫੌਜ ਤਾਇਨਾਤ ਕੀਤੀ ਗਈ ਹੈ, ਉਸ ਸੰਬੰਧੀ ਮਹੱਤਵ ਪੂਰਨ ਸੂਚਨਾ ਪਾਕਿਸਤਾਨ ਨੂੰ ਦਿੱਤੀ ਹੈ ।

ਸਾ ਹਿ ਤ ਦ ਰ ਪ ਣ

ਕਹਾਣੀ:
ਦਿਮਾਗੀ ਇਆਸ਼ੀ

ਸ. ਸ. ਸ. ਸਕਰੂਲਵੀ

ਟੈਲੀਫੂਨ ਦੀ ਘੰਟੀ ਖੜਕੀ !

"ਚੱਕੀਂ ਓ ਕਾਕਾ ਫੂਨ", ਅਖਬਾਰ ਪੜ੍ਹਦੇ ਹਰਪਾਲ ਨੇ ਆਪਣੇ ਲੜਕੇ ਨੂੰ ਆਖਿਆ ।

'ਡੈਡੀ ਤੇਰਾ' ਕਹਿ ਕੇ ਮੁੰਡੇ ਨੇ ਫੂਨ ਦਾ ਰੀਸੀਵਰ ਕਿਚਨ ਕੌਂਟਰ ਤੇ ਹੀ ਰੱਖ ਦਿੱਤਾ । ਆਪ ਟੀ. ਵੀ. ਵੱਲ ਧਿਆਨ ਕਰ ਲਿਆ ।

ਹਰਪਾਲ ਨੇ ਟੈਲੀਫੋਨ ਦਾ ਰੀਸੀਵਰ ਕੰਨ ਕੋਲ ਕਰਕੇ ਆਖਿਆ, 'ਹੈਲੋ'!

ਅਗੋਂ ਕੁੜੀ ਦੀ ਆਵਾਜ਼ ਆਈ । 'ਮੈਂ ਜੀ ਹਰਪਾਲ ਨਾਲ ਗੱਲ ਕਰਨੀ ਲੋਚਦੀ ਹਾਂ ।'

'ਤੁਸੀਂ ਹਰਪਾਲ ਨਾਲ ਹੀ ਗੱਲ ਕਰਦੇ ਹੋ । ਦੱਸੋ ਮੈਂ ਆਪ ਲਈ ਕੀ ਕਰ ਸਕਦਾ ਹਾਂ ।'

'ਕਰ ਤਾਂ ਤੁਸੀਂ ਬਹੁਤ ਕੁਝ ਸਕਦੇ ਸੀ । ਮੈਨੂੰ ਜਾਪਦਾ ਤੁਸੀਂ ਹਾਲੇ ਮੈਨੂੰ ਪਛਾਣਿਆ ਨਹੀਂ ।' ਕੁੜੀ ਨੇ ਉਤਰ ਦੇ ਨਾਲ ਸਵਾਲ ਵੀ ਕਰ ਦਿਤਾ ।

'ਗੱਲ ਹਾਲੇ ਬਣੀ ਨਹੀਂ ।' ਹਰਪਾਲ ਸਹਿਜ ਸੁਭਾ ਕਹਿ ਗਿਆ ।

'ਮੈਂ ਸੁਖਜੀਤ ਬੋਲਦੀ ਹਾਂ, ਅਸੀਂ ਤੁਹਾਡੇ ਸ਼ਹਿਰ ਆਏ ਹੋਏ ਹਾਂ, ਤੁਹਾਡੀ ਗੱਲ ਹੀ ਨਹੀਂ ਬਣਦੀ ।

'ਸੌਰੀ ਆਪ ਦਾ ਇਥੇ ਹੋਣਾ ਮੈਂ ਕਿਆਸ ਭੀ ਨਹੀਂ ਸਕਦਾ ਸੀ । ਤੁਸੀਂ ਕਦੋਂ ਆਏ ਹੋ ? ਹੁਣ ਕਿਥੇ ਹੋ ? ਦਰਸ਼ਨ ਹੋਣ ਦੀ ਆਸ ਕਿਸ ਵੇਲੇ ਤਕ ਹੋ ਸਕਦੀ ਹੈ ?" ਹਰਪਾਲ ਭਾਵੁਕ ਹੁੰਦਾ ਜਾ ਰਿਹਾ ਸੀ ।

"ਮਿਲਣਾ ਹੋਵੇ ਤਾਂ ਪਲ ਨੀ ਜੇ ਲਗਦਾ
ਮੰਜਲਾਂ ਦੀ ਕਾਹਦੀ ਦੂਰੀ ।"

ਸੁਖਜੀਤ ਜਜ਼ਬਾਤੀ ਰੌ ਵਿਚ ਕਹਿ ਗਈ । ਜਦ ਆਪ ਦਾ ਵਿਹਲ ਹੋਵੇ, ਮੈਂ ਆਪਣੀ ਚਾਚੀ ਜੀ ਦੇ ਘਰ ਹਾਂ । ਮੈਂ ਕੱਲ੍ਹ ਇਥੇ ਆਈ ਸੀ, ਕੱਲ੍ਹ ਨੂੰ ਚਲੇ ਜਾਣਾ ਹੈ । ਮੈਨੂੰ ਇਹ ਤਾਂ ਪਤਾ ਸੀ ਤੁਸੀਂ ਇਸ ਸ਼ਹਿਰ ਵਿਚ ਰਹਿੰਦੇ ਹੋ । ਪਰ ਆਪ ਦਾ ਫੂਨ ਅਜ ਹੀ ਮਿਲ ਸਕਿਆ ਹੈ ।

'ਤੁਸੀਂ ਆਪਣੇ ਚਾਚੀ ਜੀ ਦਾ ਪਤਾ ਦੱਸੋ, ਮੈਂ ਆ ਕੇ ਲੈ ਜਾਂਦਾ ਹਾਂ ਨਾਲੇ ਮੇਰੀ ਵਾਈਫ ਨੂੰ ਮਿਲ ਲੈਣਾ, ਉਹ ਹਾਲੇ ਹੁਣੇਕ ਕੰਮ ਤੋਂ ਆਈ ਹੈ । ਰੋਟੀ ਤਿਆਰ ਕਰਦੀ ਹੈ । ਤੁਸੀਂ ਰੋਟੀ ਸਾਡੇ ਘਰ ਹੀ ਖਾ ਲੈਣੀ ।'

ਹਰਪਾਲ ਨੇ ਆਪਣੀ ਗੱਲ ਆਖ ਕੇ ਤੇ ਪਤਾ ਲਿਖਕੇ ਫੂਨ ਰੱਖ ਦਿਤਾ ।

ਪਤੀਲੇ ਵਿਚ ਕੜਛੀ ਫੇਰਦੀ ਸੁਰਿੰਦਰ ਬੋਲੀ, 'ਇਹ ਕਿਸ ਦਾ ਫੂਨ ਸੀ ।'

"ਇਹ ਕੁੜੀ ਸਾਥੋਂ ਇਕ ਸਾਲ ਪਿਛੇ ਸਾਡੇ ਕਾਲਜ ਵਿਚ ਪੜ੍ਹਦੀ ਸੀ । ਇਸ ਦਾ ਪਿੰਡ ਭੀ ਸਾਡੇ ਪਿੰਡ ਤੋਂ ਦੂਰ ਨਹੀਂ । ਇਥੇ ਆਪਣੀ ਚਾਚੀ ਕੋਲ ਆਈ ਹੋਈ ਹੈ । ਮੈਂ ਉਸਨੂੰ ਲੈ ਕੇ ਆਇਆ, ਤੁਸੀਂ ਉਸ ਲਈ ਭੀ ਰੋਟੀ ਤਿਆਰ ਕਰ ਲੈਣੀ" ਬੂਟਾਂ ਦੇ ਤਸਮੇ ਕਸਦੇ ਹਰਪਾਲ ਨੇ ਉਤਰ ਦਿੱਤਾ ।

'ਕਿਸੇ ਨੂੰ ਪੁੱਛ ਤਾਂ ਲਿਆ ਕਰੋ । ਜੇ ਕਿਸੇ ਨੂੰ ਘਰ ਸੱਦਣਾ ਹੁੰਦਾ ਹੈ ।' ਫਰਿਜ਼ 'ਚੋਂ ਚਿਕਨ ਕੱਢਦੀ ਸੁਰਿੰਦਰ ਆਪ ਮੁਹਾਰੇ ਆਖ ਗਈ ।

ਹਰਪਾਲ ਗੱਲ ਅਣਸੁਣੀ ਕਰਕੇ ਥੱਲੇ ਉਤਰ ਗਿਆ । ਬੂਹੇ ਅੱਗੇ ਖੜ੍ਹੀ ਕਾਰ ਵਿਚ ਚਾਬੀ ਘੁੰਮਾ ਕੇ ਸੁਖਜੀਤ ਦੀ ਚਾਚੀ ਦੇ ਘਰ ਵੱਲ ਤੁਰ ਪਿਆ ।

ਰਾਹ ਵਿਚ ਉਸ ਨੂੰ ਕਾਲਜ ਦੇ ਦਿਨ ਯਾਦ ਆ ਗਏ । ਜਦੋਂ ਪਹਿਲੀ ਵਾਰ ਉਸ ਦੀ ਯਾਦ ਨੇ ਸੁਖਜੀਤ ਨੂੰ ਗ੍ਰਹਿਣ ਕੀਤਾ ਸੀ ।

"ਯਾਦ ਉਸਨੂੰ ਗ੍ਰਹਿਣ ਕਰਦੀ ਹੈ, ਜੋ ਯਾਦ ਨੂੰ ਖਿਚ ਪਾਉਂਦੀ ਹੈ । ਮਿੱਤਰਤਾ ਮਨ ਦਾ ਮੇਲ ਹੈ । ਪਿਆਰ ਇਮਾਨਤ ਹੈ ਪਿਆਰੇ ਦੀ ਜਿਸ ਨੂੰ ਇਹ ਅਰਪਣ ਹੋਣਾ ਹੈ ।"

ਉਸ ਦਿਨ ਸੁਖਜੀਤ ਨੇ ਸਿਲਕ ਦਾ ਹਲਕਾ ਗੁਲਾਬੀ ਰੰਗ ਦਾ ਸੂਟ ਪਾਇਆ ਹੋਇਆ ਸੀ । ਉਸਦਾ ਪਤਲਾ ਸਰੀਰ ਤੇ ਤਿੱਖੇ ਨਕਸ਼ ਖਿਚ ਦਾ ਕਾਰਨ ਬਣੇ ਹੋਏ ਸਨ । ਮਾਈਕ ਪਿੱਛੇ ਖੜੀ ਦੇ ਮੋਢਿਆਂ ਉਤੇ ਸੁੱਟੀ ਹੋਈ ਚੁੰਨੀ ਤਿਲਕ ਤਿਲਕ ਪੈਂਦੀ ਸੀ । ਉਸ ਦੀ ਆਵਾਜ਼ ਨੇ ਸਾਰੇ ਹਾਲ ਵਿਚ ਬੈਠੇ ਲੋਕਾਂ ਨੂੰ ਕੀਲਿਆ ਹੋਇਆ ਸੀ । ਉਸ ਦੀ ਬਾਰੀਕ ਆਵਾਜ਼ ਉਚੀ ਹੋਈ

'ਉਸ ਗੋਰੀ ਤਾਂ ਕਾਹਦਾ ਹੈ ਜੀਵਣਾ
ਕੰਤ ਜਿੰਨ੍ਹਾਂ ਦੇ ਪ੍ਰਦੇਸੀਂ
ਤ੍ਰਿਝਣਾਂ 'ਚ ਕਹਿੰਦੀ ਏ, ਮੇਰੀ ਚੂੜੇ ਦੀ ਛਣਕਾਰ
ਵੇ ! ਮੁੜ ਆ ਪ੍ਰਦੇਸਾਂ ਤੋਂ
ਸਾਨੂੰ ਘਰੇ ਬੜਾ ਰੁਜ਼ਗਾਰ ...

ਫਿਲਮ ਵਾਂਗ ਹਰਪਾਲ ਦੀਆਂ ਅੱਖਾਂ ਅੱਗੇ ਆ ਗਿਆ । ਅੱਗੇ ਲਾਲ ਬੱਤੀ ਵੇਖ ਕੇ ਉਸ ਦਾ ਪੈਰ ਆਪਣੇ ਆਪ ਬਰੇਕ ਤੇ ਚਲਾ ਗਿਆ । ਉਸਨੂੰ ਝਟਕਾ ਜਿਹਾ ਲੱਗਾ ਪਰ ਉਸ ਦੇ ਖਿਆਲਾਂ ਦੀ ਲੜੀ ਨਹੀਂ ਟੁੱਟੀ ।

ਸੁਖਜੀਤ ਦੇ ਗੀਤ ਦੇ ਬੋਲਾਂ ਤੇ ਸੁਖਜੀਤ ਦੀ ਚਾਲ ਤੇ ਸਰੀਰ ਦੀ ਢਾਲ ਨੇ ਹਰਪਾਲ ਦੀ ਯਾਦ ਨੂੰ ਖਿਚ ਪਾ ਲਈ ਸੀ । ਹੁਣ ਗੱਲ ਮਨ ਦੇ ਮੇਲ ਤੇ ਖੜੀ ਸੀ "ਮਿੱਤਰਤਾ।"

ਇਕ ਵਾਰ ਉਨ੍ਹਾਂ ਦੋਹਾਂ ਨੇ ਜੱਟ ਤੇ ਜੱਟੀ ਦੇ ਰੋਲ ਵਿਚ ਕਾਲਜ ਦੀ ਸਟੇਜ ਤੋਂ ਦੋ ਗਾਣਾ ਭੀ ਗਾਇਆ ਸੀ । ਉਹ ਇਕ ਦੂਜੇ ਦੇ ਹੋਰ ਨੇੜੇ ਹੋ ਗਏ ਸੀ । ਇਕ ਦੂਜੇ ਨੂੰ ਕੱਲਿਆਂ ਮਿਲਣ ਲਗ ਪਏ ਸੀ ।

'ਕੌਲੀ ਦੇਖ ਮਿਤਰਾ, ਵੇ ਤੇਰੇ ਨਾਲ ਹਸਦੀ, ਮਰਜਾਣੀ ਦਾ ਹਰਏਕ ਮੁੰਡਾ ਚਿੜਦਾ ਨੀ' ਤਕ ਗਲ ਪੁਜ ਗਈ ਸੀ ।

ਹਰਪਾਲ ਦਾ ਮੇਲ ਬੰਦੂਕ ਦੀ ਨਾਲੀ ਚੋਂ ਜੀਵਨ ਦਾ ਸੁਖ ਭਾਲਦੇ ਬੰਦਿਆਂ ਨਾਲ ਹੋ ਗਿਆ । ਪੁਲੀਸ ਉਸ ਦੇ ਮਗਰ ਪੈ ਗਈ । ਹਰਪਾਲ ਦੇ ਸੂਬੇਦਾਰ ਪਿਤਾ ਨੂੰ ਨਾ ਹਰਪਾਲ ਦੀ ਸਰਕਾਰ ਨਾਲ ਟੱਕਰ ਪਸੰਦ ਸੀ ਤਾ ਨਾ ਸੁਖਜੀਤ ਨਾਲ ਉਸ ਦਾ ਪਿਆਰ । ਸੁਖਜੀਤ ਰਾਮਗੜੀਆਂ ਦੀ ਕੁੜੀ ਸੀ । ਸੂਬੇਦਾਰ ਨਾਲੋਂ ਉਨ੍ਹਾਂ ਦਾ ਕੰਮ ਕਿਤੇ ਚੰਗਾ ਸੀ । ਸੂਬੇਦਾਰ ਜੱਟ ਸਿੱਖ ਸੀ । ਹਰਪਾਲ ਦੀ ਸਰਕਾਰ ਨਾਲ ਟੱਕਰ ਉਸ ਨੂੰ ਹਰਪਾਲ ਦੀ ਮੌਤ ਵਿੱਚ ਨਜ਼ਰ ਆਉਂਦੀ ਤੇ ਹਰਪਾਲ ਦਾ ਸੁਖਜੀਤ ਨਾਲ ਪਿਆਰ ਉਸ ਦੀ ਸ਼ਾਦੀ ਸੁਖਜੀਤ ਨਾਲ ਕਿਆਸ ਕੇ ਸੂਬੇਦਾਰ ਨੂੰ ਆਪਣੇ ਜੱਟਪੁਣੇ ਦੀ ਮੌਤ ਵਖਾਈ ਦਿੰਦੀ । ਸੂਬੇਦਾਰ ਪੁਲਸ ਮੁਕਾਬਲਿਆਂ ਦੀ ਸ਼ਕਲ ਵਿੱਚ ਪੰਜਾਬ ਦੀ ਕਰੀਮ ਨੂੰ ਲੱਸੀ ਵਾਂਗ ਡੁਲਦੇ ਅਖਬਾਰਾਂ ਵਿੱਚ ਪੜ੍ਹਦਾ ਤੇ ਸੂਬੇਦਾਰ ਨੂੰ ਦੱਸਦਾ ਤੇ ਆਖਦਾ 'ਹਰਪਾਲ ਨੂੰ ਆਪਣੇ ਭਰਾ ਪਾਸ ਕੈਨੇਡਾ ਭੇਜ ਦੇ, ਸੂਬੇਦਾਰਨੀ ਦੇ ਭਰਾ ਅੱਗੇ ਕਦੇ ਹਾੜਿਆਂ ਨੇ ਹਰਪਾਲ ਦੇ ਮਾਮੇ ਦੇ ਦੋਸਤ ਦੀ ਕੁੜੀ ਨਾਲ ਹਰਪਾਲ ਦੀ ਮੰਗਣੀ ਕਰਾ ਦਿੱਤੀ ਤੇ ਹਰਪਾਲ ਇਥੇ ਆ ਗਿਆ ।

ਹਰਪਾਲ ਦੀ ਘੁਘੀ ਰੰਗੀ ਕਾਰ ਸੁਖਜੀਤ ਦੀ ਚਾਚੀ ਦੇ ਘਰ ਅੱਗੇ ਹਲਕਾ ਜਿਹਾ ਹੌਰਨ ਦੇ ਕੇ ਸੁਖਜੀਤ ਦੀ ਉਡੀਕ ਕਰ ਰਹੀ ਸੀ ।

ਸੁਖਜੀਤ ਨੇ ਹਰਪਾਲ ਪਾਸ ਪੁਜ ਕੇ ਦੋਵੇਂ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਆਖੀ ਤੇ ਹਰਪਾਲ ਨੇ ਦਰਵਾਜਾ ਅੰਦਰ ਬੈਠੇ ਨੇ ਖੋਲ ਦਿੱਤਾ ਤੇ ਸੁਖਜੀਤ ਹਰਪਾਲ ਦੇ ਬਰਾਬਰ ਆ ਕੇ ਬੈਠ ਗਈ । ਪਹਿਲਾ ਸਵਾਲ ਸੁਖਜੀਤ ਨੇ ਇਹ ਕੀਤਾ ਕਿ 'ਤੁਸੀਂ ਆਉਂਦੇ ਹੋਏ ਦੱਸ ਕੇ ਕਿਉਂ ਨਹੀਂ ਆਏ ?

"ਸੁਖਜੀਤ ਮੈਂ ਸ਼ਰਮਿੰਦਾ ਹਾਂ, ਮੇਰੀ ਮਾਂ ਦੇ ਤਰਲਿਆਂ ਨੇ ਮੇਰਾ ਫਰਜ਼ ਤੇ ਪਿਆਰ ਆਪਣੇ ਹੌਕਿਆਂ ਵਿੱਚ ਉਡਾ ਦਿੱਤਾ ।"

'ਪਰ ਚਾਚੀ ਤਾਂ ਕਹਿੰਦੀ ਸੀ ਤੁਸੀਂ ਉਨ੍ਹਾਂ ਨੂੰ ਕਦੇ ਖਤ ਹੀ ਨਹੀਂ ਲਿਖਿਆ' ਸੁਖਜੀਤ ਨੇ ਹੌਲੀ ਜਹੀ ਆਖਿਆ ।

'ਇਹ ਇਕ ਹੋਰ ਕਹਾਣੀ ਹੈ,' ਹਰਪਾਲ ਦਾ ਉਤਰ ਸੰਖੇਪ ਸੀ । ਦੋਵੇਂ ਚੁੱਪ ਕਰ ਗਏ ਤੇ ਹਰਪਾਲ ਦਾ ਨਵਾਂ ਘਰ ਆ ਗਿਆ ।

ਸੁਰਿੰਦਰ ਨੇ ਮੱਥੇ ਦੀ ਤਿਉੜੀ ਖੋਲ ਕੇ ਬਰੀਕ ਬੁੱਲਾਂ ਤੇ ਮੁਸਕਰਾਹਟ ਦਾ ਸਾਂਗ ਰਚਾ ਕੇ ਦਰਵਾਜਾ ਖੋਲ ਦਿੱਤਾ ਤੇ ਤਿੰਨੇ ਆ ਕੇ ਸੋਫਿਆਂ ਤੇ ਸਜ ਗਏ ।

'ਤੁਹਾਡਾ ਘਰ ਬਹੁਤ ਸੋਹਣਾ', ਸੁਖਜੀਤ ਆਪਣੀ ਸਾੜ੍ਹੀ ਦੀ ਫਾਲ ਠੀਕ ਕਰਦੀ ਹੋਈ ਨੇ ਆਖਿਆ'

"ਇਹ ਸਭ ਸੁਰਿੰਦਰ ਦੀ ਮਿਹਰਬਾਨੀ ਹੈ।" ਹਰਪਾਲ ਨੇ ਸੁਰਿੰਦਰ ਨੂੰ ਖੁਸ਼ ਕਰਨ ਲਈ ਉਤਰ ਵਜੋਂ ਆਖਿਆ । ਫੇਰ ਤਿੰਨੇ ਚੁਪ ਕਰ ਗਏ । ਚੁਪ ਨੂੰ ਤੋੜਨ ਲਈ ਸੁਖਜੀਤ ਬੋਲੀ, 'ਕੋਈ ਦੇਸ਼ ਦੀ ਗੱਲ ਸੁਣਾਓ ?

"ਸੁਖਜੀਤ ਦੇਸ਼ ਦੀ ਕੀ ਗਲ ਕਰਨੀ ਹੈ । ਉਥੇ ਹਿੰਦੂਆਂ ਦਾ ਰਾਜ ਹੈ । ਹਿੰਦੂ ਤੇ ਹਿੰਦੂਆਂ ਦੀ ਸਰਕਾਰ ਸਿੱਖਾਂ ਦੀ ਆਨ ਤੇ ਸ਼ਾਨ ਹੀ ਨਹੀਂ ਖਤਮ ਕਰ ਰਹੀ ਸਗੋਂ ਸਿੱਖ ਧਰਮ ਨੂੰ ਖਤਮ ਕਰਨ ਨੂੰ ਤੁਲੀ ਹੋਈ ਹੈ । ਪਹਿਲਾਂ ਅਕਾਲ ਤਖਤ ਢਾਹ ਢੇਰੀ ਕਰ ਦਿੱਤਾ । ਜਦ ਕਿਸੇ ਬਹਾਦਰ ਨੇ ਬਦਲਾ ਲਿਆ ਤਾਂ ਸਾਰੀ ਕੌਮ ਦਾ ਕਤਲੇਆਮ ਸ਼ੁਰੂ ਕਰ ਦਿੱਤਾ ਇਨ੍ਹਾਂ ਹਾਲਾਤ ਵਿੱਚ ਸਿੱਖ ਉਸ ਦੇਸ਼ ਵਿੱਚ ਕਿਵੇਂ ਸਾਹ ਲੈ ਸਕਦੇ ਹਨ ।" ਹਰਪਾਲ ਇਕੋ ਸਾਹੇ ਕਹਿ ਗਿਆ । "ਕੁਝ ਕਾਂਗਰਸ ਨੇ ਖਰੀਦ ਲਏ ਹਨ । ਕੁੱਝ ਗੱਦਾਰ ਬਣ ਗਏ ਹਨ । ਅਕਾਲੀ ਕਹਿੰਦੇ ਹਨ ਅਸੀਂ ਅਤਿਵਾਦ ਤੇ ਵੱਖਵਾਦ ਦੀ ਕਦੇ ਗਲ ਹੀ ਨਹੀਂ ਕੀਤੀ । ਸਭ ਤੋਂ ਬੜੇ ਕੌਮ ਦੇ ਗੱਦਾਰ ਹਨ । ਸਿੰਘ ਸਾਹਿਬ ਅਕਾਲ ਤਖਤ ਦੇ ਜੱਥੇਦਾਰ ਬਣ ਕੇ ਭੀ ਕਾਂਗਰਸ ਦੀ ਚਮਚਾਗਿਰੀ ਕਰਦੇ ਹਨ । ਤਾਂ ਹੀ ਤਾਂ ਉਨ੍ਹਾਂ ਉਤੇ ਕਿਸੇ ਬਹਾਦਰ ਨੇ ਗੋਲੀ ਚਲਾਈ ਹੈ । ਜੇ ਕੋਈ ਸੱਚੀ ਗੱਲ ਕਰਦਾ ਹੈ ਪੜ੍ਹੇ ਲਿਖੇ ਉਸ ਨੂੰ ਜਨੂੰਨੀ ਕਹਿੰਦੇ ਹਨ ।"

"ਹਰਪਾਲ ! ਬਿਨਾਂ ਦਲੀਲ ਤੋਂ ਜਦ ਕੋਈ ਆਪਣੀ ਗੱਲ ਨੂੰ ਸੱਚੀ ਆਖੀ ਜਾਵੇ ਉਹ ਜਨੂੰਨੀ ਜ਼ਰੂਰ ਹੁੰਦਾ ਹੈ । ਜਨੂੰਨ ਨਫਰਤ ਬੀਜਦਾ ਹੈ । ਨਫਰਤ ਤਬਾਹੀ ਦਾ ਕਾਰਨ ਬਣਦੀ ਹੈ, ਤੇ ਪਿਆਰ ਦੀ ਦੁਸ਼ਮਣ ਹੈ । ਤਬਾਹੀ ਨਿਰਾਸ਼ਾ ਨੂੰ ਜਨਮ ਦਿੰਦੀ ਹੈ, ਪਿਆਰ ਬਿਨਾਂ ਜ਼ਿੰਦਗੀ ਮੌਲਦੀ ਨਹੀਂ । ਨਿਰਾਸ਼ਾ ਜੀਵਨ ਦੀ ਤੋਰ ਮੱਠੀ ਕਰਦੀ ਹੈ । ਮੱਠੀ ਤੋਰ ਤਰੱਕੀ ਦੀ ਘਾਤਕ ਹੈ । ਤਰੱਕੀ ਕੁਦਰਤ ਦੀ ਆਸ਼ਾ ਹੈ । ਕੁਦਰਤ ਦੇ ਆਸ਼ੇ ਤੋਂ ਬੇਧਿਆਨ ਹੋਣਾ ਰੱਬ ਤੋਂ ਮੁਨਕਰ ਹੋਣ ਦੇ ਬਰਾਬਰ ਹੈ । ਬੇਧਿਆਨੀ ਵਿੱਚ ਰੱਬ ਤੋਂ ਮੁਨਕਰ ਹੋ ਕੇ ਧਰਮ ਦੀਆਂ ਗੱਲਾਂ ਕਰਕੇ ਧਰਮ ਨਾਲ ਹੀ ਵਿਸਾਹਘਾਤ ਹੈ । ਵਿਸਾਹਘਾਤ ਨਾਲ ਵਿਗੜ ਤਾ ਜ਼ਰੂਰ ਸਕਦਾ ਹੈ, ਜੋ ਵਿਗੜ ਭੀ ਗਿਆ ਹੈ, ਸੌਰ ਕੁਝ ਨਹੀਂ ਸਕਦਾ । ਇਸ ਲਈ ਕੌਣ ਸੱਚਾ ਹੈ ? ਕੌਣ ਝੂਠਾ ਹੈ ? ਦਾ ਫੈਸਲਾ ਕਰਨ ਵਿੱਚ ਨਹੀਂ ਸੋਚਣ ਸਮਝਣ ਵਿੱਚ ਹੈ ਕਿ ਬੀਮਾਰੀ ਕੀ ਹੈ ? ਤਾਂ ਇਲਾਜ ਕੀ ਹੋ ਸਕਦਾ ਹੈ ।" ਸੁਖਜੀਤ ਨੇ ਤਰਕਸ਼ੀਲਤਾ ਨਾਲ ਬਾਦਲੀਲ ਗਲ ਕੀਤੀ ।

"ਘਰ ਵਿਚ ਤਾਂ ਕਦੇ ਕੋਈ ਪਿਆਰ ਦੀ ਗੱਲ ਨਹੀਂ ਕਰਦਾ । ਤੁਸੀਂ ਇਡਾ ਬੜਾ ਮਸਲਾ ਪਿਆਰ ਨਾਲ ਤੇ ਦਲੀਲ ਨਾਲ ਹੱਲ ਕਰਨ ਦੀ ਗੱਲ ਇਨ੍ਹਾਂ ਅੱਗੇ ਕਰਦੇ ਹੋ" ਸੁਰਿੰਦਰ ਨੇ ਭੀ ਆਪਣੇ ਦਿਲ ਦੀ ਗੱਲ ਆਖ ਦਿੱਤੀ ।

"ਡੈਡੀ ਕੰਮ ਦਾ ਫੋਨ" ਕਿਚਨ ਤੋਂ ਕਾਕੇ ਨੇ ਵਾਜ ਦਿੱਤੀ । ਹਰਪਾਲ ਕਿਚਨ ਵੱਲ ਚਲਾ ਗਿਆ । 'ਸੱਚੀ ਗਲ ਤਾਂ ਰੋਟੀ ਦੀ ਹੈ । ਇਨ੍ਹਾਂ ਨੇ ਕੰਮ ਤੇ ਜਾਣਾ ਹੈ, ਆਪਾਂ ਰੋਟੀ ਖਾਂਦੇ ਹਾਂ । ਦੇਸ਼ ਦੀਆਂ ਗੱਲਾਂ ਕਰਕੇ ਇਹ ਦਿਮਾਗੀ ਇਆਸ਼ੀ ਕਰਦੇ ਹਨ । ਚਾਚਾ ਜੀ ਐਸ. ਜੀ. ਪੀ. ਸੀ. ਦੇ 20 ਸਾਲਾਂ ਤੋਂ ਮੈਂਬਰ ਹਨ, ਉਨ੍ਹਾਂ ਦਾ ਖਤ ਆਇਆ ਸੀ ਕਿ ਸਮਝੌਤਾ ਹੋਣ ਦੀ ਪੂਰੀ ਆਸ ਹੈ । ਇਨ੍ਹਾਂ ਦੀ ਕੀ ਗੱਲ ਕਰਨੀ ਹੈ । ਚਾਚਾ ਜੀ ਨੂੰ ਭੀ ਗੱਦਾਰ ਕਹਿੰਦੇ ਹਨ । 'ਦਿਮਾਗੀ ਇਆਸ਼ੀ ਕਰਨ ਵਾਲਿਆਂ ਨੂੰ ਸੱਚੇ ਪਾਤਸ਼ਾਹ ਹੀ ਸਮੱਤ ਬਖਸ਼ਣ !' ਕਹਿਕੇ ਸੁਰਿੰਦਰ ਵੀ ਕਿਚਨ ਵਿੱਚ ਚਲੀ ਗਈ ।

ਸੁਖਜੀਤ ਕੱਲੀ ਲਿਵਿੰਗ ਰੂਮ ਵਿਚ ਬੈਠੀ ਸੋਚਾਂ ਵਿੱਚ ਡੁਬ ਗਈ ।

●●●●●

ਦੋਸ਼ੀ ਕੌਣ ਹਨ?

(ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਪਿਛੋਂ ਦਿੱਲੀ ਵਿਚ 31 ਅਕਤੂਬਰ ਤੋਂ 10 ਨਵੰਬਰ ਤੱਕ ਹੋਏ ਦੰਗੇ ਫਸਾਦਾਂ ਦੇ ਕਾਰਨ ਅਤੇ ਅਸਰ ਬਾਰੇ ਪੀਪਲਜ਼ ਯੂਨੀਅਨ ਫਾਰ ਡੈਮੋਕਰੈਟਿਕ ਰਾਈਟਸ(ਪੀ. ਯੂ. ਡੀ. ਆਰ) ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼(ਪੀ. ਯੂ. ਸੀ. ਐਲ.) ਸਾਂਝੀ ਜਾਂਚ ਕਮੇਟੀ ਦੀ ਰੀਪੋਰਟ ਜੋ ਪਹਿਲਾਂ ਅੰਗਰੇਜ਼ੀ ਵਿਚ ਛਪੀ ਸੀ ਉਸਦਾ ਸਹੀ ਅਨੁਵਾਦ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ: ਜਗਮੋਹਨ ਸਿੰਘ ਹੋਰਾਂ ਨੇ ਕੀਤਾ ਹੈ ਅਤੇ 'ਕੈਨੇਡਾ ਦਰਪਣ' ਨੂੰ 'ਕੈਨੇਡਾ ਦਰਪਣ' ਦੇ ਇਕ ਸੁਹਿਰਦ ਹਿਤੈਸ਼ੀ ਰਾਹੀਂ ਪ੍ਰਾਪਤ ਹੋਇਆ ਹੈ। ਇਹ ਰੀਪੋਰਟ 'ਕੈਨੇਡਾ ਦਰਪਣ' ਦੇ ਪਾਠਕਾਂ ਦੀ ਜਾਣਕਾਰੀ ਲਈ ਲੜੀਵਾਰ ਛਪੇਗੀ। ਅਸੀਂ ਪ੍ਰੋ: ਜਗਮੋਹਣ ਸਿੰਘ ਹੋਰਾਂ ਦੇ ਧੰਨਵਾਦੀ ਹਾਂ। ਅਤੇ ਜਮਹੂਰੀ ਅਧਿਕਾਰ ਸਭਾ, ਪੰਜਾਬ ਦੇ ਰਿਣੀ ਹਾਂ — ਸੰਪਾਦਕ)

1. ਭੂਮਿਕਾ

ਪੀਪਲਜ਼ ਯੂਨੀਅਨ ਫਾਰ ਡੈਮੋਕਰੈਟਿਕ ਰਾਈਟਸ (ਪੀ. ਯੂ. ਡੀ. ਆਰ.) ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼(ਪੀ. ਯੂ. ਸੀ. ਐਲ.) ਨੇ ਦਿੱਲੀ ਵਿਚ ਹੋਈ ਹਿੰਸਾ ਅਤੇ ਦੰਗੇ ਫਸਾਦਾਂ ਦੀ ਜਾਂਚ-ਪੜਤਾਲ ਕਰਨ ਲਈ ਇਕ ਸਾਂਝੀ ਤਥ-ਖੋਜ ਕਮੇਟੀ ਬਣਾਈ। ਇਕ ਤੋਂ ਦਸ ਨਵੰਬਰ ਤੱਕ ਕੀਤੀ ਜਾਂਚ ਦੌਰਾਨ, ਕਮੇਟੀ ਇਸ ਸਿੱਟੇ ਤੇ ਪੁੱਜੀ ਕਿ ਦਿੱਲੀ ਅਤੇ ਇਸ ਦੇ ਆਸ-ਪਾਸ ਦੀਆਂ ਬਸਤੀਆਂ ਵਿਚ ਸਿੱਖਾਂ ਵਿਰੁੱਧ ਹੋਈ ਹਿੰਸਾ, ਸ੍ਰੀਮਤੀ ਗਾਂਧੀ ਦੀ ਹੱਤਿਆ ਤੇ ਆਮ ਜਨਤਾ ਵਲੋਂ "ਦੁੱਖ ਤੇ ਗੁੱਸੇ" 'ਚ "ਪਾਗਲਪਨ" ਦਾ ਆਪ ਮੁਹਾਰਾ ਪ੍ਰਗਟਾਅ ਹਰਗਿਜ਼ ਨਹੀਂ ਜਿਵੇਂ ਕਿ ਸਰਕਾਰ ਵਲੋਂ ਜਚਾਉਣ ਦੀ ਕੋਸ਼ਿਸ਼ ਕੀਤੀ ਗਈ। ਸਰਕਾਰੀ ਦਾਅਵਿਆਂ ਦੇ ਉਲਟ ਇਹ ਸਭ ਇਕ ਯੋਜਨਾਬੱਧ ਤਰੀਕੇ ਨਾਲ ਜਥੇਬੰਦ ਕੀਤਾ ਗਿਆ, ਜਿਸ ਵਿਚ ਕਾਂਗਰਸ (ਆਈ) ਦੇ ਅਹਿਮ ਸਿਆਸਤਾਨਾਂ ਅਤੇ ਪ੍ਰਬੰਧਕੀ ਅਧਿਕਾਰੀਆਂ ਦੇ ਹੁਕਮ ਤੇ ਜਾਣ-ਬੁਝ ਕੇ ਕੀਤੀਆਂ ਕੁਤਾਹੀਆਂ ਦੇ ਕਾਰਨਾਮੇ ਮੁੱਖ ਤੌਰ ਤੇ- ਸ਼ਾਮਿਲ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਮ ਲੋਕਾਂ ਵਿਚ ਸਦਮੇ, ਦੁਖ ਤੇ ਰੋਹ ਦੀ ਭਾਵਨਾ ਸੀ। ਪਰ ਸ੍ਰੀ ਮਤੀ ਗਾਂਧੀ ਦੇ ਕਤਲ ਤੋਂ ਪਿਛੋਂ ਇਕ ਦ੍ਰਿੜ ਤੇ ਜਥੇਬੰਦ ਗਰੁਪ ਵਲੋਂ ਭੜਕਾਈ ਹਿੰਸਾ ਪਿਛੋਂ ਤਾਂ ਕੁਝ ਹੋਰ ਹੀ ਭਾਵਨਾ ਕੰਮ ਕਰ ਰਹੀ ਸੀ।

ਪੜਤਾਲੀਆ ਕਮੇਟੀ ਨੇ ਆਪਣੇ ਮੈਂਬਰਾਂ ਦੇ ਨਿੱਜੀ ਤਜਰਬਿਆਂ ਤੋਂ ਇਲਾਵਾ ਅੱਡ ਅੱਡ ਤਰ੍ਹਾਂ ਦੇ ਲੋਕਾਂ ਨਾਲ ਲੰਮੀਆਂ ਮੁਲਾਕਾਤਾਂ ਕੀਤੀਆਂ। ਇਨ੍ਹਾਂ ਲੋਕਾਂ ਵਿਚੋਂ ਸਨ :

1. ਦੰਗਿਆਂ ਦੇ ਸ਼ਿਕਾਰ ਲੋਕ। 2. ਪੁਲਿਸ ਅਧਿਕਾਰੀ, ਜਿੰਨ੍ਹਾਂ ਤੋਂ ਦੰਗੇ ਰੋਕਣ ਦੀ ਉਮੀਦ ਕੀਤੀ ਜਾਂਦੀ ਸੀ। 3. ਗੁਆਂਢੀ ਜਿੰਨਾਂ ਨੇ ਦੰਗਾ-ਪੀੜਤਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। 4. ਫੌਜੀ ਅਤੇ 5. ਸਿਆਸੀ ਆਗੂ। ਇਸ ਦੌਰਾਨ ਸਾਹਮਣੇ ਆਏ ਤੱਥਾਂ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਹਮਲਿਆਂ ਦਾ ਸਰੂਪ ਸਭਨੀਂ ਥਾਈਂ ਇਕੋ ਹੀ ਸੀ ਭਾਵੇਂ ਉਹ ਦੱਖਣ 'ਚ ਮੁਨੀਰਕਾ, ਪੱਛਮ ਵਿਚ ਮੰਗੋਲਪੁਰੀ ਜਾਂ ਪੂਰਬ ਵਿਚ ਤਰਲੋਕਪੁਰੀ ਵਿਚ ਹੋਏ।

ਵੱਖ ਵੱਖ ਥਾਵਾਂ ਤੇ ਦੂਰ ਦੁਰਾਡੇ ਇਲਾਕਿਆਂ ਵਿਚ ਇਕੋ ਤਰਤੀਬ ਨਾਲ ਵਾਪਰੀਆਂ ਘਟਨਾਵਾਂ ਇਸ ਗੱਲ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿਣ ਦਿੰਦੀਆਂ ਕਿ ਹਮਲਿਆਂ ਦੀ ਵਿਉਂਤਬੰਦੀ ਕਿਸੇ ਤਾਕਤਵਰ ਜਥੇਬੰਦਕ ਗਰੁਪ ਵਲੋਂ ਕੀਤੀ ਗਈ। ਇਕ ਸੀਨੀਅਰ ਫੌਜੀ ਅਫਸਰ ਜੋ ਦੰਗਿਆਂ ਦੌਰਾਨ ਦਿੱਲੀ ਵਿਚ ਤਾਇਨਾਤ ਸੀ ਨੇ ਕਿਹਾ, "ਇਹ ਲੁੱਟਮਾਰ ਕਿਸੇ ਮਾਹਿਰ ਦਾ ਕੰਮ ਹੈ।" ਅਖਬਾਰਾਂ ਦੀਆਂ ਰਿਪੋਰਟਾਂ ਇਹ ਦਰਸਾਉਂਦੀਆਂ ਹਨ ਕਿ ਘਟਨਾਵਾਂ ਦਾ ਸਰੂਪ ਕਾਂਗਰਸ(ਆਈ) ਦੀ ਹਕੂਮਤ ਵਾਲੇ ਸਾਰੇ ਰਾਜਾਂ ਵਿਚ ਬਿਲਕੁਲ ਇਕੋ ਹੀ ਸੀ।

ਹਮਲਾਵਰਾਂ ਵਲੋਂ ਨਿਸ਼ਾਨਾਂ ਬਣਾਏ ਲੋਕਾਂ ਦੀ ਚੋਣ ਦਾ ਪੈਟਰਨ ਵੀ ਬਿਲਕੁਲ ਨਿਸ਼ਚਿਤ ਸੀ। 1971 ਦੀ ਮਰਦਮਸ਼ੁਮਾਰੀ ਅਨੁਸਾਰ ਦਿੱਲੀ ਵਿਚ 20 ਤੋਂ 50 ਸਾਲ ਦੀ ਉਮਰ ਦੇ ਸਿੱਖ ਮਰਦਾਂ ਦੀ ਗਿਣਤੀ ਇਕ ਲੱਖ ਦੇ ਕਰੀਬ ਸੀ। ਇਹਨਾਂ ਦੰਗਿਆਂ ਵਿਚ ਮਰਨ ਵਾਲੇ ਸਿੱਖ ਤਕਰੀਬਨ ਏਸੇ ਉਮਰ ਦੇ ਹੀ ਸਨ 7 ਨਵੰਬਰ ਤੱਕ 325 ਮੌਤਾਂ (ਜਿਸ ਵਿਚ 46 ਹਿੰਦੂ) ਦਾ ਜੋ ਸਰਕਾਰੀ ਅਨੁਮਾਨ (ਹਿੰਦੁਸਤਾਨ ਟਾਈਮਜ਼ 11 ਨਵੰਬਰ) ਦਸਿਆ ਗਿਆ, ਉਹ ਲੁੱਟਮਾਰ ਦੀ ਵਿਸ਼ਾਲਤਾ ਅਤੇ ਇਕੱਲੀਆਂ ਮੁੜ ਵਸਾਈਆਂ ਬਸਤੀਆਂ ਵਿਚ ਜਿਉਂਦੇ ਸਾੜੇ ਅਤੇ ਮੌਕੇ ਤੇ ਹੀ ਮਾਰੇ ਲੋਕਾਂ ਦੀ ਗਿਣਤੀ ਨੂੰ ਵੇਖਦੇ ਹੋਏ, ਹਾਸੋ-ਹੀਣਾ ਜਾਪਦਾ ਹੈ ਮੌਕੇ ਦੇ ਗਵਾਹਾਂ, ਮਰਨ ਵਾਲਿਆਂ ਦੇ ਰਿਸ਼ਤੇਦਾਰਾਂ ਅਤੇ ਬਚ ਨਿਕਲੇ ਲੋਕਾਂ ਤੋਂ ਇਕੱਠੀ ਕੀਤੀ ਜਾਣਕਾਰੀ ਦੇ ਆਧਾਰ ਤੇ ਟੀਮ ਦਾ ਅੰਦਾਜ਼ਾ ਹੈ ਕਿ ਮਰਨ ਵਾਲਿਆਂ ਦੀ ਗਿਣਤੀ ਇਕ ਹਜ਼ਾਰ ਤੋਂ ਵੱਧ ਹੈ।

ਪੀੜਤ ਲੋਕਾਂ ਤੇ ਉਨ੍ਹਾਂ ਦੇ ਗੁਆਂਢੀਆਂ ਨਾਲ ਗਲਬਾਤ ਕਰਨ ਤੋਂ ਬਾਅਦ ਘਟਨਾਵਾਂ ਦੀ ਤਰਤੀਬ ਨੂੰ ਜੋੜਿਆਂ ਪਤਾ ਲਗਦਾ ਹੈ ਕਿ ਇਨ੍ਹਾਂ ਦਾ ਸਰੂਪ ਹਰ ਥਾਂ ਬਿਲਕੁਲ ਇਕੋ ਜਿਹਾ ਹੀ ਸੀ। **ਪਹਿਲੇ ਪੜਾਅ ਵਿਚ**, 31 ਅਕਤੂਬਰ ਦੀ ਸ਼ਾਮ ਨੂੰ ਸ੍ਰੀਮਤੀ ਗਾਂਧੀ ਦੀ ਮੌਤ ਤੋਂ ਬਾਅਦ ਵੱਡੀ ਪੱਧਰ ਤੇ ਅਫਵਾਹਾਂ ਫੈਲਾਈਆਂ ਗਈਆਂ। ਇਹ ਅਫਵਾਹਾਂ ਮੁਖ ਤੌਰ ਤੇ ਤਿੰਨ ਤਰ੍ਹਾਂ ਦੀਆਂ ਸਨ : ਪਹਿਲੇ ਕਿ ਸਿੱਖ ਮਿਠਾਈਆਂ ਵੰਡ ਕੇ ਤੇ ਦੀਪਮਾਲਾ ਕਰਕੇ ਸ੍ਰੀਮਤੀ ਇੰਦਰਾ ਗਾਂਧੀ ਦੀ ਮੌਤ ਦੀਆਂ ਖੁਸ਼ੀਆਂ ਮਨਾ ਰਹੇ ਸਨ। (ਜਦੋਂ ਬਾਅਦ ਵਿਚ ਪੁੱਛ-ਪੜਤਾਲ ਦੌਰਾਨ ਅਸੀਂ ਲੋਕਾਂ ਨੂੰ ਪੁਛਿਆ ਕਿ ਕੀ ਉਨ੍ਹਾਂ ਨੇ ਆਪਣੇ ਅੱਖੀਂ ਇਹ ਸਭ ਕੁਝ ਦੇਖਿਆ ਹੈ ਤਾਂ ਲਗਭਗ ਹਰੇਕ ਨੇ ਕਿਹਾ ਕਿ ਉਨ੍ਹਾਂ ਨੇ ਖੁਦ ਨਹੀਂ ਦੇਖਿਆ, ਸਿਰਫ ਕਿਸੇ ਤੋਂ ਸੁਣਿਆ ਹੈ)। ਫਿਰ ਵੀ ਸਾਨੂੰ ਕੁਝ ਕੁ ਅਜਿਹੇ ਲੋਕ ਜ਼ਰੂਰ ਮਿਲੇ ਹਨ ਜੋ ਸਿੱਖਾਂ ਉਪਰ ਹੋ ਰਹੇ ਹਮਲਿਆਂ ਤੋਂ ਤਾਂ ਬੇਹੱਦ ਔਖੇ ਸਨ ਪਰ ਉਨ੍ਹਾਂ ਮੰਨਿਆ ਕਿ ਉਨ੍ਹਾਂ ਨੇ ਕੁਝ ਥਾਵਾਂ ਤੇ ਕੁਝ ਸਿੱਖਾਂ ਨੂੰ ਸ੍ਰੀਮਤੀ ਗਾਂਧੀ ਦੀ ਮੌਤ ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਤੱਕਿਆ। ਸਾਨੂੰ ਕੁਝ ਅਜਿਹੀਆਂ ਰਿਪੋਟਾਂ ਵੀ ਮਿਲੀਆਂ ਕਿ ਕੁਝ ਥਾਵਾਂ ਤੇ ਗੈਰ-ਸਿੱਖਾਂ ਨੇ ਵੀ ਇਸੇ ਕਿਸਮ ਦਾ ਦਿਖਾਵਾ ਕੀਤਾ। ਵੱਖ ਵੱਖ ਸੂਤਰਾਂ ਤੋਂ ਮਿਲੀ ਜਾਣਕਾਰੀ ਤੋਂ ਸਾਡਾ ਇਹ ਪ੍ਰਭਾਵ ਹੈ ਕਿ ਅਜਿਹੀਆਂ ਘਟਨਾਵਾਂ ਆਮ ਨਹੀਂ ਸਗੋਂ ਵਿਰਲੀਆਂ ਵਿਰਲੀਆਂ ਹੀ ਸਨ। ਦੂਜੀ ਅਫਵਾਹ ਸੀ ਕਿ ਪੰਜਾਬ ਤੋਂ ਸੈਂਕੜੇ ਹਿੰਦੂਆਂ ਦੀਆਂ ਲਾਸ਼ਾਂ ਨਾਲ ਭਰੀਆਂ ਗੱਡੀਆਂ ਪੁਰਾਣੀ ਦਿੱਲੀ ਦੇ ਸਟੇਸ਼ਨ ਤੇ ਪੁੱਜੀਆਂ ਹਨ। ਤੀਜੀ ਕਿ ਸਿੱਖਾਂ ਨੇ ਪਾਣੀ ਵਿਚ ਜ਼ਹਿਰ ਮਿਲਾ ਦਿੱਤੀ ਹੈ। ਦੂਜੀ ਅਤੇ ਤੀਜੀ ਅਫਵਾਹ ਬਾਰੇ ਇਸ ਗੱਲ ਦੇ ਸਬੂਤ ਮਿਲੇ ਹਨ ਕਿ ਪੁਲਸ ਵਾਲੇ ਸਰਕਾਰੀ ਗੱਡੀਆਂ ਵਿਚ ਬੈਠ ਕੇ ਲਾਊਡ ਸਪੀਕਰਾਂ ਰਾਹੀਂ, ਲਾਸ਼ਾਂ ਨਾਲ ਭਰੀਆਂ ਗੱਡੀਆਂ ਦੇ ਆਉਣ ਅਤੇ ਪਾਣੀ ਵਿਚ ਜ਼ਹਿਰ ਹੋਣ ਬਾਰੇ ਬਸਤੀਆਂ ਵਿਚ ਐਲਾਨ ਕਰ ਰਹੇ ਸਨ। ਇਹ ਵੀ ਪਤਾ ਲਗਾ ਹੈ ਕਿ ਪੁਲਸ ਅਧਿਕਾਰੀਆਂ ਨੇ ਕੁਝ ਇਲਾਕਿਆਂ ਦੇ ਲੋਕਾਂ ਨੂੰ ਟੈਲੀਫੋਨ ਕਰਕੇ ਪਾਣੀ ਨਾ ਪੀਣ ਲਈ ਕਿਹਾ। ਇਨ੍ਹਾਂ ਦੋਹਾਂ ਅਫਵਾਹਾਂ(ਜਿਨ੍ਹਾਂ ਦਾ ਬਾਅਦ ਵਿਚ ਸਰਕਾਰੀ ਤੌਰ ਤੇ ਖੰਡਨ ਕਰ ਦਿ ਤਾ ਗਿਆ) ਨੇ ਲੋਕਾਂ ਦਾ ਇਸ ਤਰ੍ਹਾਂ ਮਨ ਬਣਾਇਆ ਕਿ ਉਹ ਬਾਅਦ ਵਿਚ ਹੋਏ ਕਤਲਾਂ ਅਮੇ ਹਮਲਿਆਂ ਨਾਲ ਰਜ਼ਾਮੰਦ ਹੋ ਸਕਣ।

ਦੂਜੇ ਪੜਾਅ ਹਥਿਆਰਬੰਦ ਨੌਜਵਾਨਾਂ ਦੇ ਟਰੱਕਾਂ, ਟੈਂਪੂਆਂ, ਸਕੂਟਰਾਂ ਅਤੇ ਮੋਟਰ ਸਾਈਕਲਾਂ ਤੇ ਸਵਾਰ ਹੋ ਕੇ ਵੱਖ ਵੱਖ ਥਾਵਾਂ ਤੇ ਆਉਣ ਨਾਲ 31 ਅਕਤੂਬਰ ਦੀ ਰਾਤ ਤੇ 1 ਨਵੰਬਰ ਦੀ ਸਵੇਰ ਨੂੰ ਸ਼ੁਰੂ ਹੋਇਆ। ਇਹ ਦੱਖਣ ਅਤੇ ਦੱਖਣ-ਪੂਰਬ ਵਿਚ ਮੁਨੀਰਕਾ, ਸਕੇਤ, ਸਾਊਥ ਐਕਸਟੈਨਸ਼ਨ, ਲਾਜਪਤ ਨਗਰ ਭੋਗਲ, ਜੰਗਪੁਰਾ ਅਤੇ ਆਸ਼ਰਮ, ਮਧ ਵਿਚ ਕਨਾਟ ਪਲੇਸ ਦੀ ਮਾਰਕੀਟ ਅਤੇ ਬਾਅਦ ਵਿਚ ਜਮਨਾਂ ਪਾਰ ਤੇ ਹੋਰ ਮੁੜ ਵਸਾਈਆਂ ਬਸਤੀਆਂ ਵਿਚ ਪਹੁੰਚੇ। ਪੈਟਰੋਲ ਦੀਆਂ ਕੇਨੀਆਂ ਚੁੱਕੀ ਇਹ ਅੱਡ ਅੱਡ ਇਲਾਕਿਆਂ ਵਿਚ ਪਹੁੰਚੇ ਅਤੇ ਚੁਣ ਚੁਣ ਸਿੱਖਾਂ ਦੇ ਘਰਾਂ, ਦੁਕਾਨਾਂ ਤੇ ਗੁਰਦੁਆਰਿਆਂ ਨੂੰ ਅੱਗਾਂ ਲਾ ਦਿਤੀਆਂ ਮੌਕੇ ਦੇ ਗੁਆਹਾਂ ਨੇ ਪੜਤਾਲੀਆ ਕਮੇਟੀ ਨੂੰ ਦੱਸਿਆ ਕਿ ਹਰ ਥਾਂ ਲੋਕਲ ਕਾਂਗਰਸ(ਆਈ) ਦੇ ਵਰਕਰਾਂ ਨੇ ਸਿੱਖਾਂ ਦੀਆਂ ਦੁਕਾਨਾਂ ਅਤੇ ਘਰਾਂ ਦੀ ਸ਼ਨਾਖਤ ਕੀਤੀ ਅਤੇ ਜਾਣੇ ਪਛਾਣੇ ਕਾਂਗਰਸੀ ਆਗੂਆਂ ਅਤੇ ਕਾਰਕੁਨਾਂ(ਜਿਨ੍ਹਾਂ ਦੇ ਨਾਂ ਅੰਤਿਕਾ-1 ਵਿਚ ਦਰਜ ਹਨ) ਨੇ ਲੁੱਟਮਾਰ ਕਰਨ ਵਾਲਿਆਂ ਨੂੰ ਹਦਾਇਤਾਂ ਦਿਤੀਆਂ ਤੇ ਉਨ੍ਹਾਂ ਦੀ ਅਗਵਾਈ ਕੀਤੀ। ਇਕ ਸੀਨੀਅਰ ਪੁਲਸ ਅਫਸਰ (ਜੋ ਸਪੱਸ਼ਟ ਕਾਰਨਾਂ ਕਰਕੇ ਆਪਣਾ ਨਾਮ ਗੁਪਤ ਰਖਣਾ ਚਾਹੁੰਦਾ ਹੈ) ਅਨੁਸਾਰ, "ਦੁਕਾਨਾਂ ਦੇ ਬੋਰਡ ਹਿੰਦੀ ਅਤੇ ਅੰਗਰੇਜ਼ੀ ਵਿਚ ਲਿਖੇ ਹੋਏ ਸਨ। ਲੁਟ-ਮਾਰ ਕਰਨ ਵਾਲੇ ਅਨਪੜ੍ਹਾਂ ਤੋਂ ਇਹ ਪਛਾਨਣ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ ਕਿ ਕੋਈ ਦੁਕਾਨ ਹਿੰਦੂ ਦੀ ਹੈ ਜਾਂ ਸਿਖ ਦੀ, ਜਦ ਤੱਕ ਉਨ੍ਹਾਂ ਨੂੰ ਕਿਸੇ ਪੜ੍ਹੇ-ਲਿਖੇ ਜਾਂ ਲੋਕਲ ਆਦਮੀ ਨੇ ਪਛਾਣ ਨਾ ਕਰਵਾਈ ਹੋਵੇ ?" ਤਰਲੋਕਪੁਰੀ, ਮੰਗੋਲਪੁਰੀ ਅਤੇ ਜਮਨਾ ਪਾਰ ਬਸਤੀਆਂ ਵਰਗੇ ਇਲਾਕਿਆਂ ਵਿਚ ਹਮਲਾਵਰ ਤੇ ਲੁਟੇਰੇ ਗੁਆਂਢੀ ਪਿੰਡਾਂ ਦੇ ਗੁੱਜਰ ਤੇ ਜਾਟ ਸਨ ਉਨ੍ਹਾਂ ਨਾਲ ਕੁਝ ਲੋਕਲ ਵਸਨੀਕ ਜਿਨ੍ਹਾਂ ਵਿਚ ਕਾਂਗਰਸ(ਆਈ) ਦੇ ਸਰਗਰਮ ਕਾਰਕੁਨ ਵੀ ਸ਼ਾਮਲ ਸਨ, ਰਲ ਗਏ। ਇਨ੍ਹਾਂ ਇਲਾਕਿਆਂ ਵਿਚ ਕਾਂਗਰਸ(ਆਈ) ਦੇ ਸਮਰਥਕ ਭੰਗੀਆਂ(ਹਰੀਜਨਾਂ) ਨੇ ਲੁੱਟ-ਮਾਰ ਵਿਚ ਹਿਸਾ ਲਿਆ। ਦੱਖਣੀ ਦਿੱਲੀ ਵਿਚ ਗੁੰਡਿਆਂ ਨੇ ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ (ਡੀ.ਟੀ.ਸੀ.) ਦੀਆਂ ਬੱਸਾਂ ਨੂੰ ਆਪਣੀ ਖੂਨੀ ਯਾਤਰਾ ਵਿਚ ਥਾਂ ਥਾਂ ਵਰਤਿਆ। ਆਖਿਰ ਅਪਰਾਧੀਆਂ ਨੂੰ ਡੀ. ਟੀ. ਸੀ. ਨੇ ਬੱਸਾਂ ਵਰਤਨ ਦੀ ਆਗਿਆ ਕਿਵੇਂ ਦਿੱਤੀ ?

ਮੁੜ ਵਸਾਈਆਂ ਬਸਤੀਆਂ (ਜਿਵੇਂ ਜਮਨਾ ਪਾਰ ਤਰਲੋਕਪੁਰੀ ਅਤੇ ਪੱਛਮ ਵਿਚ ਮੰਗੋਲਪੁਰੀ ਜਿਥੇ ਸਭ ਤੋਂ ਵੱਧ ਕਤਲ ਹੋਏ) ਵਿਚ ਵੀ ਹਮਲਿਆਂ ਦਾ ਸਰੂਪ ਇਹੋ ਹੀ ਸੀ। ਮੁੱਖ ਨਿਸ਼ਾਨਾ ਨੌਜੁਆਨ ਸਿਖ ਸਨ। ਉਨ੍ਹਾਂ ਨੂੰ ਧੂਅ ਕੇ ਬਾਹਰ ਕੱਢਦੇ, ਕੁੱਟਦੇ ਮਾਰਦੇ ਅਤੇ ਜਿਊਂਦੇ ਹੀ ਸਾੜ ਦਿੰਦੇ। ਬਿਰਧ ਮਰਦਾਂ ਔਰਤਾਂ ਤੇ ਬੱਚਿਆਂ ਨੂੰ ਆਮ ਤੌਰ ਤੇ ਬਚਕੇ ਨਿਕਲ ਜਾਣ ਦਿੰਦੇ। ਸਮਾਨ ਲੁੱਟ ਕੇ ਘਰਾਂ ਨੂੰ ਅੱਗ ਲਾ ਦਿੰਦੇ। ਇਥੋਂ ਤੱਕ ਕਿ ਮਕਾਨਾਂ ਦੀ ਮਾਲਕੀ ਦੇ ਦਸਤਾਵੇਜ਼ ਵੀ ਸਾੜ ਦਿੰਦੇ। ਸਾਨੂੰ ਬਚ ਗਏ ਪੀੜਤਾਂ ਨੇ ਦੱਸਿਆ ਕਿ ਮੰਗੋਲਪੁਰੀ ਦੇ ਕੁਝ ਹਿਸਿਆਂ ਵਿਚ ਬੱਚਿਆਂ ਤੱਕ ਨੂੰ ਵੀ ਬਖਸ਼ਿਆ ਨਹੀਂ ਗਿਆ। ਔਰਤਾਂ ਨਾਲ ਸਮੂਹਕ ਬਲਾਤਕਾਰ ਦੀਆਂ ਰਿਪੋਰਟਾਂ ਵੀ ਮਿਲੀਆਂ ਹਨ। ਤਬਾਹੀ ਦੇ ਭਿਅੰਕਰ ਤੂਫਾਨ ਵਿਚ ਕਈ ਤਰ੍ਹਾਂ ਦੀ ਜਾਇਦਾਦ-ਦੁਕਾਨਾਂ, ਫੈਕਟਰੀਆਂ, ਘਰ, ਗੁਰਦੁਆਰੇ ਤੇ ਸਿੱਖਾਂ ਦੇ ਸਕੂਲ ਤੱਕ ਨਸ਼ਟ ਕਰ ਦਿਤੇ ਗਏ। ਸਾਰੇ ਪ੍ਰਭਾਵਿਤ ਇਲਾਕਿਆਂ ਵਿਚ ਲੋਕਾਂ ਵਿਚ ਦਹਿਸ਼ਤ ਫੈਲਾਉਣ ਦੀ ਗਿਣੀ ਮਿਥੀ ਨੀਤੀ ਸੀ। ਇਸ ਦਾ ਸਬੂਤ ਹਮਲਾਵਰਾਂ ਵਲੋਂ ਸਿੱਖਾਂ ਨੂੰ ਸ਼ਰੇਆਮ ਸੜਕਾਂ ਉਤੇ ਜਿਉਂਦੇ ਸਾੜਨ ਤੋਂ ਮਿਲਦਾ ਹੈ। ਇਸ ਗੱਲ ਦੇ ਬਾਵਜੂਦ ਕਿ ਸੜੇ ਹੋਏ ਬੰਦਿਆਂ ਅਤੇ ਅਸਥੀਆਂ ਨੂੰ ਸਾਫ ਕਰ ਦਿਤਾ ਗਿਆ ਸੀ, ਫਿਰ ਵੀ ਘਟਨਾਵਾਂ ਤੋਂ ਪੰਜ ਦਿਨ ਬਾਅਦ ਤਕ ਵੀ, ਕਾਂਗਰਸ(ਆਈ) ਦੇ ਦਫਤਰ ਸਾਹਮਣੇ ਸੜਕ ਦੇ ਕਿਨਾਰਿਆਂ ਤੇ ਸਾੜਨ ਦੇ ਦਾਗ ਸਾਫ ਦਿਸਦੇ ਸਨ। ਜਦ 6 ਨਵੰਬਰ ਨੂੰ ਸਾਡੀ ਟੀਮ ਮੰਗੋਲਪੁਰੀ ਬਕਾਇਦਾ ਤੌਰ ਤੇ ਗਈ ਤਾਂ ਲੋਕਲ ਬੰਦਿਆਂ ਨੇ ਦੱਸਿਆ ਕਿ ਉਥੇ ਚਾਰ ਸਿੱਖ ਜਿਉਂਦੇ ਸਾੜੇ ਗਏ ਸਨ।

(ਚਲਦਾ)

ਲੇਖਕਾਂ ਦੀ ਬੋਲਣ ਅਤੇ ਲਿਖਣ ਦੀ ਆਜ਼ਾਦੀ ਉਤੇ ਫਾਸ਼ੀ ਹਮਲਾ

ਉਜੱਲ ਦੁਸਾਂਝ ਉਤੇ ਹਮਲੇ ਦੀ ਨਿਖੇਧੀ

8 ਫਰਵਰੀ 1985 ਦੀ ਸ਼ਾਮ ਨੂੰ ਵੈਨਕੂਵਰ ਵਿਚ ਇੰਡੋ ਕਨੇਡੀਅਨ ਕਮਿਊਨਿਟੀ ਦੇ ਪ੍ਰਸਿੱਧ ਵਕੀਲ ਅਤੇ ਲੇਖਕ ਉਜੱਲ ਦੁਸਾਂਝ ਉਤੇ ਕਾਤਲਾਨਾ ਹਮਲਾ ਕੀਤਾ ਗਿਆ। ਹਮਲੇ ਦਾ ਕਾਰਨ ਉਨ੍ਹਾਂ ਵਲੋਂ ਪਿਛੇ ਜਿਹੇ 'ਕੈਨੇਡਾ ਦਰਪਣ' ਵਿਚ ਇੰਡੋ ਕਨੇਡੀਅਨ ਕਮਿਊਨਿਟੀ ਦੇ ਸੰਕਟ ਬਾਰੇ ਛਪੇ ਲੇਖ ਦੱਸਿਆ ਗਿਆ ਹੈ। ਇਸ ਲਈ ਇਹ ਹਮਲਾ ਲੇਖਕਾਂ ਦੀ ਲਿਖਣ ਅਤੇ ਬੋਲਣ ਦੀ ਸੁਤੰਤਰਤਾ ਉਤੇ ਸਿਧਾ ਹਮਲਾ ਹੈ।

ਸਾਡੀ ਕਮਿਊਨਿਟੀ ਵਿਚ ਲੇਖਕਾਂ ਦੀ ਆਜ਼ਾਦੀ ਉਤੇ ਇਹ ਦੂਸਰਾ ਹਮਲਾ ਹੈ। ਅਕਤੂਬਰ 1984 ਵਿਚ ਪੰਜਾਬੀ ਦੇ ਸ਼ਾਇਰ ਗੁਰਚਰਨ ਰਾਮਪੁਰੀ ਉਤੇ ਵੀ ਇਸੇ ਤਰ੍ਹਾਂ ਤਿੰਨ ਅਤਿਵਾਦੀਆਂ ਵਲੋਂ ਕਾਤਲਾਨਾ ਹਮਲਾ ਕੀਤਾ ਗਿਆ ਸੀ।

ਸੁਤੰਤਰਤਾ ਨਾਲ ਬੋਲਣ ਅਤੇ ਲਿਖਣ ਦਾ ਹੱਕ ਮਨੁੱਖ ਦਾ ਜਮਾਂਦਰੂ ਅਧਿਕਾਰ ਹੈ। ਲੇਖਕਾਂ ਲਈ ਇਹ ਸੁਤੰਤਰਤਾ ਹੋਰ ਵੀ ਜ਼ਰੂਰੀ ਹੈ ਕਿਉਂਕਿ ਜਦੋਂ ਕਿਸੇ ਕੌਮ ਜਾਂ ਸਮਾਜ ਦਾ ਪੱਤਣ ਆਉਂਦਾ ਹੈ ਤਾਂ ਲੇਖਕ ਇਸ ਵਿਰੁਧ ਆਵਾਜ਼ ਬੁਲੰਦ ਕਰਦੇ ਹਨ। ਇਸ ਸਮੇਂ ਸਮਾਜ ਵਿਚੋਂ ਸਵਾਰਥੀ ਅਤੇ ਫਾਸ਼ੀ ਅਨਸਰ ਸਿਰ ਚੁਕਦੇ ਹਨ ਜਿਨ੍ਹਾਂ ਦਾ ਪਹਿਲਾ ਨਿਸ਼ਾਨਾ ਬੁਧੀਜੀਵੀ ਅਤੇ ਲੇਖਕ ਬਣਦੇ ਹਨ। ਇਹ ਸਵਾਰਥ ਅਤੇ ਪਸ਼ੂਪੁਣੇ ਵਿਚ ਅੰਨ੍ਹੇ ਹੋਏ ਲੋਕ ਲੇਖਕਾਂ ਦੀ ਸੁਤੰਤਰਤਾ ਦਾ ਗਲ ਘੁੱਟ ਕੇ ਸਮੁੱਚੇ ਸਭਿਆਚਾਰ ਦੀ ਸੰਘੀ ਨੂੰ ਹੱਥ ਪਾਉਣਾ ਚਾਹੁੰਦੇ ਹਨ।

ਪੰਜਾਬੀ ਲੇਖਕ ਮੰਚ ਉਜੱਲ ਦੁਸਾਂਝ ਉਤੇ ਕੀਤੇ ਗਏ ਹਮਲੇ ਦੀ ਪੁਰਜ਼ੋਰ ਨਿਖੇਧੀ ਕਰਦਾ ਹੈ ਅਤੇ ਸਰਕਾਰ ਤੋਂ ਮੰਗ ਕਰਦਾ ਹੈ ਕਿ ਹਮਲਾ ਕਰਨ ਵਾਲਿਆਂ ਵਿਰੁੱਧ ਫੌਰਨ ਲੋੜੀਂਦੀ ਕਾਰਵਾਈ ਕੀਤੀ ਜਾਵੇ ਅਤੇ ਸਖਤ ਸਜ਼ਾਵਾਂ ਦਿੱਤੀਆਂ ਜਾਣ।

ਇਸ ਬੁਜ਼ਦਿਲਾਨਾ ਹਮਲੇ ਨੇ ਸਾਡੀ ਕਮਿਊਨਿਟੀ ਦਾ ਸਿਰ ਇਕ ਵਾਰ ਫੇਰ ਕੈਨੇਡਾ ਦੇ ਸਾਰੇ ਲੋਕਾਂ ਵਿਚ ਨੀਵਾਂ ਕਰ ਦਿਤਾ ਹੈ। ਇਹ ਹਮਲਾ ਸਾਡੀਆਂ ਸਮਾਜਿਕ ਅਤੇ ਧਾਰਮਿਕ ਰਵਾਇਤਾਂ ਦੇ ਹਰ ਤਰ੍ਹਾਂ ਉਲਟ ਹੈ। ਇਸ ਲਈ ਲੇਖਕ ਮੰਚ ਸਾਡੀ ਕਮਿਊਨਿਟੀ ਦੀਆਂ ਸਾਰੀਆਂ ਸਿਆਸੀ, ਸਭਿਆਚਾਰਕ ਅਤੇ ਧਾਰਮਿਕ ਸੰਸਥਾਵਾਂ ਤੋਂ ਮੰਗ ਕਰਦਾ ਹੈ ਕਿ ਕਮਿਊਨਿਟੀ ਦੀ ਏਕਤਾ ਅਤੇ ਭਲਾਈ ਦੀ ਖਾਤਰ ਇਸ ਹਮਲੇ ਦੀ ਸਖਤ ਸ਼ਬਦਾਂ ਵਿਚ ਪਬਲਿਕ ਤੌਰ ਉਤੇ ਨਿਖੇਧੀ ਕਰਨ।

ਪੰਜਾਬੀ ਲੇਖਕ ਮੰਚ ਵੈਨਕੂਵਰ

ਸਪੈ ਦੁਧੁ ਪੀਆਈਐ

ਅਜਮੇਰ ਰੋਡੇ

ਨਸਲਵਾਦ ਇਕ ਜ਼ਹਿਰੀ ਸੱਪ ਹੈ ਜੋ ਕਦੇ ਖੜੱਪੇ ਵਾਂਗ ਡੰਗ ਮਾਰਦਾ ਹੈ ਕਦੇ ਦਮੂਹੀ ਵਾਂਗ ਮੂੰਹ ਲਾ ਕੇ ਸਮਾਜ ਦੀਆਂ ਨਾੜਾਂ ਵਿਚ ਧੀਮਾ ਧੀਮਾ ਜ਼ਹਿਰ ਛੱਡ ਦਿੰਦਾ ਹੈ। ਇਸ ਡੰਗ ਅਤੇ ਜ਼ਹਿਰ ਦੇ ਸ਼ਿਕਾਰ ਸਭ ਤੋਂ ਵੱਧ ਅਸੀਂ ਇੰਡੋਕਨੇਡੀਅਨ ਲੋਕ ਹੋ ਰਹੇ ਹਾਂ। ਇਸ ਸੱਪ ਨੂੰ ਦੁਧ ਪਿਆਉਣ ਵਾਲੇ ਮੁਖ ਤੌਰ ਉਤੇ ਗੋਰੇ ਨਸਲਵਾਦੀ ਹਨ, ਤੇ ਉਨ੍ਹਾਂ ਦੇ ਭਾਈਵਾਲ ਹਨ ਸਾਡੀ ਆਪਣੀ ਕਮਿਊਨਿਟੀ ਵਿਚੋਂ ਉਹ ਲੋਕ ਜੋ ਕਮਿਊਨਿਟੀ ਵਿਚ ਧਰਮ ਦੇ ਨਾਂ ਉਤੇ ਹਿੰਦੂ, ਸਿੱਖ, ਮੁਸਲਮਾਨ ਵਿਚ ਪਾੜਾ ਪਾਉਂਦੇ ਹਨ। ਕਿਉਂਕਿ ਇਹ ਪਾੜਾ ਨਸਲਵਾਦੀ ਸੱਪ ਦੀ ਜ਼ਹਿਰ ਹੋਰ ਤਿੱਖੀ ਕਰਦਾ ਹੈ।

"ਸਪੈ ਦੁਧੁ ਪੀਆਈਐ
ਵਿਸ ਮੁਖ ਤੇ ਸਟੈ"

— ਗੁਰੂ ਅਮਰਦਾਸ

ਸਾਡੇ ਅਤੇ ਸਾਡੇ ਬੱਚਿਆਂ ਦੇ ਮੁਖਾਂ ਤੇ ਇਹ ਸੱਪ ਬਾਰ ਬਾਰ ਵਿਸ ਸੁਟਦਾ ਹੈ।

ਇਸ ਦੀ ਇਕ ਮਿਸਾਲ ਚਰਨਪਾਲ ਗਿੱਲ ਵਲੋਂ ਵਿਖਾਏ ਗਏ(ਕੈਨੇਡਾ ਦਰਪਣ, 5 ਫਰਵਰੀ) ਇਕ ਇਸ਼ਤਿਹਾਰ ਵਿਚ ਵੇਖੀ ਜਾ ਸਕਦੀ ਹੈ ਜੋ ਗੋਰੇ ਨਸਲਵਾਦੀਆਂ ਵਲੋਂ ਵੈਨਕੂਵਰ ਦੀਆਂ ਕੁਝ ਮਿਲਾਂ ਵਿਚ ਵੰਡਿਆ ਗਿਆ ਹੈ ਇਹ ਇਸ਼ਤਿਹਾਰ ਸਾਨੂੰ ਖੜੱਪੇ ਸੱਪ ਵਾਂਗ ਡੰਗਦਾ ਹੈ। ਇਸ ਵਿਚ ਸਾਨੂੰ ਇੰਡੋ ਕਨੇਡੀਅਨ ਲੋਕਾਂ ਨੂੰ ਸ਼ਿਕਾਰ ਕਰਨ ਲਈ ਵਧੀਆ ਜਾਨਵਰ ਦੱਸਿਆ ਗਿਆ ਹੈ, ਜਿਨ੍ਹਾਂ ਦਾ ਸ਼ਿਕਾਰ, ਵੈਲਫੇਅਰ ਦਫਤਰ, ਇਮੀਗਰੇਸ਼ਨ ਦਫਤਰ, ਸਟਰਾਅ ਬੈਰੀ ਫਾਰਮ, ਜ਼ੈਲਰ, ਕੇ ਮਾਰਟ, ਲਿਕਰ ਸਟੋਰ, ਸ਼ਾਪਰ ਡਰੱਗ ਮਾਰਟ, ਅਤੇ ਗੁਰਦੁਆਰਿਆਂ ਵਿਚ ਕੀਤਾ ਜਾ ਸਕਦਾ ਹੈ। ਇਹ ਇਸ਼ਤਿਹਾਰ ਪੜ੍ਹ ਕੇ ਸ਼ਰਮਿੰਦਗੀ ਅਤੇ ਗਿਲਾਨੀ ਨਾਲ ਸਿਰ ਨੀਵਾਂ ਹੁੰਦਾ ਹੈ ਅਤੇ ਕਦੇ ਗੁੱਸੇ ਨਾਲ ਇਹ ਫਟਣ ਲੱਗ ਜਾਂਦਾ ਹੈ।

ਪਰ ਇਸ ਤੋਂ ਵੀ ਵੱਧ ਖਤਰਨਾਕ ਕਿਸਮ ਦਾ ਨਸਲਵਾਦ, ਹੁਣੇ ਹੁਣੇ ਕੀਤੀ ਗਈ ਇਕ ਸੰਜੀਦਾ study ਦੀ ਰੀਪੋਰਟ ਵਿਚ ਪ੍ਰਗਟ ਕੀਤਾ ਗਿਆ ਹੈ। ਇਹ study Urban Alliance on race relations and the Social Planning Council ਵਲੋਂ ਟਰਾਂਟੋ ਵਿਚ ਕੀਤੀ ਗਈ ਹੈ। ਇਸ ਰੀਪੋਰਟ ਵਿਚ ਉਘਾੜਿਆ ਗਿਆ ਨਸਲਵਾਦ ਦਮੂਹੀ ਸਪਣੀ ਦੇ ਜ਼ਹਿਰ ਵਾਂਗ ਹੈ ਜੋ ਹੌਲੀ ਹੌਲੀ ਸਾਡੇ ਸਮਾਜ ਦੀਆਂ ਨਾੜਾਂ ਵਿਚ ਮਾਰੂ ਅਸਰ ਕਰ ਰਿਹਾ ਹੈ।

ਰੀਪੋਰਟ ਵਿਚ ਦਰਸਾਇਆ ਗਿਆ ਹੈ ਕਿ ਹੋਰਨਾਂ ਸਨਅਤੀ ਦੇਸ਼ਾਂ ਵਾਂਗ ਕੈਨੇਡਾ ਵੀ ਨਸਲਵਾਦ ਅਤੇ ਨਸਲੀ ਵਿਤਕਰੇ ਵਿਚ ਪੂਰੀ ਤਰ੍ਹਾਂ ਗ੍ਰਸਤ ਹੈ।

ਸਾਡੇ ਲਈ ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਘੱਟ ਗਿਣਤੀਆਂ ਵਿਚੋਂ, ਕੰਮ ਲੱਭਣ ਵਿਚ, ਸਭ ਤੋਂ ਵੱਧ ਵਿਤਕਰਾ ਇੰਡੋ ਕਨੇਡੀਅਨ ਲੋਕਾਂ ਨਾਲ ਕੀਤਾ ਜਾ ਰਿਹਾ ਹੈ। ਪ੍ਰੋਫੈਸਰ ਮਿਨਜ਼ਬਰਗ (ਰੀਪੋਰਟ ਦੀ ਸਹਿਲੇਖਕਾ) ਅਨੁਸਾਰ 237 ਜੌਬਾਂ ਲਈ ਫੋਨ ਉਤੇ ਐਪਲਾਈ ਕੀਤਾ ਗਿਆ। ਹਰ ਇਕ ਜੌਬ ਲਈ ਚਾਰ ਫੋਨ ਕਰਵਾਏ ਗਏ :

ਪਹਿਲਾ ਇਕ ਕਨੇਡੀਅਨ ਗੋਰੇ ਵਲੋਂ
ਦੂਜਾ ਇਮੀਗਰੈਂਟ ਗੋਰੇ ਵਲੋਂ
ਤੀਜਾ ਬਲੈਕ ਵੈਸਟ ਇੰਡੀਅਨ ਵਲੋਂ
ਚੌਥਾ ਇੰਡੋ ਪਾਕਿਸਤਾਨੀ ਵਲੋਂ

ਗੋਰੇ ਕਨੇਡੀਅਨ ਫੋਨ ਕਰਨ ਵਾਲਿਆਂ ਵਿਚੋਂ 13 ਪ੍ਰਤੀਸ਼ਤ ਨੂੰ ਸਿਧਾ ਜਵਾਬ ਦੇ ਦਿੱਤਾ ਗਿਆ। ਗੋਰੇ ਇਮੀਗਰੈਂਟ ਫੋਨ ਕਰਨ ਵਾਲਿਆਂ ਵਿਚੋਂ 31 ਪ੍ਰਤੀਸ਼ਤ ਨੂੰ ਸਿੱਧਾ ਜਵਾਬ ਦੇ ਦਿਤਾ ਗਿਆ। ਬਲੈਕ ਲੋਕਾਂ ਵਿਚੋਂ 36 ਪ੍ਰਤੀਸ਼ਤ ਨੂੰ ਅਤੇ ਇੰਡੋ-ਪਾਕਿਸਤਾਨੀ ਫੋਨ ਕਰਨ ਵਾਲਿਆਂ ਵਿਚੋਂ 44 ਪ੍ਰਤੀਸ਼ਤ ਨੂੰ ਸਿਧਾ ਜਵਾਬ ਦਿਤਾ ਗਿਆ।

ਇਸ ਤੋਂ ਪਤਾ ਲਗਦਾ ਹੈ ਕਿ ਇੰਡੋ ਕਨੇਡੀਅਨ ਲੋਕਾਂ ਵਿਰੁੱਧ ਅੰਦਰੋ ਅੰਦਰ ਪਲ ਰਹੀ ਨਫਰਤ ਦਾ ਜਜ਼ਬਾ, ਬਾਕੀ ਘੱਟ ਗਿਣਤੀਆਂ ਦੇ ਮੁਕਾਬਲੇ ਸਭ ਤੋਂ ਵਧ ਹੈ। ਅਤੇ ਇਸ ਦਾ ਅਸਰ ਉਤਨਾ ਸਾਡੇ ਉਤੇ ਨਹੀਂ ਜਿਨਾ ਸਾਡੇ ਬੱਚਿਆਂ ਉਤੇ ਹੋਣਾ ਹੈ ਤੇ ਹੋ ਰਿਹਾ ਹੈ।

ਉਹ ਕਨੇਡੀਅਨ ਜੋ ਅੱਜ ਚੰਗੀਆਂ ਜੌਬਾਂ ਉਤੇ ਹਨ ਤੇ ਕਹਿੰਦੇ ਹਨ ਨਸਲਵਾਦ ਕਿਥੇ ਹੈ? ; ਉਹ ਦੋਸਤ ਜੋ ਕਹਿੰਦੇ ਹਨ ਕਿ ਨਸਲਵਾਦ ਕੇਵਲ ਕੁਝ ਸਿਰ ਫਿਰੇ ਅਗੇ ਵਧੂਆਂ ਦੀ ਹੀ ਕਲਪਨਾ ਹੈ, ਉਹ ਸਵਾਰਥੀ ਲੋਕ ਅਤੇ ਸਰਕਾਰੀ ਅਫਸਰ ਜੋ ਸਾਡੀ ਕਮਿਊਨਿਟੀ ਨੂੰ ਧਰਮਾਂ ਦੇ ਆਧਾਰ ਤੇ ਲੀਰੋ ਲੀਰ ਰੱਖਣਾ ਚਾਹੁੰਦੇ ਹਨ ; ਉਹ ਆਪਣੇ ਬੱਚਿਆਂ ਨਾਲ ਸਾਡੇ ਬੱਚਿਆਂ ਨਾਲ ਅਤੇ ਸਮੁੱਚੀ ਕਮਿਊਨਿਟੀ ਨਾਲ ਧੋਖਾ ਕਰ ਰਹੇ ਹਨ। ਉਹ ਇਸ ਰੀਪੋਰਟ(ਜਿਸਦਾ ਸਾਰ ਅੰਸ਼ ਹਫਤਾ ਕੁ ਪਹਿਲਾਂ "ਗਲੋਬ ਐਂਡ ਮੇਲ" ਵਿਚ ਛਪਿਆ ਹੈ) ਦੇ ਨਤੀਜਿਆਂ ਨੂੰ ਈਮਾਨਦਾਰੀ ਨਾਲ ਅਤੇ ਨਿਰਮਲ ਮਨ ਨਾਲ ਘੋਖਣ।

ਪੰਜਾਬ ਅਤੇ ਭਾਰਤ ਵਿਚ ਸਾਡੀਆਂ ਸਮੱਸਿਆਵਾਂ ਦੇ ਬਾਵਜੂਦ ਅਸੀਂ ਐਥੇ ਆਪਣੀ ਕਮਿਊਨਿਟੀ ਵਿਚ ਏਕਤਾ ਰਖ ਸਕਦੇ ਹਾਂ। ਸਾਡਾ ਭਵਿਸ਼ ਇਸ . ਦੇਸ਼ ਦੀਆਂ ਹਾਲਤਾਂ ਅਤੇ ਸਾਡੀ ਕਮਿਊਨਿਟੀ ਦੇ ਸਮੁੱਚੇ ਪ੍ਰਭਾਵ ਨੇ ਬਨਾਉਣਾ ਜਾਂ ਬਰਬਾਦ ਕਰਨਾ ਹੈ। ਜੇ ਸਾਡੀ ਕਮਿਊਨਿਟੀ ਵਿਚੋਂ ਸਿਆਣਪ, ਇੰਟੈਲੀਜੈਂਸ ਅਤੇ ਸਵੈਮਾਣ ਦੀ ਝਲਕ ਪਵੇਗੀ ਤਾਂ ਨਸਲਵਾਦ ਆਪਣੇ ਆਪ ਘਟ ਜਾਵੇਗਾ ਤੇ ਹੌਲੀ ਹੌਲੀ ਸ਼ਾਇਦ ਅਲੋਪ ਹੋ ਜਾਵੇਗਾ। ਇਹ ਸਭ ਕੁਝ ਮਿਲਵਰਤਣ ਅਤੇ ਭਰਾਤਰੀ ਭਾਵ ਕਾਇਮ ਰੱਖਣ ਨਾਲ ਹੀ ਹੋ ਸਕਦਾ ਹੈ।

"ਮਿਲਬੇ ਕੀ ਮਹਿਮਾ ਬਰਨ ਨ ਸਾਕਉ"

—ਗੁਰੂ ਅਰਜਨ ਦੇਵ ਜੀ।

ਸਮਾਜਵਾਦ ਇਹੋ ਤਾਂ ਚਾਹੁੰਦਾ ਹੈ ਕਿ ਮਨੁੱਖ ਮਾਤਰ ਨੂੰ ਬਰਾਬਰੀ ਨਾਲ ਸਿਖਸ਼ਤ ਹੋਣ ਅਤੇ ਕੰਮ ਕਰਨ ਦਾ ਮੌਕਾ ਦਿਤਾ ਜਾਏ। ਸਾਰੇ ਕੰਮ ਬਰਾਬਰ ਸਮਝੇ ਜਾਣ, ਤਾਂ ਹੀ ਬਰਾਬਰੀ ਦੇ ਤੌਰ ਤੇ ਪਿਆਰ ਅਤੇ ਅਮਨ ਨਾਲ ਰਹਿ ਕੇ ਜ਼ਿੰਦਗੀ ਗੁਜ਼ਾਰੀਏ। ਇਸ ਤੋਂ ਉੱਚਾ ਅਤੇ ਪਵਿੱਤਰ ਮਨੁੱਖੀ ਸਭਿਆਚਾਰ ਦਾ ਉਦੇਸ਼ ਹੋਰ ਕੀ ਹੋ ਸਕਦਾ ਹੈ ? ਇਸ ਦੇ ਸਿਧਾਂਤ ਦੇ ਉਲਟ ਚਲਣ ਦਾ ਹੀ ਨਤੀਜਾ ਹੈ ਕਿ ਅੱਜ ਅਸੀਂ ਜਿਸ ਪਾਸੇ ਅੱਖ ਚੁੱਕਦੇ ਹਾਂ ਸੰਘਰਸ਼ ਹੀ ਦਿਖਾਈ ਦਿੰਦਾ ਹੈ, ਇਸੇ ਦਾ ਨਤੀਜਾ ਹੈ ਕਿ ਸਮਾਜ਼ ਦੋ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ। ਇਸੇ ਸਮਾਜਕ ਵਿਧਾਨ ਨੂੰ ਕਾਇਮ ਰਖਣ ਲਈ ਅਦਾਲਤਾਂ ਪੁਲਿਸ, ਫ਼ੌਜਾਂ ਅਤੇ ਚਕਲੇ ਬਣੇ ਹੋਏ ਹਨ। — ਮੁਨਸ਼ੀ ਪ੍ਰੇਮ ਚੰਦ

ਰਾਜ ਸਭਾ ਵਲੋਂ ਵੀ ਦਲ ਬਦਲੀ ਰੋਕੂ ਬਿਲ ਪਾਸ

ਨਵੀਂ ਦਿੱਲੀ: ਦਲਬਦਲੀ ਵਿਰੋਧੀ ਬਿਲ ਅਜ ਰਾਜ ਸਭਾ ਵਲੋਂ ਵੀ ਪਾਸ ਕਰ ਦਿਤਾ ਗਿਆ। ਕਲ੍ਹ ਇਹ ਬਿੱਲ ਲੋਕ ਸਭਾ ਵਲੋਂ ਪਾਸ ਕੀਤਾ ਗਿਆ ਸੀ।

ਰਾਜ ਸਭਾ ਵਿਚ ਬਿਲ ਪੇਸ਼ ਕਰਦਿਆ ਕਾਨੂੰਨ ਮੰਤਰੀ ਸ੍ਰੀ ਅਸ਼ੋਕ ਸੈਨ ਨੇ ਦੱਸਿਆ ਕਿ ਇਸਦਾ ਮਨੋਰਥ ਜਮਹੂਰੀ ਢਾਂਚੇ ਵਿਚ ਪਾਰਟੀ ਪ੍ਰਣਾਲੀ ਨੂੰ ਅਹਿਮ ਅੰਗ ਵਜੋਂ ਮਾਨਤਾ ਦੇਣਾ ਹੈ। ਉਨ੍ਹਾਂ ਦੱਸਿਆ ਕਿ ਇਸ ਬਿੱਲ ਦੀਆ ਵਿਵਸਥਾਵਾਂ ਨੂੰ ਸਾਰੀਆਂ ਧਿਰਾਂ ਵਲੋਂ ਇਕ ਇਤਿਹਾਸਕ ਕਾਰਵਾਈ ਵਜੋਂ ਸਵਾਗਤ ਕੀਤਾ ਗਿਆ ਹੈ।

ਇਸ ਬਿਲ 'ਤੇ ਬਹਿਸ ਸ਼ੁਰੂ ਕਰਦਿਆਂ ਮਾਰਕਸਵਾਦੀ ਪਾਰਟੀ ਦੇ ਮੈਂਬਰ ਸ੍ਰੀ ਦਿਪੇਨ ਘੋਸ਼ ਨੇ ਦੱਸਿਆ 1967 ਤੋਂ ਦਲਬਦਲੀਆਂ ਦਾ ਸਿਲਸਿਲਾ ਸ਼ੁਰੂ ਹੋਇਆ। ਉਦੋਂ ਤੋਂ ਲੈ ਕੇ 1983 ਤਕ 2700 ਕੇਸ ਦਲਬਦਲੀਆ ਦੇ ਵਾਪਰੇ ਹਨ।

ਉਨ੍ਹਾਂ ਕਿਹਾ ਕਿ ਦਲਬਦਲੀ ਕਰਨ ਵਾਲਿਆਂ ਨੂੰ ਧਨ ਅਤੇ ਅਹੁਦੇ ਦਾ ਲਾਲਚ ਦਿਤਾ ਜਾਂਦਾ ਹੈ। ਉਨ੍ਹਾ ਦੱਸਿਆ ਕਿ ਦਲਬਦਲੀ ਕਰਨ ਵਾਲਿਆ 'ਚੋਂ ਹੁਣ ਤੱਕ 212 ਮੰਤਰੀ ਬਣੇ ਤੇ 15 ਮੁਖ ਮੰਤਰੀ। ਉਨ੍ਹਾਂ ਨੇ ਇਸ ਸੰਬੰਧ ਵਿਚ ਭਜਨ ਲਾਲ, ਜੀ. ਐਮ. ਸ਼ਾਹ ਅਤੇ ਭਾਸਕਰ ਰਾਓ ਦੇ ਨਾਂ ਵੀ ਲਏ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਇਹ ਯਤਨ ਅਸਲ ਵਿਚ ਤਦ ਸ਼ਲਾਘਾਯੋਗ ਹੋਏਗਾ ਜੇਕਰ ਜੋ ਕੁਝ ਜੰਮੂ-ਕਸ਼ਮੀਰ ਵਿਚ ਹੋਇਆ ਹੈ ਉਸਨੂੰ ਤੁਰੰਤ ਖਤਮ ਕੀਤਾ ਜਾਵੇ

ਸ੍ਰੀ ਘੋਸ਼ ਨੇ ਆਸ ਪ੍ਰਗਟ ਕੀਤੀ ਕਿ ਇਸ ਬਿਲ ਨਾਲ ਸਿਆਸਤ ਵਿਚੋਂ 'ਆਇਆ ਰਾਮ ਤੇ ਗਇਆ ਰਾਮ' ਦਾ ਚੈਪਟਰ ਖਤਮ ਹੋ ਜਾਏਗਾ।

ਕਾਂਗਰਸ (ਆਈ) ਦੇ ਮੈਂਬਰ ਸ੍ਰੀ ਐਮ. ਸੀ. ਭੰਡਾਰੀ ਨੇ ਇਸ ਬਿੱਲ ਦੇ ਕਈ ਪੱਖਾਂ ਨੂੰ ਸਦਨ ਸਾਹਮਣੇ ਰੱਖਦਿਆਂ ਵਿਰੋਧੀ ਧਿਰ ਦੀ ਇਸ ਆਲੋਚਨਾ ਦਾ ਖੰਡਨ ਕੀਤਾ ਕਿ ਇਹ ਕਦਮ ਕਾਹਲੀ 'ਚ ਲਿਆ ਗਿਆ ਹੈ।

ਏ. ਆਈ. ਏ. ਡੀ. ਐਮ. ਕੇ. ਵਲਮਪੁਰੀ ਜੋਨ ਨੇ ਇਸ ਬਿਲ ਦੀ ਅਹਿਮੀਅਤ 'ਤੇ ਜ਼ੋਰ ਦਿੰਦਿਆਂ ਦੱਸਿਆ ਕਿ ਇਸਦੇ ਲਾਗੂ ਹੋਣ ਨਾਲ ਅਜ ਦੀ ਸਿਆਸਤ ਵਿਚੋਂ ਪੈਸੇ ਦੀ ਤਾਕਤ ਜਾਂਦੀ ਰਹੇਗੀ।

ਕਾਂਗਰਸ (ਆਈ) ਦੇ ਸ੍ਰੀ ਸੁਧਾਕਰ ਪਾਂਡੇ ਨੇ ਕਿਹਾ ਕਿ ਇਸ ਨਾਲ ਬੜੀ ਸਿਹਤਮੰਦ ਰਵਾਇਤ ਕਾਇਮ ਹੋਵੇਗੀ।

ਇਸ ਬਿਲ ਦਾ ਸਵਾਗਤ ਕਰਦਿਆ ਜਨਤਾ ਪਾਰਟੀ ਦੇ ਸ੍ਰੀ ਸ਼ਾਂਤੀ ਪਟੇਲ ਨੇ ਮੰਗ ਕੀਤੀ ਕਿ ਸਾਰੇ ਚੋਣ ਪ੍ਰਬੰਧ ਵਿਚੋਂ ਪੈਸੇ ਤੇ ਤਾਕਤ ਦੀ ਕੁਵਰਤੋਂ ਰੋਕਣ ਲਈ ਸੁਧਾਰ ਕੀਤਾ ਜਾਣਾ ਚਾਹੀਦਾ ਹੈ।

ਕਾਂਗਰਸ (ਆਈ) ਦੇ ਡਾ. ਆਰ. ਪੀ. ਰੇਅ ਨੇ ਦੱਸਿਆ ਕਿ ਇਸ ਬਿੱਲ ਦੇ ਲਾਗੂ ਹੋਣ ਨਾਲ ਨੌਜਵਾਨ ਪੀੜ੍ਹੀ ਦੀ ਸਿਆਸੀ ਜ਼ਿੰਦਗੀ ਵਿਚ ਭਰੋਸਾ ਵਧੇਗਾ

ਭਾਰਤੀ ਜਨਤਾ ਪਾਰਟੀ ਦੇ ਸ੍ਰੀ ਜਸਵੰਤ ਸਿੰਘ ਨੇ ਦੱਸਿਆ ਕਿ ਇਹ ਬਿੱਲ ਪਹਿਲਾਂ ਅਜਿਹਾ ਕਦਮ ਹੈ "ਜਿਸਨੂੰ ਅਸੀਂ ਉਹ ਵਾਤਾਵਰਣ ਸਾਫ ਕਰਨ ਲਈ ਸਵੀਕਾਰ ਕਰ ਰਹੇ ਹਾਂ ਜਿਸ ਵਿਚ ਅਸੀਂ ਕੰਮ ਕਰਦੇ ਹਾਂ।"

ਕਾਂਗਰਸ (ਆਈ) ਦੇ ਸੁਲਤਾਨ ਸਿੰਘ ਨੇ ਕਿਹਾ ਕਿ ਇਸ ਬਿੱਲ ਦੇ ਲਾਗੂ ਹੋਣ ਨਾਲ ਤਣਾਓ ਦੀ ਰਾਜਨੀਤੀ ਖਤਮ ਹੋਵੇਗੀ ਤੇ ਪਿਆਰ ਤੇ ਸਨੇਹ ਦਾ ਰਾਜਨੀਤਕ ਦੌਰਾ ਸ਼ੁਰੂ ਹੋਵੇਗਾ।

ਦਮਕਿਪਾ ਦੇ ਸਤ ਪ੍ਰਕਾਸ਼ ਮਾਲਵੀਆ ਨੇ ਸੁਝਾਅ ਦਿਤਾ ਕਿ ਰਾਇ ਲੈਣ ਲਈ ਇਹ ਬਿੱਲ ਸੁਪਰੀਮ ਕੋਰਟ ਵਲ ਭੇਜਿਆ ਜਾਣਾ ਚਾਹੀਦਾ ਹੈ।

ਬਹਿਸ ਵਿਚ ਸ਼ਾਮਲ ਹੁੰਦਿਆਂ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਇਸ ਗੱਲ ਨੂੰ ਹਾਸੋ-ਹੀਣ ਦੱਸਿਆ ਕਿ ਕਾਂਗਰਸ (ਆਈ) ਨੇ ਫੁੱਟ ਦੇ ਡਰੋ ਦਲਬਦਲੀ ਰੋਕੂ ਬਿਲ ਲਾਗੂ ਕਰਵਾਉਣ ਦਾ ਕਦਮ ਚੁਕਿਆ ਹੈ।


ਉਨ੍ਹਾਂ ਦੱਸਿਆ ਕਿ ਅਸਲ ਵਿਚ ਗੱਲ ਤਾ ਇਹ ਹੈ ਕਿ ਕਈ ਜਾਣੇ ਕਾਂਗਰਸ (ਆਈ) ਵਿਚ ਰਲਣਾ ਚਾਹੁੰਦੇ ਹਨ। ਵਿਰੋਧੀ ਧਿਰ ਦੇ ਕਈ ਸੀਨੀਅਰ ਆਗੂਆਂ ਨੇ ਕਾਂਗਰਸ (ਆਈ) ਦਾ ਮੈਂਬਰ ਬਣਨਾ ਚਾਹਿਆ ਹੈ।

PRESS RELEASE

On Saturday, January 26th members of the Sikh Community of Winnipeg gathered at the Singh Sabha Gurdwara at Sturgeon Road to register their protest against undemocratice practices of the Government of India aginst the Sikhs. The consensus of the meeting was that India, on the International scene, only pretends to be a Democracy. At best it must be described as a Theocracy dominated by the Hindu majority that has no regard, consideration or tolerance for the large minorities such as the Moslems and the Sikhs. If political climate of the country is not changed by the present government of Mr. Rajiv Gandhi, the country will disintegrate and the entire responsibility of the fragmentation will be on the shoulders of the Hindu communalism and the political naivete of Mr. Gandhi. Prayes were said for the unity of the country and peace and harmony between various communities living in India. Violence against the Sikhs must and spilling of their blood must come to an end so that they may once more consider themselves equal partness in the country's future. The Government of India must assure the Sikhs that their property and lives all over the country are safe, and they have as musch right over the prosperity and resources of the Country as the Hindus. The Government has to take definite positive steps to restore confidence and sense of security amongest the Sikhs. It will be unfortunate for India if the Sikh alienation is allowed to crystollize into a hardened reality either by the actions of the Government or by the Hindus majority attitude.

A two minute silence was observed to mark the occasion. The meeting felt that the silence was more appropriated as no words could fathom the depth of shock the Sikhs experience and the hurt that has benumbed the community.

ਅੱਜ ਹੀ ਚੰਦਾ ਭੇਜ ਕੇ "ਕੈਨੇਡਾ ਦਰਪਣ" ਦੇ ਮੈਂਬਰ ਬਣੋ



ਤੁਸੀਂ ਮੇਰਾ ਜਲੇਬੀ ਜੂੜਾ ਵੇਖੋ ਠੀਕ ਏ?
ਇਸਨੂੰ ਪੁੱਠਾ ਕਰਕੇ ਵੇਖ ਕਮਲੀਏ ਮੇਰਾ ਹੀ ਧੜ ਤੂੰ ਸਿਰ ਉਪਰ ਰੱਖ ਲਿਆ।

ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?
ਕ੍ਰਿਪਾ ਕਰਕੇ ਸਾਨੂੰ ਜਰੂਰ ਦੱਸੋ।

ਚਿਟ ਨੰਬਰ------------------------
ਪੁਰਾਣਾ ਪਤਾ------------------------

ਨਵਾਂ ਪਤਾ ਸਟਰੀਟ/ਐਵੇਨਿਊ----------
ਟਾਊਨ------------------------------
ਸਟੇਟ------------------------------
ਪੋਸਟਲ ਕੋਡ------------------------
ਫੋਨ ਨੰਬਰ--------------------------

ਇਪਾਨਾ ਵਲੋਂ ਮਿ: ਦੁਸਾਂਝ ਉਪਰ ਹਮਲੇ ਦੀ ਨਿਖੇਧੀ

"ਅਸੀਂ ਮਿ: ਦੁਸਾਂਝ ਉਪਰ ਸ਼ੁਕਰਵਾਰ 8 ਫਰਵਰੀ ਨੂੰ ਉਨ੍ਹਾਂ ਦੇ ਦਫਤਰ ਦੀ ਪਾਰਕਿੰਗ ਵਿਚ ਕੀਤੇ ਮਾਰੂ ਹਮਲੇ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ। ਇਹ ਵੈਨਕੂਵਰ ਵਿਚ ਭਾਰਤੀ ਕਮਿਊਨਿਟੀ ਦੇ ਮੈਂਬਰ ਉਪਰ ਜਨੂੰਨੀਆਂ ਦੇ ਗਰੁਪ ਵਲੋਂ ਦੂਜੀ ਵਾਰ ਹੋਇਆ ਹੈ ਜੋ ਭਾਰਤ ਵਿਚ ਵੱਖਵਾਦ ਦੀ ਕੋਸ਼ਿਸ਼ 'ਚ ਅਤੇ ਇਥੇ ਸਿਖਾਂ ਅਤੇ ਹਿੰਦੂਆਂ ਵਿਚ ਹਰ ਇਕ ਥਾਂ ਜ਼ਹਿਰ ਫੈਲਾਉਣ 'ਚ ਲੱਗੇ ਹੋਏ ਹਨ। ਉਨ੍ਹਾਂ ਦੇ ਡਰਾਵੇ ਦੇ ਦਾਅ ਪੇਚਾਂ ਦੇ ਬਾਵਜੂਦ ਮਿ: ਦੁਸਾਂਝ ਨੇ ਜਨੂੰਨ ਵਿਰੋਧੀ ਅਤੇ ਜ਼ਹਿਰੀਲੀ ਬੁੜਬੁੜ ਨੂੰ ਰੋਕਣ ਲਈ ਆਪਣੇ ਵਿਚਾਰਾਂ ਨੂੰ ਹੌਂਸਲੇ ਨਾਲ ਕਮਿਊਨਿਟੀ ਵਿਚ ਸਪਸ਼ਟ ਕੀਤਾ ਹੈ। ਅਸੀਂ ਮਿ: ਦੁਸਾਂਝ ਨੂੰ ਇਸ ਹੌਂਸਲੇ ਦੀ ਵਧਾਈ ਦਿੰਦੇ ਹਾਂ ਅਤੇ ਉਨ੍ਹਾਂ ਵਲੋਂ ਲੋਕਾਂ ਦੇ ਆਪਣੇ ਆਪ ਨੂੰ ਦਰਸਾਉਣ ਦੇ ਅਧਿਕਾਰ ਦੀ ਰਾਖੀ ਕਰਨ ਦੇ ਨਾਲ ਖੜਦੇ ਹਾਂ।"

ਅਸੀਂ ਭਾਰਤੀ ਕਮਿਊਨਿਟੀ ਨੂੰ ਇਨ੍ਹਾਂ ਜਨੂੰਨੀਆਂ ਨੂੰ ਕਾਟ ਦੇਣ ਅਤੇ ਇਨ੍ਹਾਂ ਦੀ ਨਿਖੇਧੀ ਕਰਨ ਦਾ ਸੱਦਾ ਦਿੰਦੇ ਹਾਂ। ਅਸੀਂ ਕਨੇਡੀਅਨ ਸਰਕਾਰ ਨੂੰ ਜ਼ਬਰਦਸਤ ਅਪੀਲ ਕਰਦੇ ਹਾਂ ਕਿ ਹਰ ਜ਼ਰੂਰੀ ਕਦਮ ਚੁਕੇ ਜਿਸ ਨਾਲ ਇਸ ਬੁਜ਼ਦਿਲਾਨਾ ਹਿੰਸਾ ਨੂੰ ਰੋਕ ਲੱਗੇ ਅਤੇ ਅਜਿਹੇ ਡਰਾਵੇ ਭਰੇ ਤੇ ਅਤਿਵਾਦੀ ਕਾਰਿਆਂ ਦਾ ਖਾਤਮਾ ਹੋ ਸਕੇ।

(ਪੰਨਾ 4 ਦੀ ਬਾਕੀ)

ਗੱਡੀਆਂ ਹਰ ਕਸਬੇ, ਹਰ ਸ਼ਹਿਰ, ਪਿੰਡ ਅਤੇ ਸੜਕ ਤੇ ਹਰਲ ਹਰਲ ਕਰਦੀਆਂ ਫਿਰਦੀਆਂ ਹਨ। ਮੋਟਰ-ਸ਼ਾਈਕਲਾਂ ਤੇ ਤਿੰਨਾਂ ਆਦਮੀਆਂ ਦੇ ਬੈਠਣ ਦੀ ਪਾਬੰਦੀ ਹੈ। ਕੀ ਅਜਿਹੇ ਵਾਤਾਵਰਨ ਵਿਚ ਸਿਖ ਮੋਟਰਸਾਈਕਲ ਸਵਾਰਾਂ ਦਾ ਜਥੇਦਾਰ ਸਾਹਿਬ ਤੇ ਹਮਲਾ ਕਰਕੇ ਫਰਾਰ ਹੋ ਜਾਣਾ ਸੰਭਵ ਹੈ?

ਆਪ ਇਨ੍ਹਾਂ ਗੱਲਾਂ ਤੋਂ ਜਾਣੂ ਹੋ ਕਿ ਭਾਰੀ ਗਿਣਤੀ ਵਿਚ ਸਿਖ ਗਭਰੂ ਫੌਜੀ ਗੋਲੀਆਂ ਦਾ ਨਿਸ਼ਾਨਾ ਬਣ ਚੁੱਕੇ ਹਨ। ਹਜ਼ਾਰਾਂ ਹੀ ਸਿਖ ਜਵਾਨੀਆਂ ਇਸ ਫਿਰਕੂ ਸਰਕਾਰ ਦੀਆਂ ਜੇਲ੍ਹਾਂ ਵਿਚ ਸੜ ਰਹੀਆਂ ਹਨ। ਹਜ਼ਾਰਾਂ ਹੀ ਸਿਖ ਨੌਜਵਾਨ ਇਸ ਜ਼ਾਲਮ ਸਰਕਾਰ ਦੇ ਫੌਜੀ ਤਸ਼ੱਦਦ ਦੇ ਕੋਹਲੂ ਵਿਚ ਪੀੜੇ ਗਏ ਹਨ ਅਤੇ ਪੀੜੇ ਜਾ ਰਹੇ ਹਨ। ਜੋ ਵੀ ਬਚ ਗਏ ਹਨ, ਹੁਣ ਇਹ ਸਰਕਾਰ ਇਹੋ ਜਿਹੇ ਹਮਲਿਆਂ ਦੀ ਆੜ ਨਾਲ ਕਈਆਂ ਬੇਕਸੂਰ ਸਿਖ ਨੌਜਵਾਨਾਂ ਤੇ ਅਣਮਨੁੱਖੀ ਕਹਿਰ ਢਾਹੇਗੀ। ਭਾਰਤੀ ਸਰਕਾਰ ਦੇ ਖੈਰ-ਖਵਾਹ ਅਹਿਲਕਾਰ ਆਮ ਨਿਰਦੋਸ਼ ਜਨਤਾ ਤੇ ਝੂਠੇ ਮੁਕਦਮੇ ਬਣਾਉਣ ਵਿਚ ਮਾਹਰ ਹਨ। ਫਾਸ਼ੀ ਤਸ਼ੱਦਦ ਕਰਕੇ ਬੇਕਸੂਰਾਂ ਤੋਂ ਇਕਬਾਲ ਕਰਵਾਉਣਾ ਇਸ ਸਰਕਾਰ ਦੇ ਕਰਮਚਾਰੀਆਂ ਲਈ ਕੋਈ ਬਹੁਤਾ ਔਖਾ ਕੰਮ ਨਹੀਂ। ਜਿਸ ਸਰਕਾਰ ਦੀ ਬੁਨਿਆਦ ਹੀ ਝੂਠ ਤੇ ਖੜੀ ਹੋਵੇ ਉਸ ਲਈ ਝੂਠੇ ਮੁਕਦਮੇ ਬਣਾਉਣੇ ਕਿਹੜਾ ਵੱਡਾ ਕੰਮ ਹੈ।

ਜੰਨਸੰਘੀ ਲੀਡਰ ਬਲਦੇਵ ਪ੍ਰਕਾਸ਼ ਅਤੇ ਅਕਾਲੀ ਆਗੂਆਂ ਅਨੁਸਾਰ ਇਹ ਹਮਲਾ ਸਰਕਾਰ ਦੀ ਆਪਣੀ ਹੀ ਸਾਜ਼ਿਸ਼ ਦੀ ਇਕ ਕੜੀ ਹੈ। ਅਜੇ ਪਤਾ ਨਹੀਂ ਆਉਣ ਵਾਲੇ ਸਮੇਂ ਵਿਚ ਇਹੋ ਜਿਹੇ ਕਿੰਨੇ ਹੋਰ ਹਮਲੇ ਸਰਕਾਰ ਆਪ ਕਰਾਏਗੀ। ਕਿਉਂਕਿ ਅਜਿਹੀਆਂ ਘਟਨਾਵਾਂ ਨਾਲ ਸਰਕਾਰ ਨੂੰ ਪੰਜਾਬ ਦਾ ਮਸਲਾ ਲਟਕਾਉਣ, ਸਿਖ ਜਨਤਾ ਵਿਚ ਦੁਫੇੜ ਪਾਉਣ ਅਤੇ ਸਿਖ ਨੌਜਵਾਨਾਂ ਤੇ ਹੋਰ ਤਸ਼ੱਦਦ ਕਰਨ ਦਾ ਮੌਕਾ ਮਿਲਦਾ ਹੈ।

ਜਥੇਦਾਰ ਸਾਹਿਬ ਤੇ ਹੋਇਆ ਇਹ ਹਮਲਾ ਸਿਖ ਨੌਜਵਾਨਾਂ ਨੇ ਨਹੀਂ ਬਲਕਿ ਸਰਕਾਰ ਨੇ ਆਪ ਕਰਵਾਇਆ ਹੈ। ਹਮਲੇ ਤੋਂ ਤੁਰੰਤ ਬਾਅਦ ਸੀਨੀਅਰ ਪੁਲੀਸ ਅਫਸਰਾਂ ਦਾ ਕੋਈ ਸਰਕਾਰੀ ਬਿਆਨ ਨਾ ਦੇਣਾ ਇਸ ਪਿਛੇ ਸਰਕਾਰੀ ਹੱਥ ਹੋਣ ਦੀ ਸ਼ਾਹਦੀ ਭਰਦਾ ਹੈ। ਕਿਉਂਕਿ ਸਰਕਾਰੀ ਪੁਲੀਸ ਅਫਸਰਾਂ ਲਈ ਬਿਆਨ ਦਿੱਲੀ ਤੋਂ ਆਉਣਾ ਸੀ। ਇਹ ਹਮਲਾ ਸਰਕਾਰ ਦੀ ਆਪਣੀ ਸਾਜ਼ਿਸ਼ ਹੈ। ਹਰ ਇਕ ਨੂੰ ਇਸ ਹਮਲੇ ਦੀ ਨਿਖੇਧੀ ਕਰਨੀ ਚਾਹੀਦੀ ਹੈ।

ਸੰਗਤਾਂ ਦਾ ਦਾਸ
ਪਰਮਜੀਤ ਸਿੰਘ, ਬਰਨਬੀ

ਕੇਰਲਾ 'ਚ ਖੱਬੇ ਪੱਖੀ ਮੋਰਚਾ ਜੇਤੂ

ਤ੍ਰੀਵੇਂਦਰਮ : (ਪੀ. ਟੀ. ਆਈ.) ਵਿਰੋਧੀ ਖੱਬਾ ਮੋਰਚਾ ਨੇ ਕੇਰਲਾ ਵਿਧਾਨ ਸਭਾ ਦੀਆਂ ਤਿੰਨ ਸੀਟਾਂ ਲਈ ਹੋਈ ਉਪ ਚੋਣ 'ਚ ਤਿੰਨੇ ਸੀਟਾਂ ਜਿੱਤ ਕੇ ਕਾਂਗਰਸ (ਇੰ) ਦੀ ਅਗਵਾਈ ਹੇਠਲੇ ਸੰਯੁਕਤ ਲੋਕਰਾਜੀ ਮੋਰਚੇ ਨੂੰ ਕਰਾਰੀ ਹਾਰ ਦਿੱਤਾ ਹੈ। ਖੱਬੇ ਮੋਰਚੇ ਦੇ ਉਮੀਦਵਾਰਾਂ ਦੀ ਇਸ ਸ਼ਾਨਦਾਰ ਜਿੱਤ ਨੂੰ ਇਥੋਂ ਦੇ ਰਾਜਸੀ ਹਲਕੇ ਹਾਲ ਵਿਚ ਹੋਈਆਂ ਲੋਕ ਸਭਾਈ ਚੋਣਾਂ 'ਚ ਕਾਂਗਰਸ (ਇੰ) ਦੇ ਹੱਕ 'ਚ ਚਲੀ ਜਬਰਦਸਤ ਹਨੇਰੀ ਨੂੰ ਠੱਲ ਪਾਉਣ ਦੇ ਕਰਾਰ ਦੇ ਰਹੇ ਹਨ।

ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਅਗਵਾਈ ਹੇਠਲੇ ਖੱਬੇ ਜਮਹੂਰੀ ਮੋਰਚੇ ਦੇ ਉਮੀਦਵਾਰ ਸ੍ਰੀ ਕੇ. ਪੁਰਸ਼ੋਤਮਨ (ਸੀ. ਪੀ. ਐਮ.) ਨੇ ਉਡੂਮਾ ਸੀਟ ਕਾਂਗਰਸ (ਇੰ) ਦੇ ਉਮੀਦਵਾਰ ਸ੍ਰੀ ਕੁੰਹੀਰਮਨ ਨਾਮਬੀਆਰ ਨੂੰ ਹਰਾ ਕੇ ਜਿਤੀ।

ਪਰਿੰਗਲਮ 'ਚ ਖੱਬੇ ਮੋਰਚੇ ਦੇ ਉਮੀਦਵਾਰ ਸ੍ਰੀ ਏ. ਟੀ. ਮੁਹੰਮਦ ਬਸ਼ੀਰ (ਆਲ ਇੰਡੀਆ ਮੁਸਲਿਮ ਲੀਗ) ਨੇ ਸੰਯੁਕਤ ਜਮਹੂਰੀ ਮੋਰਚੇ ਦੇ ਉਮੀਦਵਾਰ ਪੀ. ਕੁੰਹੀ ਮੁਹੰਮਦ (ਇੰਡੀਆ ਯੂਨੀਅਨ ਮੁਸਲਿਮ ਲੀਗ) ਨੂੰ ਹਰਾਇਆ। ਖੱਬੇ ਮੋਰਚੇ ਦੇ ਹੀ ਸ੍ਰੀ ਪੀ. ਵਿਜੈਦਾਸ (ਕਾਂਗਰਸ ਐਸ.) ਨੇ ਅਤਿੰਗਲ ਸੀਟ ਉਤੇ ਆਪਣੀ ਨੇੜਲੀ ਵਿਰੋਧੀ ਸ੍ਰੀਮਤੀ ਸਰਸਵਤੀ ਕੰਜੁਕ੍ਰਿਸ਼ਨਨ (ਕਾਂਗਰਸ-ਇੰ.) ਨੂੰ 5433 ਵੋਟਾਂ ਦੇ ਫਰਕ ਨਾਲ ਹਰਾਇਆ।



Yogesh T. Maneklal, who was arrested in Bombay on Thursday in connection with the spy ring, returning from Magistrate Bharat Bhushan Court in Delhi on Wednesday.
INDIAN EXPRESS, Friday, February 8, 1985

ਧਾਰਮਕ ਅਸਥਾਨ 'ਚੋਂ 6 ਲਾਸ਼ਾਂ ਮਿਲੀਆਂ

ਚੰਡੀਗੜ੍ਹ, -(ਯੂ. ਐਨ. ਆਈ.) ਇਥੇ ਪੁਜੀਆਂ ਖਬਰਾਂ ਅਨੁਸਾਰ ਕਿਲਾ ਨਿਹਾਲ ਸਿੰਘ ਵਾਲਾ ਪਿੰਡ ਦੇ ਧਾਰਮਕ ਅਸਥਾਨ ਵਿਚ 6 ਬੰਦੇ ਕਤਲ ਹੋਏ ਪਏ ਹਨ। ਇਹ ਪਿੰਡ ਥਾਣਾ ਨੇਹੀਆਂਵਾਲਾ ਜ਼ਿਲਾ ਬਠਿੰਡਾ ਵਿਚ ਸਥਿਤ ਹੈ ਜਿਹੜੀਆਂ ਲਾਸ਼ਾਂ ਮਿਲੀਆਂ ਹਨ ਉਹਨਾਂ ਦੇ ਸਰੀਰ ਤੇ ਬਹੁਤ ਸਾਰੇ ਜ਼ਖਮ ਸਨ ਜੋ ਕਿਸੇ ਤੇਜ ਹਥਿਆਰ ਦੇ ਪ੍ਰਤੀਤ ਹੁੰਦੇ ਹਨ। ਮ੍ਰਿਤਕਾਂ ਵਿਚੋਂ ਤਿੰਨ ਧਾਰਮਕ ਅਸਥਾਨ ਦੇ ਵਸਨੀਕ ਹਨ ਜਦੋਂਕਿ ਬਾਕੀ ਤਿੰਨ ਬਾਹਰਲੇ ਦਸੇ ਜਾਂਦੇ ਹਨ ਇਹਨਾਂ ਸਮੂਹ ਕਤਲਾਂ ਦਾ ਉਦੇਸ਼ ਕੀ ਸੀ ਇਸ ਬਾਰੇ ਅਜ ਕੁਝ ਪਤਾ ਨਹੀਂ ਲਗ ਸਕਿਆ। ਇਤਲਾਹ ਮਿਲਦਿਆਂ ਹੀ ਉਚ ਪੁਲਿਸ ਅਧਿਕਾਰੀ ਮੌਕੇ ਤੇ ਪੁਜ ਗਏ ਹਨ। ਤਿੰਨ ਮ੍ਰਿਤਕਾਂ ਦੀ ਪਹਿਚਾਨ ਹੋ ਗਈ ਹੈ ਜਦੋਂ ਕਿ ਬਾਕੀ ਤਿੰਨਾਂ ਦੀ ਅਜੇ ਨਹੀਂ ਹੋਈ। ਕੁਝ ਲਾਸ਼ਾਂ ਦੇ ਪ੍ਰਾਈਵੇਟ ਅੰਗ ਨਾਲੋਂ ਕਟੇ ਹੋਏ ਸਨ ਭਾਵੇਂ ਸਰਕਾਰੀ ਅਧਿਕਾਰੀਆਂ ਨੇ ਇੰਨਾ ਕਤਲ ਦੇ ਕਾਰਨ ਬਾਰੇ, ਕੁਝ ਵੀ ਨਹੀਂ ਦਸਿਆ ਪਰ ਇਸ ਪਿਛੇ ਜਾਤੀ ਦੁਸ਼ਮਣੀ ਨੂੰ ਅਖੋਂ ਉਹਲੇ ਨਹੀਂ ਕੀਤਾ ਜਾ ਸਕਦਾ।

ਉੱਡ ਜਾਣੀ ਸੀ, ਨਹੀਂ ਤਾਂ ਪੌਣ ਵਿਚ,
ਮੈਂ ਕਲੀ ਪੈਰਾਂ ਦੇ ਹੇਠਾਂ ਧਰ ਲਈ।

ਵਿਅੰਗ

ਕੇ. ਐਲ. ਗਰਗ

ਪਿਆਰੀ ਚੀਨੀ ਦੇ ਨਾਂ ਇਕ ਖਤ

ਪਿਆਰੀ ਚੀਨੀ,

ਰੱਬ ਤੈਨੂੰ ਸੁਮੱਤ ਬਖਸ਼ੇ !

ਜਦੋਂ ਦੀ ਤੂੰ ਸ਼ਾਹਾਂ ਦੇ ਅੰਡਰ ਗਰਾਊਂਡ ਗੋਦਾਮ 'ਚ ਗਈ ਐਂ ਸਾਡਾ ਤਾਂ ਸਾਰਾ ਜੀਆ ਜੰਤ ਹੀ ਅਕਲਕਾਨ ਹੋਇਆ ਪਿਐ। ਤੈਨੂੰ ਯਾਦ ਕਰ ਕਰ ਕੇ ਨਿੱਕੇ ਨਿਆਣੇ ਘੜੀ ਮੁੜੀ ਬਾਰੀ 'ਚ ਪਈ ਖਾਲੀ ਪੀਪੀ ਉਲਟ ਪੁਲਟ ਕੇ ਦੇਖਦੇ ਰਹਿੰਦੇ ਹਨ ਪਰ ਤੈਨੂੰ ਉਥੇ ਗੈਰ ਹਾਜ਼ਿਰ ਪਾ ਕੇ ਆਪਣੀ ਮਾਂ ਦਾ ਸਿਰ ਖਾਣ ਲੱਗ ਪੈਂਦੇ ਹਨ। ਮਾਂ ਤੋਂ ਘੜੀ ਮੁੜੀ ਤੇਰਾ ਅਤਾ ਪਤਾ ਪੁੱਛਦੇ ਹਨ। ਮਾਂ ਖਿਝ ਕੇ ਕਈ ਵਾਰੀ ਉਹਨਾਂ ਦੇ ਧੌਲ ਧੱਫਾ ਵੀ ਕਰ ਦਿੰਦੀ ਹੈ। ਜੇ ਬਹੁਤੀ ਹੀ ਤਪੀ ਹੋਈ ਹੋਵੇ ਤਾਂ ਚੁਪੇੜਾਂ ਨਾਲ ਬੂਥਾ ਵੀ ਸੇਕ ਦਿੰਦੀ ਹੈ। ਜਦ ਕੁਟਾਪਾ ਚੜ੍ਹਣ ਦੇ ਬਾਵਜੂਦ ਵੀ ਬੱਚੇ ਆਪਣੀ ਜ਼ਿਦ ਤੋਂ ਬਾਜ਼ ਨਹੀਂ ਆਉਂਦੇ ਤਾਂ ਮਾਂ ਉਹਨਾਂ ਨੂੰ ਤੇਰੇ ਉਧਾਲੇ ਦੀ ਕਹਾਣੀ ਇਉਂ ਬਿਆਨ ਕਰਦੀ ਹੈ : 'ਪੁੱਤਰੋ, ਤੁਹਾਡੀ ਪਿਆਰੀ ਰਾਜਕੁਮਾਰੀ ਚੀਨੀ ਨੂੰ ਉਚੀਆਂ ਕਿੰਗਰੀਆਂ ਵਾਲੀਆਂ ਹਵੇਲੀਆਂ ਵਾਲਾ ਦਿਓ ਚੁੱਕ ਕੇ ਲੈ ਗਿਆ ਹੈ ਤੇ ਉਸ ਜ਼ਾਲਿਮ ਨੇ ਉਸਨੂੰ ਆਪਣੀ ਹਵੇਲੀ ਥੱਲੜੇ ਤਹਿਖਾਨੇ 'ਚ ਕੈਦ ਕੀਤਾ ਹੋਇਆ ਹੈ ਜਿਸਦੇ ਦਰਜਨਾਂ ਬੂਹੇ ਹਨ ਪਰ ਹਰ ਬੂਹੇ ਤੇ ਬੜੇ ਹੀ ਸਖਤ ਪਹਿਰੇਦਾਰ ਪਹਿਰਾ ਦੇ ਰਹੇ ਹਨ ਜੋ ਤਰ੍ਹਾਂ ਤਰ੍ਹਾਂ ਦੇ ਹਥਿਆਰਾਂ ਨਾਲ ਉਸਦੀ ਰਾਖੀ ਕਰ ਰਹੇ ਹਨ। ਇਹਨਾਂ ਪਹਿਰੇਦਾਰਾਂ ਨੂੰ ਤੁਸੀਂ ਹਰ ਪੰਜ ਵਰ੍ਹਿਆਂ ਬਾਦ ਆਪਣੇ ਗਲੀ ਮਹੁੱਲਿਆਂ ਵਿਚ ਹਰਲ ਹਰਲ ਕਰਦੇ ਵੀ ਦੇਖ ਸਕਦੇ ਹੋ। ਕਿਸੇ ਕੋਲ ਤਿਰੰਗਾ, ਕਿਸੇ ਕੋਲ ਪੀਲਾ, ਕਿਸੇ ਕੋਲ ਕੇਸਰੀਆ ਤੇ ਕਿਸੇ ਕੋਲ ਸਫੇਦ ਝੰਡਾ ਫੜਿਆ ਹੋਇਆ ਹੁੰਦਾ ਹੈ। ਹਵੇਲੀ ਦੇ ਟੈਲੀਫੋਨ ਦੀ ਤਾਰ ਦਾ ਕੁਨੈਕਸ਼ਨ ਸਿੱਧਾ ਉਤਾਂਹ ਧੁਰ ਵੱਡੇ ਪਹਿਰੇਦਾਰਾਂ ਨਾਲ ਜੁੜਿਆ ਹੋਇਆ ਹੈ। ਜਦੋਂ ਵੀ ਉਸ ਦਿਓ ਨੂੰ ਕੋਈ ਖਤਰਾ ਨਜ਼ਰ ਆਉਂਦਾ ਐ। ਇਸ ਲਈ ਦਿਓ ਖੁਸ਼ ਹੋ ਕੇ ਉਹਨਾਂ ਨੂੰ ਹਰ ਪੰਜ ਵਰ੍ਹਿਆਂ ਬਾਦ ਤੇ ਕਈ ਵਾਰੀ ਵਰ੍ਹੇ ਦੋ ਵਰ੍ਹਿਆਂ ਬਾਦ ਹੀ ਵੱਡੀਆਂ ਵੱਡੀਆਂ ਰਕਮਾਂ ਡਾਲੀ ਅਤੇ ਨਜ਼ਰਾਨੇ ਵਜੋਂ ਭੇਂਟ ਕਰਦਾ ਹੈ ਤਾਂਕਿ ਉਹ ਫੇਰ ਪਹਿਰੇਦਾਰ ਚੁਣੇ ਜਾ ਸਕਣ ਤੇ ਵੱਡੀ ਤੇ ਉਚੀ ਹਵੇਲੀ ਦੀ ਪਹਿਲਾਂ ਦੀ ਤਰ੍ਹਾਂ ਦਿਆਨਤਦਾਰੀ, ਤਨ, ਮਨ ਤੇ ਹਥਿਆਰਾਂ ਨਾਲ ਰੱਖਿਆ ਕਰ ਸਕਣ ਤੇ ਉਹ ਦਿਓ ਫੇਰ ਜੋਸ਼ੋ-ਖਰੋਸ਼ ਨਾਲ ਕਈ ਹੋਰ ਸ਼ਹਿਜ਼ਾਦੇ ਸ਼ਹਿਜ਼ਾਦੀਆਂ ਨੂੰ ਕੈਦ ਕਰਨ ਦਾ ਉਪਰਾਲਾ ਕਰ ਸਕੇ। ਗੰਢਾ ਪੁਰੀ ਦਾ ਰਾਜਕੁਮਾਰ, ਤੇਲ ਪੁਰੀ ਦੀ ਰਾਜਕੁਮਾਰੀ, ਕਣਕ ਦੇਵੀ, ਸਰੋਂ ਦੇਵੀ ਤੇ ਹੋਰ ਪਤਾ ਨਹੀਂ ਕਿਹੜੀਆਂ ਕਿਹੜੀਆਂ ਰਾਜਕੁਮਾਰੀਆਂ ਉਸ ਦਿਓ ਦੀ ਕੈਦ ਕੱਟ ਚੁੱਕੀਆਂ ਹਨ। ਜੇ ਤੁਸੀਂ ਬਹੁਤੇ ਹੀ ਔਖੇ ਹੋਵੋ ਤਾਂ ਉਹ ਵੱਡੇ ਪਹਿਰੇਦਾਰ ਆਪਣੀ ਮੱਦਦ ਲਈ ਲਾਲ ਪਹਾੜੀਆਂ ਤੇ ਖਾਕੀ ਵਰਦੀਆਂ ਵਾਲੇ ਪਹਿਰੇਦਾਰਾਂ ਨੂੰ ਬੁਲਾ ਲੈਂਦੇ ਹਨ ਤੇ ਉਹ ਝੱਟ ਅੱਡੀਆਂ ਬਜਾਉਂਦੇ ਹਾਜ਼ਿਰ ਹੋ ਜਾਂਦੇ ਹਨ ਤੇ ਫੇਰ ਤੁਸੀਂ ਜਾਣਦੇ ਹੀ ਹੋ ਕਿ ਚੀਨੀ, ਤੇਲ, ਗੰਢੇ, ਕਣਕ, ਰੋਟੀ ਮੰਗਣ ਵਾਲਿਆਂ ਨੂੰ ਉਹ ਕੀ ਕੀ ਤੋਹਫੇ ਦੇ ਕੇ ਜਾਂਦੇ ਹਨ।

ਇਸ ਕਹਾਣੀ ਦੇ ਲੰਬੇ ਹੋ ਜਾਣ ਤੇ ਨਿਆਣੇ ਬੜੀ ਹੀ ਬੇਸਬਰੀ ਨਾਲ ਪੁੱਛਦੇ ਹਨ, "ਕਿਉਂ ਬੇਬੇ, ਫਿਰ ਚੀਨੀ ਨੂੰ ਦਿਓ ਦੀ ਕੈਦ ਤੋਂ ਆਜ਼ਾਦ ਕੌਣ ਕਰਾਊ ਤਾਂ ਮਾਂ ਹੌਕਾ ਭਰ ਕੇ ਉਤਰ ਦਿੰਦੀ ਹੈ, 'ਪੁੱਤਰੋ ਅੱਗੇ ਸ਼ਹਿਜ਼ਾਦਿਆਂ ਨੂੰ ਕੈਦੋਂ ਛੁੜਾਉਣ ਲਈ ਬਹਾਦਰ ਸ਼ਹਿਜ਼ਾਦੇ ਜਨਮ ਲੈਂਦੇ ਸਨ ਤੇ ਦਿਓ ਦੀ ਜਾਨ ਜਿਸ ਤੋਤੇ 'ਚ ਹੁੰਦੀ ਸੀ ਉਸਦੀ ਘੰਡੀ ਮਰੋੜ ਉਹ ਸ਼ਹਿਜ਼ਾਦੀ ਨੂੰ ਅਜ਼ਾਦ ਕਰਵਾ ਲੈਂਦੇ ਸਨ ਪਰ ਮੈਨੂੰ ਲੱਗਦੈ ਹੁਣ ਤਾਂ ਸ਼ਾਇਦ ਬਹਾਦਰ ਸ਼ਹਿਜ਼ਾਦੇ ਪੈਦਾ ਹੋਣੇ ਹੀ ਬੰਦ ਹੋ ਗਏ ਨੇ! ਬਹਾਦਰੀ ਤਾਂ ਸ਼ਾਇਦ ਹੁਣ ਸਾਡੀਆਂ ਫ਼ਿਲਮਾਂ 'ਚ ਰਹਿ ਗਈ ਹੈ ...।" ਤਾਂ ਨਿਆਣੇ ਮੁੱਕੇ ਕਸ ਕੇ ਇਕੋ ਸਾਹ ਕਹਿੰਦੇ ਹਨ, "ਮਾਂ ਅਸੀਂ ਛੁੜਾਵਾਂਗੇ ਚੀਨੀ ਨੂੰ ਦਿਓ ਦੀ ਕੈਦ 'ਚੋ।" ਤੇ ਮਾਂ ਮਿਰਕੇ ਨਾਲ ਅੱਖਾਂ ਪੂੰਝ ਲੈਂਦੀ ਹੈ।

ਤੇਰੇ ਉਧਾਲੇ ਤੋਂ ਬਾਅਦ ਅਸੀਂ ਹਰ ਰੋਜ਼ ਰੱਬ ਮੂਹਰੇ ਇਹੋ ਅਰਦਾਸ ਕਰਦੇ ਹਾਂ ਕਿ ਰੱਬਾ ਸਾਡੇ ਘਰ ਕੋਈ ਮਹਿਮਾਨ ਨਾ ਭੇਜੀਂ ਜਮਦੂਤ ਬੇਸ਼ੱਕ ਘੱਲ ਦੇਈਂ ਕਿਉਂਕਿ ਉਜੜੀਆਂ ਅਲਮਾਰੀਆਂ ਦੀਆਂ ਖਾਲੀ ਪੀਪੀਆਂ ਹਰ ਵੇਲੇ ਸਾਡੀ ਜਾਨ ਨੂੰ ਰੋਂਦੀਆਂ ਰਹਿੰਦੀਆਂ ਹਨ। ਮਹਿਮਾਨ ਕਿਸਮ ਦੇ ਬੰਦੇ ਵੀ ਹੁਣ ਸਾਡੇ ਵਰਗੇ ਲੋਕਾਂ ਦੇ ਘਰੇ ਆਉਣੋਂ ਕੰਨੀਂ ਕਤਰਾਉਂਦੇ ਹਨ ... ਜਿਸ ਘਰ ਚੀਨੀ ਨਾ ਹੋਵੇ ਉਸ ਘਰ ਮਹਿਮਾਨ ਦਾ ਕੰਮ ਵੀ ਭਲਾ ਕੀ ?

ਕਈ ਵਿਦਵਾਨ ਜਿਨ੍ਹਾਂ ਨੇ ਅਰਥ ਸ਼ਾਸਤਰ ਨਾਂ ਦੇ ਗਰੰਥ ਦਾ ਚੰਗਾ ਅਧਿਐਨ ਕੀਤਾ ਹੋਇਐ ਸਾਨੂੰ ਹਰ ਵੇਲੇ ਮੱਤਾਂ ਦਿੰਦੇ ਰਹਿੰਦੇ ਹਨ ਕਿ ਚੀਨੀ ਸ਼ਾਹਾਂ ਦੇ ਚੁਬਾਰੇ ਜਾ ਚੜ੍ਹੀ ਹੈ, ਤੁਸੀਂ ਵੀ ਉਸ ਨਾਲ ਵਰਤ-ਵਿਹਾਰ ਹੀ ਛੱਡ ਦਿਉ। ਜਦ ਸ਼ਾਹਾਂ ਦਾ ਦਿਓ ਭੁੱਖਾ ਮਰਨ ਲੱਗਾ ਆਪੇ ਉਹਨੂੰ ਬਾਜ਼ਾਰ 'ਚ ਘੱਲ ਦੇਊ। ਪਰ ਪਿਆਰੀ ਚੀਨੀ, ਕਹਿਕੇ ਕੀਹਦੇ ਵਰਤ-ਵਿਹਾਰ ਛੱਡੀਏ। ਹਰ ਇਕ ਨਾਲ ਨਾਤਾ ਤੋੜ ਕੇ ਤਾਂ ਸ਼ਾਇਦ ਹਰਿਦੁਆਰ ਜਾਂਦੇ ਹਵਾ ਪਾਣੀ ਤੇ ਰਾਮ ਨਾਮ ਸੱਤ ਤੇ ਹੀ ਗੁਜ਼ਾਰਾ ਕਰਨਾ ਪਵੇ। ਕਬੀਲਦਾਰੀ 'ਚ ਆਂਏ ਥੋੜੋਂ ਸਰਦੈ। ਤੂੰ ਤਾਂ ਆਪ ਸਿਆਣੀ ਐਂ ਭਲਾ ਮੂੰਹ ਮੁਲਾਹਜ਼ਾ ਵੀ ਤਾਂ ਰੱਖਣੇ ਈ ਪੈਂਦੇ ਨਾ। ਉਂ ਹੁਣ ਨਵੇਂ ਪਹਿਰੇਦਾਰਾਂ ਦੇ ਚਲਣ ਦਾ ਵੇਲਾ ਆਉਣ ਵਾਲਾ ਈ ਐ ਤੇ ਹੋ ਸਕਦੈ ਤੈਨੂੰ ਦਿਓ ਪੰਜ ਸੱਤ ਦਸ ਦਿਨ ਲਈ ਆਪਣੀ ਕੈਦ ਚੋਂ ਛੱਡ ਹੀ ਦੇਵੇ ਪਰ ਤੇਰੇ ਗਲ 'ਚ ਪਾਉਣ ਵਾਲੀ ਸੰਗਲੀ ਉਹ ਬਹੁਤੀ ਦੇਰ ਖਾਲੀ ਨਾਲ ਰਹਿਣ ਦੇਣ ਲੱਗਾ। ਪਹਿਰੇਦਾਰ ਵੀ ਤਾਂ ਜਿਤਾਉਣੇ ਹੋਏ ਨਾ।

ਜਿੱਦਣ ਦੀ ਤੂੰ ਗਈ ਐਂ ਜੀਅ ਜੀਅ ਦਾ ਮੂੰਹ ਕੌੜਾ ਹੋਇਆ ਪਿਐ। ਸਾਡੇ ਤਾਂ ਹਰ ਬੰਦੇ ਦੇ ਮੂੰਹ ਦਾ ਸੁਆਦ ਹੀ ਬਦਲ ਗਿਐ। ਹਰ ਚੀਜ਼ ਕੁਸੈਲੀ ਕੁਸੈਲੀ ਲੱਗਣ ਲੱਗ ਪਈ ਐ! ਬਹੁਤੀ ਗੱਲ ਤਾਂ ਨਿਆਣਿਆਂ ਦੀ ਐ ਉਹ ਤਾਂ ਸਹੁਰੇ ਉਂਈ ਓਧਰੇ ਪਏ ਐ। ਹੁਣ ਤਾਂ ਲੱਸੀ ਤੇ ਚਾਹ ਵੀ ਗਾਇਬ ਹੋਣ ਦੀ ਹਾਲਤ ਤੱਕ ਆ ਪਹੁੰਚੀਆਂ ਹਨ।

ਖੈਰ ਤੂੰ ਘਬਰਾ ਨਾ ਤੇ ਸਬਰ ਨਾਲ ਆਪਣੇ ਦਿਨ ਕੱਟੀ ਜਾ, ਜਿਵੇਂ ਸਾਡਾ ਭਾਰਤੀ ਲੋਕਾਂ ਦਾ, ਜੋ ਭਾਵੇਂ ਕਿੰਨੇ ਹੀ ਔਖੇ ਕਿਉਂ ਨਾ ਹੋਣ, ਕਿਸਮਤ, ਸਬਰ ਤੇ ਹੋਣੀ ਸਦਕਾ ਵਾਹਵਾ ਝੱਟ ਲੰਘੀ ਜਾਂਦੈ। ਸਾਨੂੰ ਅਜੇ ਵੀ ਪੂਰਾ ਵਿਸ਼ਵਾਸ ਹੈ ਕਿ ਜੇ ਸਾਡੀ 'ਕਿਸਮਤ' 'ਚ ਹੋਇਆ ਤਾਂ ਤੂੰ ਜ਼ਰੂਰ ਸਾਡੇ ਕੋਲ ਵਾਪਿਸ ਆ ਜਾਏਂਗੀ ਤੇ ਜੇ ਕਿਸਮਤ ਹੀ ਖਰਾਬ ਹੋਈ ਫਿਰ ਤਾਂ ਕਹਿਣਾ ਈ ਕੀ ਐ ...।"

ਬੱਚਿਆਂ ਵੱਲੋਂ ਕੌੜੀ ਯਾਦ (ਕਿਉਂਕਿ ਯਾਦ ਮਿੱਠੀ ਤਾਂ ਤੇਰੇ ਸਦਕਾ ਹੀ ਹੋਣੀ ਸੀ)

ਤੇਰੀ ਯਾਦ 'ਚ ਤੜਫਦਾ,

ਤੇਰਾ ਆਪਣਾ ਹੀ,
ਇਕ ਦੁਖੀਆ
ਮੁਹੱਲਾ ਮਲੰਗਾਂ, ਦੁੱਖ ਨਗਰ, ਕਲੇਸ਼ਪੁਰ।

Classified

'ਕੈਨੇਡਾ ਦਰਪਣ' ਆਪ ਪੜ੍ਹੋ ਦੂਜਿਆਂ ਨੂੰ ਪੜ੍ਹਨ ਲਈ ਪਰੇਰੋ

ਮਹਾਤਰ ਦੇ ਕਾਤਲਾਂ ਨੂੰ ਉਮਰ ਕੈਦ

ਲੰਡਨ — ਦੋ ਕਸ਼ਮੀਰੀਆਂ ਨੂੰ, ਜਿਊਰੀ ਨੇ 12 ਵਿਚੋਂ 11 ਦੀ ਵੋਟ ਨਾਲ ਉਮਰ ਕੈਦ ਕਰ ਦਿਤੀ ਹੈ ਇਨ੍ਹਾਂ ਉਪਰ ਬਰਮਿੰਘਮ ਦੇ ਇੰਡੀਅਨ ਕੌਂਸਲੇਟ ਮਿ: ਰਵਿੰਦਰ ਮਹਾਤਰ ਨੂੰ ਕਤਲ ਕਰਨ ਦਾ ਚਾਰਜ ਲੱਗਿਆ ਸੀ। ਇਨ੍ਹਾਂ ਵਿਚੋਂ ਇਕ ਬ੍ਰਿਟਨ ਤੇ ਦੂਜਾ ਪੈਰਸ ਰਹਿੰਦਾ ਸੀ। ਮੁਹੰਮਦ ਰਿਆਜ 24 ਸਾਲਾਂ ਦਾ ਸੀ ਅਤੇ ਅਬਦੁਲ ਕਿਆਮ ਰਾਜ 28 ਸਾਲਾਂ ਦਾ, ਜੋ ਕਿ ਅਖੌਤੀ ਜੰਮੂ ਤੇ ਕਸ਼ਮੀਰ ਲਿਬਰੇਸ਼ਨ ਫਰੰਟ ਦਾ ਬਾਨੀ ਸੀ। ਚਾਰ ਹੋਰਾਂ ਨੂੰ ਵੱਖ ਵੱਖ ਮਿਆਦਾਂ ਲਈ ਕੈਦ ਕੀਤੀ ਗਈ। ਮੁਹੰਮਦ ਸਦੀਕ ਭੱਟ 43 ਸਾਲ ਨੂੰ 20 ਸਾਲ ਲਈ ਸਖਤ ਕੈਦ, ਜੰਗੀਰ ਮਿਰਜਾ 24 ਸਾਲ ਨੂੰ ਅਤੇ ਅਬਦੁਲ ਮਜ਼ਿਦ ਅਨਸਾਰੀ 23 ਸਾਲ ਜਿਨ੍ਹਾਂ ਨੇ ਕਿ ਕੇਸ ਵਿਚ ਗਵਾਹੀ ਨੂੰ ਨਾ ਲੁਕਾਉਣ ਦਾ ਦੋਸ਼ ਸਵੀਕਾਰ ਕੀਤਾ ਸੀ, ਤਿੰਨ ਅਤੇ ਦੋ ਸਾਲਾਂ ਦੀ ਕੈਦ ਹੋਈ ਹੈ ਅਤੇ ਮੁਹੰਮਦ ਇਸ਼ਾਕ ਨੂੰ ਪੰਜ ਸੌ ਪੌਂਡ ਬ੍ਰਿਟਿਸ਼ ਪਾਸਪੋਰਟ ਪ੍ਰਾਪਤ ਕਰਨ ਲਈ ਗਲਤ ਬਿਆਨ ਦੇਣ ਕਰਕੇ ਜ਼ੁਰਮਾਨਾ ਹੋਇਆ ਹੈ।

ਪਰ ਤਿੰਨ ਮੁਖ ਕਥਿਤ ਦੋਸ਼ੀਆਂ, ਮੁਹੰਮਦ ਮੁਸ਼ਰਤ ਇਕਬਾਲ, ਜਿਸ ਨੇ ਮਿਸਟਰ ਮਹਾਤਰ ਤੇ ਗੋਲੀ ਚਲਾਈ, ਤੇ ਅਸਲਾਮ ਮਿਰਜਾਨ ਅਤੇ ਅਸ਼ਰ ਮੁਹੰਮਦ ਉਪਰ ਮੁਕਦਮਾ ਨਹੀਂ ਚਲਾਇਆ ਜਾ ਸਕਿਆ ਕਿਉਂ ਕਿ ਉਹ ਪਾਕਿਸਤਾਨ ਨੂੰ ਬਚ ਕੇ ਨਿਕਲ ਗਏ ਦੱਸੇ ਜਾਂਦੇ ਹਨ। ਅਤੇ ਜੀਜ਼ ਉਲ ਹੱਕ ਦੀ ਸਰਕਾਰ ਨੇ ਉਨ੍ਹਾਂ ਦੇ ਦੇਸ਼ ਵਿਚ ਲੁਕੇ ਹੋਣ ਬਾਰੇ ਅਗਿਆਨਤਾ ਦਰਸਾਈ ਹੈ। ←

ਇਕ ਹੋਰ ਦੋਸ਼ੀ, ਜ਼ਬੈਰ ਅਨਸਾਰੀ ਵੀ ਗੁੰਮ ਹੈ ਉਸ ਬਾਰੇ ਵੀ ਪਾਕਿਸਤਾਨ ਨੂੰ ਭੱਜ ਜਾਣ ਦੀ ਸ਼ੱਕ ਹੈ।

ਪੋਸਟ ਮਾਰਟਮ

ਸਕਰੀਨਿੰਗ

ਕਹਿੰਦੇ ਨੇ ਕਿ ਇਕ ਜੱਟ ਨੇ ਇਕ ਖੂਬਸੂਰਤ ਮਿਰਾਸਣ ਦੇ ਘਰ ਵਾਲੇ ਨੂੰ ਆਪਣੇ ਖਰਚ 'ਤੇ ਆਪਣੇ ਖੇਤ ਵਿਚ ਛੋਲੇ ਬੀਜ ਕੇ ਦਿਤੇ ਤੇ ਨਾਲ ਹੀ ਝੁੱਗੀ ਵੀ ਪਾ ਦਿਤੀ ਕਿ ਉਥੇ ਬਹਿ ਕੇ ਰਾਖੀ ਕਰਿਆ ਕਰੇ।

ਇਕ ਰਾਤ ਮਿਰਾਸਣ ਵੀ ਝੁੱਗੀ ਵਿਚ ਬੈਠੀ ਸੀ ਕਿ ਮੀਂਹ ਤੇ ਗੜੇ ਪੈਣ ਲੱਗ ਪਏ। ਕਦੀ ਕਦੀ ਤੇਜ਼ ਬਿਜਲੀ ਵੀ ਲਿਸ਼ਕਦੀ ਸੀ।

ਮਿਰਾਸਣ ਆਪਣੇ ਘਰ ਵਾਲੇ ਨੂੰ ਕਹਿਣ ਲੱਗੀ, "ਦਾਦਾ ਮੀਂਹ ਤੇ ਗੜੇ ਤਾਂ ਹੋਏ ਪਰ ਇਹ ਲਿਸ਼ਕਾਰਾ ਜਿਹਾ ਕਾਹਦਾ ਵੱਜ ਰਿਹਾ ਹੈ ?"

ਮਿਰਾਸੀ ਕਹਿਣ ਲੱਗਾ, "ਭਾਗ-ਵਾਨੇ ਰੱਬ ਬੈਟਰੀ ਮਾਰ ਕੇ ਵੇਖਦਾ ਹੈ ਕਿ ਛੋਲਿਆਂ ਦੇ ਕਿਸੇ ਬੂਟੇ ਨਾਲ ਕੋਈ ਡੱਡਾ ਲੱਗਾ ਤਾਂ ਨਹੀਂ ਰਹਿ ਗਿਆ।"

ਜੇ ਉਹ ਮਿਰਾਸੀ ਪੰਜਾਬ ਸਰਕਾਰ ਦੀ ਨੌਕਰੀ ਵਿਚ ਹੁੰਦਾ ਤਾਂ ਉਸ ਨੇ ਰਾਸ਼ਟਰਪਤੀ ਰਾਜ ਦੀ ਸਕਰੀਨਿੰਗ ਦੀ ਬੈਟਰੀ ਬਾਰੇ ਇਹ 'ਕਹਿਣਾ ਸੀ, "ਸਰਕਾਰ ਇਹ ਵੇਖਦੀ ਹੈ ਕਿ ਕਿਧਰੇ ਕੋਈ ਐਸਾ ਕਰਮਚਾਰੀ ਤਾਂ ਨਹੀਂ ਰਹਿ ਗਿਆ ਜਿਹੜਾ ਪੰਜਾਹ ਸਾਲ ਦੀ ਉਮਰ ਤਕ ਇਮਾਨਦਾਰੀ ਨਾਲ ਨੌਕਰੀ ਕਰ ਕੇ ਅਜੇ ਵੀ ਸਰਕਾਰ ਦੇ ਘਰੋਂ ਰੋਟੀ ਟੁੱਕ ਖਾ ਕੇ ਠੰਢਾ ਪਾਣੀ ਪੀਣ ਵਿਚ ਵਿਸ਼ਵਾਸ ਰੱਖਦਾ ਹੈ।"



ਸ਼ਹਿਰ ਵਿਚ ਸੁੰਨਮਸਾਨ ਵੇਖ ਕੇ ਇਹ ਨਾਂ ਸਮਝ ਕਿ ਕਰਫਿਊ ਲੱਗਾ ਹੋਇਆ ਹੈ.. ..। ਦਰਅਸਲ ਇਸ ਵੇਲੇ ਟੀ.ਵੀ. 'ਤੇ ਚਿੱਤਰਹਾਰ ਚੱਲ ਰਿਹਾ ਹੈ.. ..।

ਵਿਚਾਰ ਆਪੋ ਆਪਣੇ

ਭਾਰਤ ਤੇ ਭਾਰੀ

ਭਾਰਤ ਇਕ ਗਰੀਬ ਦੇਸ਼ ਹੈ, ਦੁਨੀਆਂ ਦੀ ਸਭ ਤੋਂ ਵੱਡੀ ਡੈਮੋਕਰੇਸੀ ਤੇ ਆਬਾਦੀ ਪਖੋਂ ਚੀਨ ਤੋਂ ਹਟ ਕੇ ਨੰ: ਦੋ ਤੇ ਹੈ। ਏਸ ਦੇਸ਼ ਦੇ ਨਾਗਰਿਕਾਂ ਦੇ ਅਨੇਕ ਮਜ਼ੁਬ ਤੇ ਅਨੇਕ ਹੀ ਬੋਲੀਆਂ ਹਨ, ਭਾਵ 14 ਤੇ ਸਰਕਾਰੀ ਸਨਮਾਨਤ ਹਨ ਤੇ ਕਈ ਬੋਲੀਆਂ ਦੀ ਲਿੱਪੀ ਵੀ ਕੋਈ ਨਹੀਂ ਹੈ।

1947 ਤੋਂ ਪਹਿਲੇ ਅੰਗਰੇਜ਼ ਹਕੂਮਤ ਵੇਲੇ ਦੋ ਵੱਡੇ ਫਿਰਕੇ, ਹਿੰਦੂ ਤੇ ਮੁਸਲਮਾਨਾਂ ਵਿਚ ਗਾਹੇ ਬਗਾਹੇ ਫਸਾਦ ਹੁੰਦੇ ਹੀ ਰਹਿੰਦੇ ਸਨ। ਕਦੀ ਦੁਸਹਿਰੇ, ਦੀਵਾਲੀ ਜਾਂ ਹੋਲੀ ਤੇ ਵਾਜੇ ਜਾਂ ਢੋਲ-ਢਮੱਕਿਆਂ ਦਾ ਪਿਟੇ ਜਾਣਾ(ਜਿਸ ਤੋਂ ਮੁਸਲਮਾਨ ਨਫਰਤ ਕਰਦੇ ਸਨ) ਜਾਂ ਮਸਜਿਦਾਂ ਵਿਚ ਵਾਂਗਾਂ ਦੀ ਆਵਾਜ਼(ਮਸੀਤ ਦਾ ਮੁੱਲਾਂ ਉਚੇ ਥਾਂ ਖਲੋ, ਉਚੀ ਆਵਾਜ਼ ਨਮਾਜ਼ ਪੜ੍ਹਨ ਦਾ ਸੁਨੇਹਾ ਦਿੰਦਾ ਹੈ) ਜਿਸ ਤੋਂ ਹਿੰਦੂ ਨਫਰਤ ਕਰਦੇ ਸਨ, ਤੇ ਏਸੇ ਹੀ ਕੜੀ ਵਿਚ ਮੰਦਰਾਂ ਆਦਿ ਵਿਚ ਗਾਈਆਂ ਦੇ ਤੇ ਮਸਜਿਦਾਂ ਵਿਚ ਸੂਰਾਂ ਦੇ ਵੱਢ੍ਹੇ-ਸਿਰ ਸੁਟੇ ਜਾਂਦੇ ਤੇ ਆਪਸੀ ਵਢ੍ਹਾਂਗੇ ਸ਼ੁਰੂ ਹੋ ਜਾਂਦੇ। ਆਮ ਲੋਕੀ ਇਨ੍ਹਾਂ ਫਸਾਦਾਂ ਦੇ ਕਸੂਰਵਾਰ, ਗੋਰਾ-ਸਰਕਾਰ ਨੂੰ ਠਹਿਰਾਂਦੇ ਕਿ ਉਹ ਪਾੜੋ ਤੇ ਰਾਜ ਕਰੋ ਨੀਤੀ ਅਪਣਾ ਰਹੀ ਹੈ।

1947 ਵਿਚ ਦੇਸ ਪ੍ਰਦੇਸੀ ਜੂਲੇ ਹੇਠੋਂ ਤਾਂ ਨਿਕਲ ਗਿਆ ਪਰ ਦੇਸ਼ ਦੇ ਦੋ ਟੁਕੜੇ ਹੋ ਗਏ ਤੇ ਪਾਕਿਸਤਾਨ ਵਜੂਦ ਵਿਚ ਆ ਗਿਆ। ਮੁਲਕ ਨੂੰ ਦੋਫਾੜ ਕਰਨ ਲਈ ਵੀ, ਕੋਈ ਮਿਸਟਰ ਜਿਨਾਹ ਦੀ ਜ਼ਿਦ ਤੇ ਕੋਈ ਹਿੰਦੂ ਬਹੁ-ਸੰਮਤੀ ਕਾਂਗਰਸ ਦੀ ਕੋਤਾਹ-ਬੀਨੀ ਭਾਵ ਤੰਗ-ਨਜ਼ਰੀ ਆਖਦਾ ਸੀ।

ਪਾਕਿਸਤਾਨ ਜਿਹੜਾ ਨਿਰਾ ਮਜ਼ੁਬ ਦੇ ਆਧਾਰ ਤੇ ਬਣਿਆ ਸੀ ਉਹ ਵੀ ਗਿਣਤੀ ਕਾਰਨ ਦੋ ਟੋਟਿਆਂ ਈਸਟ ਪਾਕਿਸਤਾਨ(ਬੰਗਾਲ) ਅਤੇ ਵੈਸਟ ਪਾਕਿਸਤਾਨ(ਪੰਜਾਬ, ਸਿੰਧ ਅਤੇ ਫਰੰਟੀਅਰ) ਵਿਚ ਵੰਡਿਆ ਗਿਆ। ਸਮੁੱਚੇ ਪਾਕਿਸਤਾਨ ਉਪਰ ਪੰਜਾਬੀ ਮੁਸਲਮਾਨਾਂ ਦਾ ਗਲਬਾ ਸੀ ਭਾਵ ਸਿਵਲ ਤੇ ਆਰਮੀ ਦੋਵਾਂ ਵਿਚ ਸੀ। ਪਾਕਿਸਤਾਨ ਦੇ ਕਾਇਦੇ-ਆਜ਼ਮ ਮਿ: ਜਿਨਾਹ ਤੇ ਛੇਤੀ ਹੀ ਰੱਬ ਨੂੰ ਪਿਆਰੇ ਹੋ ਗਏ ਤੇ ਪਾਕਿਸਤਾਨ ਵਿਚ ਕਈ ਪੁਲਿਟੀਕਲ ਕਤਲ ਹੋਏ। ਦੇਸ਼ ਦੇ ਕਰਤਾ ਧਰਤਾ ਬਜਾਏ ਏਸ ਦੇ ਕਿ ਦੋਵਾਂ ਹਿਸਿਆਂ ਨੂੰ ਇਕ ਨਜ਼ਰ ਦੇਖਦੇ, ਉਹ ਸਾਂਝਾ ਸਰਕਾਰੀ ਸਰਮਾਇਆ ਵੈਸਟ ਪਾਕਿਸਤਾਨ ਦੀ ਭਲਾਈ ਲਈ ਬਹੁਤਾ ਖਰਚਦੇ, ਜਿਸ ਕਾਰਨ ਦੋਵਾਂ ਹਿੱਸਿਆਂ ਦੇ ਮਤ-ਭੇਦ ਵਧਦੇ ਗਏ। ਸਰਕਾਰ ਨੇ ਭਾਰਤ ਨਾਲ ਆਖਰੀ ਜੰਗ ਵੀ ਆਪਣੀ ਅੰਦਰਲੀ ਸਥਿਤੀ ਦਰੁਸਤ ਕਰਨ ਲਈ ਹੀ ਛੇੜੀ ਪਰ ਉਨ੍ਹਾਂ ਨੂੰ ਇਹ ਬਹੁਤ ਮਹਿੰਗੀ ਪਈ ਤੇ ਲੜਾਈ ਹਾਰ ਗਏ ਤੇ ਈਸਟ ਪਾਕਿਸਤਾਨ ਬੰਗਲਾ-ਦੇਸ਼ ਵਿਚ ਬਦਲ ਦੇਸ਼ ਦੀ ਇਕ ਬਾਂਹ ਹੀ ਕੱਟੀ ਗਈ ਤੇ ਪਾਕਿਸਤਾਨ ਦਾ ਵਜੂਦ ਅੱਧਾ ਰਹਿ ਗਿਆ। ਬੰਗਲਾ ਦੇਸ਼ ਵਿਚ ਵੀ ਬੜੇ ਤਕੜੇ ਰਾਜਸੀ ਕਤਲ ਹੋਏ ਅਤੇ ਮੁਜੀਬ ਵਰਗੇ ਕੁਰਬਾਨੀ ਵਾਲੇ ਰਹਿਨੁਮਾ ਸਣ-ਟੱਬਰੇ ਹੀ ਮਾਰ ਮੁਕਾ ਦਿਤੇ। ਭਾਰਤ ਨਾਲੋਂ ਵੱਖਰਾ ਹੋਣ ਲਈ ਤਾਂ ਮੁਸਲਿਮ ਲੀਡਰਾਂ ਮਜ਼ੁਬੀ ਨਾਹਰਾ ਲਗਾ ਆਮ ਜਨਤਾ ਨੂੰ ਨਾਲ ਮਿਲਾ, ਆਪਣਾ ਨਿੱਜੀ ਸੁਆਰਥ ਪੂਰਾ ਕਰ ਲਿਆ ਪਰ ਜਨਤਾ ਦੀ ਗਰੀਬੀ ਹੋਰ ਭੈੜੀ ਹੋ ਗਈ। ਮੌਜੂਦਾ ਮਿਲਟਰੀ ਰਾਜ ਸਮੇਂ ਤਾਂ ਪ੍ਰਧਾਨ ਜ਼ਿਆ-ਉਲ-ਹੱਕ ਨੇ ਪਰਜ਼ਾ ਤੋਂ ਵੋਟਿੰਗ-ਹਕ ਵੀ ਖੋਹ ਲਏ ਤੇ ਜਨਤਾ ਦੀ ਹਾਲਤ ਹੋਰ ਵੀ ਬਦ ਤੋਂ ਬਦ-ਤਰ ਹੋ ਗਈ ਜਾਪਦੀ ਹੈ। ਜ਼ਿਆ-ਉਲ-ਹੱਕ ਤਾਂ ਅਮਰੀਕਾ ਕੋਲ ਵਿਕ ਗਿਆ ਜਾਪਦਾ ਹੈ ਤੇ ਲੱਖਾਂ ਦੀ ਗਿਣਤੀ, ਵਿਰੋਧੀ, ਸੀਖਾਂ ਪਿਛੇ ਡੱਕੇ ਹੋਏ ਦੱਸੀਦੇ ਹਨ।

ਪਿਛਲੇ ਦੋ ਕੁ ਸਾਲ ਤੋਂ ਪੰਜਾਬ ਦੇ ਰੌਲੇ-ਰੱਪੇ ਨੇ ਸਾਰੇ ਭਾਰਤ ਨੂੰ ਹੀ ਭੰਬਲ-ਭੂਸੇ ਪਾਇਆ ਹੋਇਆ ਹੈ। ਪ੍ਰਦੇਸ ਬੈਠੇ ਅਨੇਕ ਪ੍ਰਕਾਰ ਦੀਆਂ ਖਬਰਾਂ ਸੁਣੀਦੀਆਂ ਹਨ ਪਰ ਜਿੰਨੇ ਮੂੰਹ ਓਨੀਆਂ ਹੀ ਗੱਲਾਂ ਤੇ ਲੋਕੀ ਆਪੋ ਆਪਣੇ ਖਿਆਲਾਂ ਦੀ ਬੋਲੀ ਹੀ ਬੋਲਦੇ ਜਾਪਦੇ ਹਨ, ਕੋਈ ਤੇ ਆਖਦਾ, ਉਥੇ ਕੋਈ ਰੌਲਾ ਹੈ ਹੀ ਨਹੀਂ, ਤੇ ਦੂਜਾ ਆਖਦਾ ਉਥੇ ਬੇਅੰਤ ਰੌਲਾ ਹੈ। ਮਈ 1984 ਇਕ ਅਜ਼ੀਜ਼ ਦੇਸੋਂ ਆਇਆ ਉਹ ਦੱਸਦਾ ਸੀ ਕਿ ਬੇਸ਼ਕ ਉਨ੍ਹਾਂ ਦੇ ਆਲੇ ਦੁਆਲੇ ਬਹੁਤ ਵੱਡੇ ਘੇਰੇ ਵਿਚ ਇਕ ਵੀ ਕਤਲ ਨਹੀਂ ਸੀ ਹੋਇਆ ਤੇ ਦੋਵਾਂ ਕੋਮਾਂ ਦੇ ਆਪਸੀ ਸਬੰਧ ਵੀ ਪਹਿਲਾਂ ਵਾਂਗ ਹੀ ਬਦਸੂਤਰ ਸੁਖਾਵੇਂ ਸਨ, ਪਰ ਲੋਕੀ ਬਹੁਤ ਹੀ ਭੈ-ਭੀਤ ਤੇ ਦਹਿਲੇ ਹੋਏ ਸਨ ਕਿ ਆਪਸੀ ਨਿੱਜੀ-ਘੇਰੇ ਵਿਚ ਬੈਠੇ ਵੀ, ਕੋਈ ਹਿੰਸਕ ਕਰਤੂਤਾਂ ਨੂੰ ਨਿੰਦਣ ਦਾ, ਇਕ ਲਫਜ਼ ਵੀ ਮੂੰਹੋਂ ਨਹੀਂ ਸੀ ਕੱਢ ਸਕਦਾ ਮਤੇ ਕੋਈ ਨਿੰਦਕ-ਲਫਜ਼ ਉਡਕੇ ਕੁਥਾਂ ਨਾ ਜਾ ਉਪੜੇ। ਓਸ ਅਜ਼ੀਜ਼ ਨੂੰ (ਉਹ ਕਾਫੀ ਪੜ੍ਹਿਆ ਲਿਖਿਆ, ਸਿਆਣਾ ਦੇਸ ਪ੍ਰਦੇਸ ਘੁੰਮਿਆ ਤੇ ਵਾਹ-ਵਾ ਸੌਖਾ ਹੈ) ਜਦ ਮੈਂ ਪੁੱਛਿਆ ਤੁਸੀਂ ਖੁਲ੍ਹ ਕੇ ਕਿਉਂ ਨਹੀਂ ਦੱਸਦੇ, ਕੀ ਕੀ ਹੋਇਆ ਤੇ ਕਿਵੇਂ ਕਿਵੇਂ, ਤਾਂ ਉਹ ਕਹਿੰਦਾ ਤੁਸੀਂ ਆਪ ਪੜ੍ਹਦੇ ਹੀ ਹੋ ਜੇ ਦੇਸੀ ਪਰੈਸ ਤੇ ਇਤਬਾਰ ਨਹੀਂ ਤਾਂ ਪ੍ਰਦੇਸੀ ਬਥੇਰੀਆਂ ਖਬਰ-ਏਜੰਸੀਆਂ ਹਨ, ਉਹ ਪੜ੍ਹ ਲਓ ਮੈਂ ਕਿਉਂ ਦੱਸਾਂ? ਮੈਂ ਕਿਹਾ, ਓਏ ਹੁਣ ਨਾ ਡਰ ਐਥੇ ਐਨਾ ਖਤਰਾ ਨਹੀਂ, ਤਾਂ ਬੜਾ ਹਾਸਾ ਪਿਆ।

ਗਾਲਿਬਨ ਮਈ ਮਹੀਨੇ ਹੀ, ਟਾਈਮ ਮੈਗਜ਼ੀਨ(ਜਗਤ-ਪ੍ਰਸਿਧ-ਵੀਕਲੀ) ਦਾ ਨੁਮਾਇੰਦਾ ਅੰਮ੍ਰਿਤਸਰ ਗਿਆ ਤੇ ਉਹਨੇ ਗੁਰੂ ਨਾਨਕ ਨਿਵਾਸੀ ਲੀਡਰਾਂ ਨਾਲ ਹੋਈ ਭੇਂਟ ਵਾਰਤਾ ਬੜੇ ਵਿਸਥਾਰ ਨਾਲ ਲਿਖੀ ਤੇ ਨਾਲ ਹੀ ਤਸਵੀਰਾਂ ਵੀ ਰਸਾਲੇ ਵਿਚ ਛਾਪੀਆਂ। ਬੇਸ਼ੁਮਾਰ ਸਿੰਘ ਕਾਲੀਆਂ, ਪੀਲੀਆਂ ਦਸਤਾਰਾਂ ਸਜਾਈ ਇਨ੍ਹਾਂ ਰੰਗਾਂ ਦੇ ਹੀ ਲੰਮੇ ਚੋਲੇ, ਕਿਸੇ ਦੇ ਤੇੜ ਪਜਾਮਾ ਤੇ ਕੋਈ ਨਿਰੇ ਕੱਛੇ ਵਿਚ ਹੀ ਮਲਬੂਸ, ਪਰ ਆਮ ਦੇ ਮੋਢੀਂ ਲਮਕਦੀਆਂ ਬੰਦੂਕਾਂ ਸਟੇਨ-ਗੰਨਾਂ ਤੇ ਰਾਈਫਲਾਂ ਤੇ ਗਾਤਰੇ-ਪਟੇ ਲੋੜੀਂਦੇ ਕਾਰਤੂਸ, ਗੋਲੀਆਂ ਨਾਲ ਭਰੇ ਹੋਏ, ਕਈ ਪ੍ਰਕਰਮਾਂ ਵਿਚ ਤੁਰਦੇ ਫਿਰਦੇ ਤੇ ਕਈ ਸਰੋਵਰ-ਕੰਢੇ ਗਰੁੱਪਾਂ ਵਿਚ ਬੈਠੇ ਸ਼ਸ਼ੋਭਤ ਦਿਸ ਰਹੇ ਸਨ; ਹੈਰਾਨੀ ਦੀ ਗੱਲ ਇਹ ਕਿ ਤਸਵੀਰਾਂ ਵਿਚ ਸਾਰੀ ਪ੍ਰਕਰਮਾ ਵਿਖੇ ਇਕ ਵੀ ਸ਼ਰਧਾਲੂ ਯਾਤਰੂ ਨਹੀਂ ਸੀ ਦਿਸ ਰਿਹਾ। ਇਥੋਂ ਤੱਕ ਕਿ ਹਰਿਮੰਦਰ ਦੇ ਲਹਿੰਦੇ ਬੰਨੇ ਚਰਨਾਮਤ ਲੈਣ ਵਾਲਾ ਪਵਿਤਰ ਸਰੋਵਰ-ਪੌੜ ਵੀ ਯਾਤਰੂ ਸੱਖਣਾ ਹੀ ਦਿਸ ਰਿਹਾ ਸੀ।

ਕਾਲਜ-ਪੜ੍ਹਾਈ ਸਮੇਂ ਮੈਂ 4 ਸਾਲ ਤੋਂ ਵੀ ਵੱਧ ਸਮਾਂ ਅੰਮ੍ਰਿਤਸਰ ਰਿਹਾ। ਕਈ ਵਾਰ ਅਕਾਲ ਤਖਤ ਤੇ ਦਰਸ਼ਨੀ-ਡਿਉਢੀ ਦਰਮਿਆਨ ਤੇ ਕਦੀ ਹਰਿਮੰਦਰ ਦੀ ਬਾਹਰਲੀ ਪ੍ਰਕਰਮਾ ਦੇ ਕਿਸੇ ਨੁਕਰੇ, ਚੌਕੜੀ ਮਾਰ ਅੱਖਾਂ ਮੀਟ ਅੰਤਰ ਧਿਆਨ ਹੋ ਕਿਸੇ ਗੈਬੀ-ਸਰੂਪ ਦੀ ਮੂਰਤ ਮਨ-ਨੇਤਰਾਂ ਅਗੇ ਲਿਆ, ਸੰਗਮਰਮਰ ਦੀਆਂ ਸਿਲਾਂ ਤੇ ਬੈਠ, ਬੜਾ ਸੁਆਦ ਮਾਣਿਆ ਕਰਦਾ ਸਾਂ ਤੇ ਮੇਰੇ ਵਾਂਗ ਹੋਰ ਵੀ ਅਨੇਕ ਸ਼ਰਧਾਲੂ, ਉਸ ਪੂਜਯ ਅਸਥਾਨ ਵਿਚ ਕਈ ਥਾਂ ਏਸੇ ਤਰਾਂ ਬਿਰਤੀਆਂ ਜੋੜੀ ਬੈਠੇ ਦੇਖਿਆ ਕਰਦਾ ਸਾਂ; ਅੱਕੇ-ਥੱਕੇ ਤੇ ਉਡਦੇ ਪੰਖੇਰੂ ਮਨ ਨੂੰ ਬੜੀ ਸ਼ਾਂਤੀ ਮਿਲਦੀ ਸੀ - ਇਹ ਕੇਵਲ ਵਿਸ਼ਵਾਸ਼ ਹੀ ਤੇ ਹੈ ਪਰ ਅਵਿਸ਼ਵਾਸ਼ੀਆਂ ਨੂੰ ਨਿਰਾ ਮਖੌਲ ਹੀ ਜਾਪਦਾ ਹੋਵੇਗਾ।

"ਸ਼ਰਧਾਲੂ ਯਾਤਰੂਆਂ ਨਾਲੋਂ ਪ੍ਰਕਰਮਾਂ ਤੇ ਸਰੋਵਰ ਦੁਆਲੇ ਫਿਰਦੇ ਹਥਿਆਰ-ਬੰਦ ਸਿੰਘ ਬਹੁਤੇ ਦਿਸਦੇ ਹਨ", ਕਈ ਗੇੜਾ ਮਾਰਕੇ ਆਇਆਂ ਦੇ ਮੂੰਹੋਂ ਸੁਣਿਆ ਸੀ, ਜਿਸਦੀ ਪੁਸ਼ਟੀ ਟਾਈਮ ਰਸਾਲੇ ਦੀਆਂ ਤਸਵੀਰਾਂ ਨੇ ਕਰ ਦਿਤੀ। ਪੂਜਯ ਤੇ ਪਵਿਤਰ ਅਸਥਾਨ ਜਿਹੜਾ ਤਪਦੇ ਦਿਲਾਂ ਨੂੰ ਸ਼ਾਂਤ ਕਰਨ ਲਈ ਹੀ ਸਤਿਗੁਰਾਂ ਬਣਾਇਆ ਸੀ ਤੇ ਉਹਦਾ ਨੀਂਹ-ਪੱਥਰ ਹਜ਼ਰਤ ਮੀਆਂ ਮੀਰ ਇਕ ਮੁਸਲਿਮ ਸੂਫੀ ਤੋਂ ਰਖਵਾਇਆ ਸੀ। ਇਹ ਉਹ ਹਜ਼ਰਤ ਹੈ ਸਨ, ਜਿਨ੍ਹਾਂ ਲਾਹੌਰ ਵਿਖੇ ਜਦ ਗੁਰੂ ਅਰਜਨ ਦੇਵ ਜੀ ਤੱਤੀਆਂ ਤਵੀਆਂ ਤੇ ਬੈਠ ਕੁਰਬਾਨੀ ਦੇ ਰਹੇ ਸਨ, ਜਾ ਕੇ ਆਖਿਆ ਸੀ ਤੁਸੀਂ ਸ਼ਾਂਤ-ਰੂਪ ਹੋ ਜਬਰ ਕਿਉਂ ਝੱਲ ਰਹੇ ਹੋ, ਮੈਨੂੰ ਹੁਕਮ ਦਿਉ ਮੈਂ ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਭਿੜਾ ਦਿੰਦਾ ਹਾਂ ਤੇ ਜਰਵਾਣਿਆਂ ਨੂੰ ਸਬਕ ਸਿਖਾ ਸਕਦਾ ਹਾਂ ਤਾਂ ਸਤਿਗੁਰਾਂ ਆਪਣੇ ਹਮਦਰਦ-ਮਿੱਤਰ ਹਜ਼ਰਤ ਨੂੰ "ਓਸ ਕਰਤਾਰ ਦੇ ਭਾਣਾ ਮੰਨਣ ਦਾ ਆਦੇਸ਼" ਯਾਦ ਕਰਵਾ ਉਹਦੇ ਗੁੱਸੇ ਨੂੰ ਠੰਡਾ ਕੀਤਾ ਸੀ।

ਹਥਿਆਰ-ਬੰਦ ਸਿਰ-ਲੱਥਾਂ ਦੀ ਦਿਖ, ਉਹ ਪੂਜਯ-ਅਸਥਾਨ, ਫਰੰਟ-ਲਾਈਨ-ਯੁੱਧ-ਮੋਰਚੇ ਜਾਂ ਕਿਸੇ ਸ਼ਾਹੀ ਕਿਲ੍ਹੇ ਦਾ ਝਲਕਾਰਾ ਪੇਸ਼ ਕਰ ਰਿਹਾ ਸੀ ਜਿਸ ਵਿਚ ਡੱਕੇ ਯੋਧੇ, ਕਿਸੇ ਵੱਡੇ ਤੋਂ ਵੱਡੇ ਬਾਹਰਲੇ ਹਮਲੇ ਦੇ ਟਾਕਰੇ ਲਈ ਹਮਲਾ ਆਵਰ ਦਾ ਮੂੰਹ ਤੋੜ ਜਵਾਬ ਦੇਣ ਖਾਤਰ ਆਪਣੇ ਡੌਲਿਆਂ ਨੂੰ ਫੁਰਕਾ ਰਹੇ ਹੋਣ ਤੇ ਜਾਂ ਆਪ ਬਾਹਰ ਜਾ ਕਿਸੇ ਦੁਸ਼ਮਣ ਤੇ ਹਕਲਾ ਕਰ ਉਹਨੂੰ ਮਲੀਆ ਮੇਟ ਕਰ ਦੇਣ ਦੀ ਸਮਰਥਾ ਰਖਦੇ ਹੋਣ। ਮੂਰਤਾਂ ਦੇਖ ਤੇ ਸੁਣੀਆਂ ਗੱਲਾਂ ਨਾਲ ਟਾਕਰਾ ਕਰ, ਤੇ ਪਿਛਲੀ ਆਪ-ਬੀਤੀ ਸਥਿਤੀ ਦਾ ਮੁਕਾਬਲਾ ਕਰ ਮਨ ਬੜਾ ਉਪਰਾਮ ਸੀ ਤੇ ਜਾਪਦਾ ਸੀ ਜ਼ਰੂਰ ਕੋਈ ਭਾਣਾ ਬੀਤਣ ਵਾਲਾ ਹੈ।

ਆਰਮੀ-ਐਕਸ਼ਨ ਹੋਇਆ, ਪੂਜਯ-ਅਸਥਾਨ ਢਹਿ ਢੇਰੀ ਹੋ ਗਿਆ, ਬੇਅੰਤ ਪੁਰਾਣੀਆਂ ਬੇਸ਼-ਕੀਮਤ ਪਵਿਤਰ ਲਿਖਤਾਂ ਤੇ ਵਸਤਾਂ ਤਬਾਹੋ-ਬਰਬਾਦ ਹੋ ਗਈਆਂ। ਏਸ ਤਬਾਹੀ ਦੀ ਸੱਟ ਜਿੰਨੀ ਸ਼ਰਧਾਲੂਆਂ ਨੂੰ ਲੱਗੀ ਹੈ ਤਵਾਰੀਖ-ਪਿਆਰਿਆਂ ਨੂੰ ਵੀ ਉਸ ਤੋਂ ਘੱਟ ਨਹੀਂ ਚਾਹੇ ਉਹ ਕਿਸੇ ਸ਼੍ਰੈਣੀ ਸੰਸਥਾ ਨਾਲ ਵੀ ਤੁਅੱਲਕ ਰਖਦੇ ਹੋਣ ਤੇ ਉਨ੍ਹਾਂ ਦੇ ਇਹ ਸੱਟ ਨਾਸੂਰ ਵਾਂਗ ਤਾਂ ਜ਼ਿੰਦਗੀ ਰਿਸਦੀ ਰਹੇਗੀ। ਏਡਾ ਵੱਡਾ ਨਾ ਭੁੱਲਣ ਵਾਲਾ ਇਤਿਹਾਸਕ ਨੁਕਸਾਨ ਹੋਇਆ ਪਰ ਕੇਡੇ ਦੁਖ ਦੀ ਗੱਲ ਹੈ, ਸਰਕਾਰ ਤੇ ਭਿੰਡਰਾਂ ਤੇ ਉਹਦੇ ਸਾਥੀ, ਜਿਨ੍ਹਾਂ ਉਥੇ ਦਾਰੂ ਛਿੱਕਾ ਜਮਾਂ ਕੀਤਾ ਤੇ ਅਨੇਕ ਬੇ-ਕਾਨੂੰਨੀਆਂ ਨੂੰ ਉਥੇ ਪਨਾਹ ਦਿਤੀ, ਉਨ੍ਹਾਂ ਨੂੰ ਏਸ ਸਾਰੀ ਘਟਨਾ ਦਾ ਕਸੂਰਵਾਰ ਠਹਿਰਾ ਰਹੀ ਹੈ ਤੇ ਸਿੰਘ ਸੌ ਫੀਸਦੀ ਸਰਕਾਰ ਨੂੰ ਏਸ ਲਈ ਦੋਸ਼ੀ ਗਰਦਾਨਦੇ ਹਨ।

ਦੇਸ਼ ਦਾ ਤਰੰਗਾ ਸਾੜਿਆ ਗਿਆ। ਵਿਧਾਨ ਅਗਨ-ਭੇਂਟ ਕੀਤਾ ਗਿਆ ਪਵਿਤਰ ਅਸਥਾਨ ਦੀ ਬੇਹੁਰਮਤੀ ਹੋਈ, ਉਸੇ ਘੱਲੂਘਾਰੇ ਦੀ ਕੜੀ ਜਨਤਾ ਦੀ ਚੁਣੀ ਪ੍ਰਧਾਨ ਮੰਤਰੀ ਨੂੰ, ਉਹਦੇ ਹੀ ਦੋ ਬਾਡੀ ਗਾਰਡਾਂ ਜਦ ਉਹ ਦੋਵੇਂ ਹੱਥ ਜੋੜ ਨਮਸਕਾਰ ਕਰ ਰਹੀ ਸੀ, ਗੋਲੀਆਂ ਦਾ ਮੀਂਹ ਵਰ੍ਹਾ ਥਾਂ ਹੀ ਢੇਰੀ ਕਰ ਦਿਤਾ ਤੇ ਉਸੇ ਹੀ ਕੜੀ ਦਾ ਪ੍ਰਤੀਕਰਮ ਇੰਦਰਾ ਦੇ ਹਿੰਦੂ-ਸ਼ਰਧਾਲੂ ਜਿਨ੍ਹਾਂ ਵਿਚ ਅਫਸਰ ਤੇ ਕਾਂਗਰਸੀ ਨੇਤਾ ਵੀ ਸ਼ਾਮਲ ਸਨ, ਜਿਹੜੇ ਉਹਨੂੰ ਭਾਰਤ ਮਾਤਾ ਸਮਝਦੇ ਸਨ, ਉਨ੍ਹਾਂ ਨੂੰ ਆਮ ਜਨਤਾ ਨੂੰ ਭੜਕਾਉਣ ਉਕਸਾਉਣ ਤੇ ਲੁੱਟ ਮਾਰ ਦਾ ਮੌਕਾ ਮਿਲ ਗਿਆ ਤੇ ਉਨ੍ਹਾਂ ਹਜ਼ਾਰਾਂ ਸਿੰਘ ਤਸੀਹੇ ਦੇ ਦੇ ਮਾਰੇ ਤੇ ਕਰੋੜਾਂ ਦੀਆਂ ਸਿਖ-ਜਾਇਦਾਦਾਂ ਅੱਗ ਲਾ ਸੁਆਹ ਕਰ ਦਿਤੀਆਂ।

ਪਹਿਲਾਂ ਇੰਦਰਾ ਦੇ ਗੋਲੀਆਂ ਲੱਗਣ ਤੇ ਫੇਰ, ਉਹ ਚਲ ਵਸੀ ਸੁਣ ਉਸ ਰਾਤ ਮਨ ਸੋਚਾਂ ਵਿਚ ਡੁੱਬ ਗਿਆ। ਇੰਦਰਾ ਤੇ ਬਿਰਧ ਸੀ ਤੇ ਉਸ ਦੁਬਲੀ-ਪਤਲੀ ਮਾੜਕੂ ਜੇਹੀ ਜ਼ਨਾਨੀ ਸਿਰ, ਦੇਸ਼ ਅੰਦਰਲੇ ਬੇਅੰਤ ਅਣਸੁਖਾਵੇਂ ਹਾਲਾਤ ਦਾ ਭਾਰ ਸੀ ਤੇ ਏਨੀਆਂ ਜ਼ਿੰਮੇਂਵਾਰੀਆਂ ਸਦਕਾ ਉਹ ਬਹੁਤਾ ਚਿਰ ਹੰਢ ਸਕੇਗੀ, ਮੈਨੂੰ ਬਹੁਤੀ ਆਸ ਨਹੀਂ ਸੀ ਤੇ ਉਹਨੇ ਛੇਤੀ ਖਤਮ ਹੋ ਹੀ ਜਾਣਾ ਸੀ। ਪਰ ਉਹਦੀ ਮੌਤ ਦੇ ਪ੍ਰਤੀਕਰਮ ਪੰਜਾਬੋਂ ਬਾਹਰ ਬੈਠੇ ਸਿੱਖਾਂ ਨਾਲ ਕੀ ਬੀਤੇਗੀ? (ਸਾਡੇ ਬੇਅੰਤ ਰਿਸ਼ਤੇਦਾਰ ਤੇ ਮਿਤਰ ਬਾਹਰ ਬੈਠੇ ਹਨ) ਏਸ ਚਿੰਤਾ ਕਾਰਨ ਇਕ ਮਿੰਟ ਵੀ ਓਸ ਰਾਤ ਨੀਂਦ ਨਾ ਆਈ। ਉਦੋਂ ਦੀਆਂ ਲਿਖੀਆਂ ਚਿਠੀਆਂ ਦੇ ਉਤਰ ਅੱਜ ਤੱਕ ਆ ਰਹੇ ਹਨ ਤੇ ਹਾਲੇ ਕਈਆਂ ਦੀ ਉਡੀਕ ਹੈ।

ਉਪਰੋਕਤ ਹੋਈਆਂ ਘਟਨਾਵਾਂ ਦਾ ਹਿਰਦਯ-ਵੇਧਕ ਦੁੱਖ ਹੈ ਤੇ ਇਕ ਦਾ ਦੂਜੇ ਤੋਂ ਵੱਧ ਪਰ ਹੈਰਾਨੀ ਬਿਲਕੁਲ ਨਹੀਂ, ਕਿਉਂ ਜੋ ਦੂਜਾ ਘੱਲੂਘਾਰਾ ਪਹਿਲੇ ਦਾ ਹੀ ਪ੍ਰਤੀ ਕਰਮ ਹੁੰਦਾ ਰਿਹਾ ਹੈ। ਇੰਦਰਾ ਮਰ ਗਈ ਕੀ ਕੋਈ ਪ੍ਰਬਲਮ ਹੱਲ ਹੋਇਆ? ਕੀ ਦਿੱਲੀ ਤੇ ਕਾਹਨਪੁਰ ਆਦਿ ਹਜ਼ਾਰਾਂ ਸਿੰਘਾਂ ਦੇ ਕਤਲ ਤੇ ਕਰੋੜਾਂ ਸਿੰਘਾਂ ਦੀਆਂ ਜਾਇਦਾਦਾਂ ਦਾ ਸਿਧਾ ਸਬੰਧ ਇੰਦਰਾ-ਕਤਲ ਨਾਲ ਨਹੀਂ? ਹੁਣੇ ਹੋਈਆਂ ਚੋਣਾਂ ਵਿਚ ਐਡੀ ਵੱਡੀ ਬਹੁ-ਸੰਮਤੀ ਨਾਲ ਕਾਂਗਰਸ ਦਾ ਜਿੱਤਣਾ, ਇੰਦਰਾ ਦੇ ਕਤਲ ਦੀ ਹੀ ਮੇਹਰਬਾਨੀ ਹੈ।

ਸਾਡੇ ਗੁਰੂ ਗੋਬਿੰਦ ਸਿੰਘ ਜੀ, ਅਟੇ ਸਟੇ ਸਾਰੀ ਉਮਰ ਹੀ ਲੜਾਈ ਵਿਚ ਗੁਜ਼ਾਰੀ ਤੇ ਏਸੇ ਕਾਰਨ ਘਰ ਬਾਰ ਸਭ ਕੁਝ ਤਬਾਹੋ-ਬਰਬਾਦ ਹੋ ਗਿਆ। ਉਨ੍ਹਾਂ ਬੜੇ ਨਾਮੀ-ਯੋਧਿਆਂ ਦੀ ਇਕ ਨਵੀਂ ਸ਼੍ਰੈਣੀ ਖੜੀ ਕਰ ਦਿਤੀ ਤੇ ਉਹ ਆਪ ਇਕ ਜਗਤ-ਪ੍ਰਸਿਧ ਜਰਨੈਲ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਆਪਣੀ ਆਖਰੀ ਉਮਰ ਦੱਖਣ-ਦੇਸ਼ ਨਾਦੇੜ ਵਿਖੇ ਗੁਜ਼ਾਰੀ। ਉਥੇ ਉਨ੍ਹਾਂ ਦਾ ਇਕ ਅੰਗ-ਰਖਿਅਕ ਗੁਲ ਖਾਂ ਨਾਮੇਂ ਪਠਾਣ ਸੀ। ਜਿਹਦੇ ਪਿਤਾ ਨੂੰ ਗੁਰੂ ਜੀ ਕਿਸੇ ਲੜਾਈ ਵਿਚ ਮਾਰਿਆ ਸੀ। ਗੁਰੂ ਜੀ ਨੂੰ ਯਕੀਨ ਸੀ ਕਿ ਪਠਾਣ ਮੁਸਲਮਾਨ ਕਦੀ ਨਮਕ-ਹਰਾਮ ਨਹੀਂ ਹੋ ਸਕਦਾ ਸੋ ਉਨ੍ਹਾਂ ਗੁਲ ਖਾਂ ਦੇ ਪਿਤਾ ਮਾਰਨ ਕਾਰਨ, ਪੁਤਰ ਵਿਚ ਬਦਲਾ-ਲਊ-ਭਾਵਨਾ ਦੀ ਪ੍ਰਵਾਹ ਨਾ ਕੀਤੀ। ਓਸ ਗੁਲ ਖਾਂ ਨੇ ਇਕ ਦਿਨ ਉਸੇ ਭਾਵਨਾ ਦੇ ਜ਼ੋਰਅਸਰ ਗੁਰੂ ਜੀ ਤੇ ਵਾਰ ਕਰ ਦਿਤਾ। ਬੇਸ਼ਕ ਗੁਰੂ ਸਾਹਿਬਾਂ, ਪਠਾਣ ਨੂੰ ਉਸ ਵੇਲੇ ਥਾਂ ਹੀ ਮਾਰ ਮੁਕਾਇਆ ਪਰ ਤਲਵਾਰ ਦਾ ਉਹ ਫੱਟ ਆਖਰ ਜਾਨ-ਲੇਵਾ ਸਾਬਤ ਹੋਇਆ। ਸਿਖਾਂ ਤੇ ਆਖਣਾਂ ਹੀ ਹੈ, ਪਠਾਣ ਮੁਸਲਮਾਨ ਵੀ ਗੁਲ ਖਾਂ ਦੇ ਆਪਣੇ ਆਕਾ ਨੂੰ ਮਾਰਨ ਕਰਕੇ ਥੂ ਥੂ ਕਰ, ਨਮਕ-ਹਰਾਮ ਆਖਦੇ, ਤੋਬਾ ਤੋਬਾ ਕਰ ਕੰਨ-ਫੜਦੇ ਹਨ।

ਗੁਰੂ ਜੀ ਨਾਦੇੜ ਬੈਠ, ਆਪਣੀ ਦਿਬ-ਦ੍ਰਿਸ਼ਟੀ ਦੁਆਰਾ ਤੇ ਉਸ ਇਲਾਹੀ ਹੁਕਮ ਅਨੁਸਾਰ ਆਪਣੇ ਪਿਛੋਂ ਗੁਰ-ਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪੀ। ਸਿਖਾਂ ਦੀ ਇਹ ਰੱਬ-ਰੂਪੀ ਪਵਿਤਰ ਪੁਸਤਕ ਸਿੱਖਾਂ ਦਾ ਸਦੀਵੀ ਗੁਰੂ ਹੈ, ਜਿਸ ਵਿਚ ਕੋਈ ਅਦਲੀ ਬਦਲੀ ਨਹੀਂ ਹੋ ਸਕਦੀ। ਇਸ ਗ੍ਰੰਥ ਵਿਚ ਛੇ ਗੁਰੂਆਂ(ਦਸਾਂ ਵਿਚੋਂ) ਤੇ 46 ਭਗਤਾਂ ਦੀ ਬਾਣੀ ਹੈ ਜਿਸਨੂੰ ਸਮੁੱਚੇ ਤੌਰ ਤੇ ਅਸੀਂ ਇਲਾਹੀ-ਫੁਰਮਾਨ ਤਸੱਵਰ ਕਰਦੇ ਹਾਂ। ਏਸ ਰੱਬੀ ਬਾਣੀ ਵਿਚ ਵਿਸ਼ਵਾਸ਼ ਰਖਣ ਵਾਲਾ, ਚਾਹੇ ਉਹ ਸਿੰਘ ਰੂਪ ਜਾਂ ਸਿਖ ਰੂਪ ਹੈ ਤੇ ਭਾਵੇ ਉਹ ਕਿਸੇ ਜ਼ਾਤ ਨਾਲ ਤੁਅੱਲਕ ਰਖਦਾ ਹੋਵੇ, ਉਹ ਬਿਨਾਂ-ਸ਼ੱਕ ਗੁਰ-ਸਿਖ ਸਦਵਾਉਣ ਦਾ ਹੱਕਦਾਰ ਹੈ। ਏਸ 1430 ਪੰਨੇ ਦੀ ਵੱਡੀ ਤੇ ਪਵਿਤਰ ਬੀੜ ਵਿਚ ਆਦਿ ਤੋਂ ਅੰਤ ਤੱਕ "ਮਾਟੀ ਏਕ ਅਨੇਕ ਭਾਂਤ ਕਰ ਸਾਜੀ ਸਾਜਣਹਾਰੇ - ਇਕ ਨੂਰ ਤੋਂ ਸਭ ਜਗ ਉਪਜਿਆ ਕੌਣ ਭਲੇ ਮੰਦੇ - ਏਕ ਪਿਤਾ ਏਕਸ ਕੇ ਬਾਰਕ - ਸਭੇ ਸਾਂਝੀਵਾਲ ਸਦਾਇਣ, ਕੋਈ ਨਾ ਦਿਸੇ ਬਾਹਰਾ ਜੀਉ - ਅਵੱਲ ਅੱਲਾ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ" ਭਾਵ ਭਰਾਤਰੀ ਪਿਆਰ, ਦਸਾਂ ਨੌਹਾਂ ਦੀ ਕ੍ਰਿਤ ਤੇ ਵਿਸ਼ਵਾਸ਼, ਮਿੱਠਾ ਬੋਲਣਾ ਤੇ ਨਿਵ ਕੇ ਚਲਣਾ, ਜੀਵ ਅਹਿੰਸਾ ਨਾ ਕੋ ਵੈਰੀ ਨਾਹਿ ਵਗਾਨਾ, ਈਸ਼ਵਰ ਭਗਤੀ ਤੇ ਉਸੇ ਕਰਤਾਰ ਦੀ ਮਹਿਮਾਂ ਆਦਿ ਲਿਖਿਆ ਹੈ ਤੇ ਇਕ ਸ਼ਬਦ ਵੀ ਹਿੰਸਕ, ਕਰੋਧ ਜਾਂ ਈਰਖਾ ਦਾ ਵਿਚ ਦਰਜ ਨਹੀਂ। ਦਸਵੇਂ ਪਾਤਸ਼ਾਹ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇਸ ਬੀੜ ਵਿਚ ਆਪ ਪਾਈ ਪਰ ਆਪਣੀ ਬਿਲਕੁਲ ਨਹੀਂ (ਜੇ ਉਹ ਚਾਹੁੰਦੇ ਤਾਂ ਪਾ ਹੀ ਸਕਦੇ ਸਨ) ਏਥੋਂ ਤੱਕ ਕਿ ਏਸ ਕਲਜੁਗੀ ਤੇ ਸਦੀਵੀ ਗੁਰੂ ਦੇ ਸਿਖ ਬਣਨ ਲਈ ਅੰਮ੍ਰਿਤ ਪਾਨ ਕਰਨ ਦੀ ਸ਼ਰਤ ਵੀ, ਵਿਚ ਨਾ ਲਿਖੀ। ਇਹ ਕੋਈ ਸਹਿਵਨ ਨਹੀਂ ਹੋਇਆ ਉਨ੍ਹਾਂ ਜੋ ਕੁਝ ਕੀਤਾ, ਅੰਤਰ ਧਿਆਨ ਹੋ ਉਹ ਇਲਾਹੀ ਸ਼ਕਤੀ ਨਾਲ ਲਿਵ-ਜੋੜ ਤੇ ਉਹਦੇ ਅਟੱਲ ਹੁਕਮ ਨਾਲ ਹੀ ਕੀਤਾ।

ਅੱਜ ਦੁਨੀਆਂ ਦੇ ਮਿਸਟਰ ਟਰੂਡੋ ਵਰਗੇ ਉਘੇ ਲੀਡਰ ਏਸ ਦੁਨੀਆਂ ਉਪਰੋਂ ਐਟਮੀ ਤੇ ਲੈਸਰ ਮਾਰੂ ਹਥਿਆਰਾਂ ਦਾ ਖੁਰਾ ਖੋਜ ਮਿਟਾਉਣ ਤੇ ਤੁਲੇ ਹੋਏ ਹਨ ਤੇ ਹਰ ਮੁਲਕ ਵਿਚ ਬੇਸ਼ੁਮਾਰ ਸੂਝਵਾਨ ਮਨੁੱਖੀ-ਪਿਆਰੇ ਉਨ੍ਹਾਂ ਦੀ ਏਸ ਸੋਚਣੀ ਨਾਲ ਸਹਿਮਤ ਹਨ। ਉਹ ਦਿਨ ਦੂਰ ਨਹੀਂ ਜਦ ਇਨ੍ਹਾਂ ਸਿਆਣਿਆਂ ਦੀਆਂ ਕੋਸ਼ਿਸ਼ਾਂ ਸਦਕਾ, ਸਾਰੀ ਦੁਨੀਆਂ ਦੀ ਮਨੁੱਖਤਾ ਇਕੋ ਪਿਆਰੇ ਸੁਖੀ ਪ੍ਰਵਾਰ ਦੇ ਧਾਗੇ ਵਿਚ ਪਰੋਤੀ ਜਾਊ। ਦਰ ਅਸਲ ਦੁਨੀਆਂ ਲੜਾਈ ਤੇ ਯੁੱਧਾਂ ਤੋਂ ਤੰਗ ਆ ਚੁਕੀ ਹੈ ਤੇ ਏਸੇ ਕੁਰਾਹੇ ਪਈਆਂ ਵੱਡੀਆਂ ਤਾਕਤਾਂ, ਐਟਮੀ ਤੇ ਲੈਸਰ ਮਾਰੂ ਹਥਿਆਰਾਂ ਤਕ ਆ ਉਪੜੀਆਂ ਹਨ ਜਿਨ੍ਹਾਂ ਦੀ ਵਰਤੋਂ ਦੁਨੀਆਂ ਦੀ ਮਨੁੱਖਤਾ ਨੂੰ ਹੀ ਨਹੀਂ, ਏਸ ਧਰਤ-ਗਲੋਬ ਤੇ ਦਿਸ ਰਹੇ ਸਾਰੇ ਪਸ਼ੂ ਪੰਛੀ ਤੇ ਹਰਿਆਈ ਆਦਿ ਵੀ ਸਾੜ ਕੇ ਸੁਆਹ ਕਰ ਦੇਵੇਗੀ ਤੇ ਐਹ ਦਿਸ ਰਹੀ ਮਨੁੱਖਤਾ ਤੇ ਮਨੁੱਖਤਾ ਦੇ ਦਿਸ ਰਹੇ ਖੂਬਸੂਰਤ ਕ੍ਰਿਸ਼ਮੇ, ਮਨੁੱਖ-ਮਨ ਦੀ ਲਖੂਖਾ ਸਾਲਾਂ ਦੀ ਮੇਹਨਤ ਪਲਾਂ ਵਿਚ ਹੀ ਰਾਖ ਦੇ ਢੇਰਾਂ ਵਿਚ ਤਬਦੀਲ ਕਰ ਦੇਵੇਗੀ।

ਸਾਨੂੰ ਸਿੱਖਾਂ ਨੂੰ ਏਸ ਨਵੀਂ ਸੋਚਣੀ ਦਾ ਮਾਣ, ਫਖਰ ਤੇ ਗੌਰਵ ਹੋਣਾ ਚਾਹੀਦਾ ਹੈ ਕਿਉਂ ਜੋ ਇਹ ਸੂਝ ਤੇ ਸਾਡੇ ਦਸਵੇਂ ਗੁਰਾਂ, ਗੁਰ-ਗੱਦੀ ਗੁਰੂ ਗ੍ਰੰਥ ਸਾਹਿਬ, ਸ਼ਾਂਤੀ, ਅਮਨ ਤੇ ਪਿਆਰ ਦੇ ਪੁੰਜ ਨੂੰ ਸੌਂਪ ਆਪਣੇ ਸਿਖਾਂ ਨੂੰ ਏਸ ਉਚੱਯ ਸ਼ਾਂਤਮਈ ਰਸਤੇ ਦਾ 300 ਸਾਲ ਪਹਿਲਾਂ ਹੀ ਉਦੇਸ਼ ਦੇ ਦਿਤਾ ਸੀ, ਆਖਰ ਇਹ ਸਾਡੀ ਹੀ ਤੇ ਕਾਪੀ ਕਰਨਾ ਚਾਹੁੰਦੇ ਹਨ। ਅਗੋਂ ਕਿਸੇ ਇਕ ਦੇਸ਼, ਕੌਮ, ਮਨੁੱਖ ਜਾਂ ਸੰਸਥਾ ਦੇ ਰਾਜ ਭਾਗ ਦੀਆਂ ਗੱਲਾਂ ਗਾਥਾਵਾਂ ਦਾ ਨਿਰਾ ਮੁਸ਼ਕਲ ਹੀ ਨਹੀਂ

(ਬਾਕੀ ਪੰਨਾ 16 ਤੇ)

ਧਾਰਮਿਕ ਦਰਪਣ

ਗੁਰਵਾਕ ਵਿਚਾਰ

ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ ॥
ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ ॥

ਰਾਮਕਲੀ ਕੀ ਵਾਰ ਮਹਲਾ ੧ ॥ ਪੰਨਾ 956॥

ਗੁਰੂ ਨਾਨਕ ਪਾਤਸ਼ਾਹ ਉਸ ਸੂਰਬੀਰ ਬਾਰੇ ਫੁਰਮਾਉਂਦੇ ਹਨ ਜਿਸਨੇ ਕਮਰ ਨਾਲ ਸੁੰਦਰ ਕਟਾਰ ਸਜਾਈ ਹੋਈ ਹੈ ਅਤੇ ਅਤਿ ਸੁੰਦਰ ਘੋੜੇ ਤੇ ਅਸਵਾਰ ਹੈ। ਕਿ ਭਾਈ ਬਹਾਦਰ ਸੂਰਮਿਆ ਹੰਕਾਰ ਨਾ ਕਰ ਇਹ ਨਾ ਹੋਵੇ ਤੇਰੇ ਸਿਰ ਉਪਰ ਬੋਝ ਆ ਪਵੇ। ਗੁਰ ਸਿਖੀ ਦੇ ਸਿਧਾਂਤ ਸਾਨੂੰ ਆਮ ਲੋਕਾਂ ਨੂੰ ਹੀ ਹਉਮੇਂ ਹੰਕਾਰ ਤੋਂ ਨਹੀਂ ਵਰਜਦੇ ਸਗੋਂ ਆਗੂਆਂ, ਲੀਡਰਾਂ, ਜੋਧਿਆਂ ਸੂਰਬੀਰਾਂ ਨੂੰ ਵੀ ਵਰਜਦੇ ਹਨ ਕਿ ਹੰਕਾਰ ਨਾ ਕਰੋ। "ਹੰਕਾਰਿਆ ਸੋ ਮਾਰਿਆ" ਆਮ ਕਹਾਵਤ ਵੀ ਹੈ। ਹੰਕਾਰ ਕਾਰਨ ਸਿਰ ਉਪਰ ਭਾਰ ਜਾਂ ਪਹਾੜ ਮੁਸੀਬਤਾਂ ਦੇ ਟੁੱਟਣੇ ਹੀ ਹੁੰਦੇ ਹਨ। ਹਉਮੇਂ ਹੰਕਾਰ ਵਿਚ ਮਸਤ ਮੂਰਖ ਬਹੁਤੀ ਬਾਰ ਪਾਪ ਕਰਨ ਤੋਂ ਨਹੀਂ ਡਰਦਾ। ਜਿਸਦੀ ਸਜਾ ਪਰਮੇਸ਼ਰ ਨੇ ਦੇਣੀ ਹੀ ਹੋਈ।

ਜੇ ਕੋਈ ਆਗੂ ਅਜਿਹਾ ਕਰੇਗਾ ਤਾਂ ਉਸ ਨਾਲ ਸੰਬੰਧਿਤ ਸਭਨਾਂ ਪੈਰੋਕਾਰਾਂ ਨੂੰ ਹੀ ਹੰਕਾਰ ਦੀ ਸਜ਼ਾ ਦਾ ਫਲ ਵੀ ਭੁਗਤਣਾ ਪੈਂਦਾ ਹੈ।

ਸਾਡੇ ਸਿੱਖ ਪੰਥ ਉਪਰ ਜੋ ਕਹਿਰ ਪਿਛਲੇ ਸਾਲ ਟੁਟਿਆ ਉਸ ਨੂੰ ਅਸੀਂ ਉਪਰੋਕਤ ਗੁਰਵਾਕ ਦੀ ਰੌਸ਼ਨੀ ਵਿਚ ਵੇਖੀਏ ਤਾਂ ਇਹੋ ਹੀ ਸਮਝ ਪੈਂਦੀ ਹੈ ਕਿ ਅਸੀਂ ਗੁਰਬਾਣੀ ਉਪਰ ਅਮਲ ਨਹੀਂ ਕਰਦੇ। ਵੱਡੇ ਅਸਚਰਜ ਦੀ ਗੱਲ ਹੈ ਕਿ ਜੋ ਸੰਤ ਰੂਪ ਧਾਰਨ ਕਰਕੇ, ਗੁਰਬਾਣੀ ਪੜ੍ਹਾਉਣ ਦਾ ਕੰਮ ਕਰਨ ਵਾਲੇ ਸਨ, ਉਨ੍ਹਾਂ ਵੀ ਇਸ ਤੋਂ ਸਬਕ ਨਾ ਸਿਖਿਆ।

ਦਾਸ ਬੇਨਤੀ ਕਰਦਾ ਹੈ ਕਿ ਗੁਰਵਾਕ ਵਿਚਾਰ, ਸਾਡੇ ਪੰਥ ਉਪਰ ਵਰਤੇ ਭਾਣੇ ਤੋਂ ਉਦਾਸ ਹੋਕੇ, ਲਿਖਣ ਲਈ ਸ਼ੁਰੂ ਕੀਤੇ ਹਨ ਕਿ ਹਉਮੇ ਹੰਕਾਰ ਬੜਾ ਵੱਡਾ ਰੋਗ ਹੈ, ਪਾਪ ਹੈ, ਗੁਨਾਹ ਹੈ, ਕੁਕਰਮ ਹੈ, ਇਸ ਤੋਂ ਬਚੋ। ਇਹ ਹਉਮੇ ਹੰਕਾਰ ਦੀ ਸਜ਼ਾ ਅਸੀਂ ਭੁਗਤ ਰਹੇ ਹਾਂ। ਇਹੋ ਹੀ ਸਾਡੀ ਏਕਤਾ ਦੇ ਰਾਹ ਵਿਚ ਵੱਡੀ ਰੁਕਾਵਟ ਹੈ।

ਸਰਬਤ ਦਾ ਭਲਾ ਮੰਗਣ ਵਾਲੇ ਗੁਰੂ ਦੇ ਸਿਖ ਹੋ ਕੇ ਅਸੀਂ ਗਰਬ-ਹੰਕਾਰ ਦਾ ਜੀਵਨ ਗੁਜ਼ਾਰੀਏ, ਬਹੁਤ ਦੁਖ ਦੀ ਗੱਲ ਹੈ।

ਗੁਰਮੁਖ ਸਿੰਘ

ਜ਼ਿੰਦਗੀ ਤੂੰ ਜੀ ਲਈ, ਮੈਂ ਜਰ ਲਈ।
ਹਾਂ, ਬਸਰ ਦੋਹਾਂ ਨੇ ਆਖਿਰ ਕਰ ਲਈ।
ਦਿਨ ਯਤੀਮਾਂ ਵਾਂਗ ਮਾਪੇ ਟੋਲਦਾ,
ਰਾਤ ਵਿਧਵਾ ਸਿਸਕਦੀ ਹੈ ਵਰ ਲਈ।
ਇਹ ਮੇਰਾ ਹੰਝੂ ਹੈ ਅਰਪਣ ਧਰਤ ਨੂੰ,
ਇਹ ਮੇਰਾ ਹਉਕਾ ਹੈ ਉਸ ਅੰਬਰ ਲਈ।
ਜੋਬਨਾਂ ਦੇ ਹੰਸ, ਉਮਰਾਂ ਤੋਂ ਪਏ,
ਭਟਕਦੇ ਹਨ, ਇਸ਼ਕ ਦੇ ਸਰਵਰ ਲਈ।

(ਪੰਨਾ 15 ਦੀ ਬਾਕੀ)

ਅਸੰਭਵ ਤੇ ਨਾ-ਮੁਮਕਿਨ ਹਨ। ਏਹੋ ਜਿਹਾ ਸੁਪਨਾ ਪਹਿਲਾਂ ਔਰੰਗਜ਼ੇਬ ਨੇ, 'ਦੋ ਤੋਂ ਇਕ ਕਰਨ ਦਾ', ਤੇ ਫੇਰ ਜਰਮਨੀ ਦੇ ਹਿਟਲਰ ਆਰੀਆ ਨੇ ਸਾਰੀ ਦੁਨੀਆਂ ਤੇ ਰਾਜ ਕਰਨ ਦਾ ਲਿਆ ਸੀ। ਉਹਦਾ ਜੋ ਹਸ਼ਰ ਹੋਇਆ, ਅੱਧਾ ਜਰਮਨ ਗੁਆ ਬੈਠਾ ਤੇ ਸਾਰੀ ਜਰਮਨ ਕੌਮ ਨੂੰ ਜੋ ਸ਼ਰਮਸਾਰੀ ਦਾ ਮੂੰਹ ਦੇਖਣਾ ਪਿਆ ਕਿਸੇ ਤੋਂ ਗੁੱਝਾ ਨਹੀਂ। ਹੁਣ ਤੇ ਸਾਂਝੀਵਾਲਤਾ ਏਕ ਪਿਤਾ, ਜੀਉ ਤੇ ਜੀਣ ਦਿਉ ਆਦਿ ਦਾ ਵਡਮੁੱਲਾ ਆਦੇਸ਼ ਹੀ ਪ੍ਰੈਕਟੀਕਲ ਤੇ ਸੰਭਵ ਹੋਵੇਗਾ। ਸਾਡੇ ਗੁਰਾਂ ਇਹ ਅਨੁਭਵ ਕਰ ਲਿਆ ਸੀ ਕਿ ਲੜਾਈ ਕਿਸੇ ਸੰਕਟ ਦਾ ਹੱਲ ਨਹੀਂ, ਲੜਾਈ ਤੇ ਇਕ ਹੋਰ ਲੜਾਈ ਖੜੀ ਕਰ ਦਿਆ ਕਰਦੀ ਹੈ। ਏਸੇ ਲਈ ਉਨ੍ਹਾਂ ਆਪਣੇ ਸਿੱਖਾਂ ਨੂੰ ਗੁਰ-ਗੱਦੀ ਪਿਆਰ ਰੂਪੀ ਗ੍ਰੰਥ ਨੂੰ ਸੌਂਪ, ਸਿੱਖਾਂ ਨੂੰ ਲੜਾਈ ਤੇ ਹਿੰਸਾ ਰਹਿਤ ਰਾਹ ਅਪਨਾਉਣ ਦਾ ਵਡਮੁੱਲਾ ਇਸ਼ਾਰਾ ਦਿਤਾ।

ਗੁਪਤ ਭੇਦ ਨੈਟੋ ਨੂੰ ਪਹੁੰਚਾਏ ਗਏ

ਨਵੀਂ ਦਿੱਲੀ — ਦੇਸ਼ ਤੋਂ ਬਾਹਰ ਕੱਢਿਆ ਗਿਆ ਫਰਾਂਸੀਸੀ ਲੈ: ਕਰਨਲ ਅਲੇਨ ਬੌਲੀ ਭਾਰਤ ਵਿਚੋਂ ਨੈਟੋ ਜਥੇਬੰਦੀ ਦੇ ਇੰਨਟੈਲੀਜੈਂਸੀ ਕੇਂਦਰ ਨੂੰ ਪੈਰਿਸ ਵਿਚ, ਗੁਪਤ ਦਸਤਾਵੇਜ਼ ਪਹੁਚਾ ਰਿਹਾ ਸੀ। ਇਹ ਸਨਸਨੀਖੇਜ਼ ਪ੍ਰਗਟਾਅ ਦੋਸ਼ੀ ਨੇ ਇੰਟੈਰੋਗੇਸ਼ਨ ਦੌਰਾਨ ਕੀਤਾ। ਇਹ ਸੂਚਨਾ ਮਿ: ਨਰਾਇਣ ਤੋਂ ਵੀ ਮਿਲੀ ਸੀ ਜੋ ਕਿ ਜਸੂਸੀ ਕਾਂਡ ਕੇਸ ਦਾ ਮੁਖ ਧੁਰਾ ਹੈ। ਉਚ ਪੱਧਰੀ ਸੂਤਰਾਂ ਅਨੁਸਾਰ ਇਕ ਹੋਰ ਭੇਦ ਖੁਲ੍ਹਿਆ ਹੈ ਕਿ ਦੋਸ਼ੀ ਅਸ਼ੋਕ ਕੁਮਾਰ ਜੈਦਕਾ ਜੋ ਕਿ ਲੁਧਿਆਣੇ ਦਾ ਵਪਾਰੀ ਹੈ, ਇਨ੍ਹਾਂ ਦਸਤਾਵੇਜ਼ਾਂ ਨੂੰ ਮਿ: ਨਰਾਇਣ ਤੋਂ ਲੈ ਕੇ ਬੰਬਈ ਵਿਚ ਸੋਵੀਅਤ ਗੁਪਤ ਕੇ. ਜੀ. ਬੀ. ਦੇ ਏਜੰਟਾਂ ਨੂੰ ਸਪਲਾਈ ਕਰਦਾ ਹੁੰਦਾ ਸੀ। ਜਿਉਂ ਹੀ ਕਰਨਲ ਬੌਲੀ, ਕੋਈ ਮਹੱਤਵਪੂਰਣ ਸੂਚਨਾ ਪ੍ਰਾਪਤ ਕਰ ਲੈਂਦਾ ਪੈਰਿਸ ਤੋਂ ਖਾਸ ਏਲਚੀ ਇਨ੍ਹਾਂ ਦਸਤਾਵੇਜ਼ਾਂ ਨੂੰ ਚੁੱਕ ਲਿਜਾਣ ਲਈ ਪਹੁੰਚ ਜਾਂਦਾ ਸੀ। ਪੈਰਿਸ ਦਾ ਕੇਂਦਰ ਭਾਰਤ ਦੇ ਵੱਖੋ ਵੱਖ ਦੇਸ਼ਾਂ ਨਾਲ ਸੁਰੱਖਿਆ ਸਮਝੌਤਿਆਂ ਬਾਰੇ ਦਿਲਚਸਪੀ ਰਖਦਾ ਹੈ ਅਤੇ ਖਾਸ ਤੌਰ ਤੇ ਹਿੰਦੁਸਤਾਨ ਐਰੋਨੈਟਿਕਸ ਲਿ: ਯੂਨਿਟਾਂ ਦੇ ਮਿਲਟਰੀ ਸਾਜ਼ੋ ਸਮਾਨ ਦੀ ਪੈਦਾਇਸ਼ ਕਰਨ ਬਾਰੇ।

ਜੈਦਕਾ ਦੇ ਬੰਬਈ ਵਿਚ ਅੱਡੇ ਦੀ ਦਿਲਚਸਪੀ ਦਾ ਮੁੱਖ ਧੁਰਾ ਭਾਰਤ ਵਿਚੋਂ ਵਲੋਂ ਫਰਾਂਸ, ਬ੍ਰਿਟੇਨ, ਪੂਰਬੀ ਜਰਮਨੀ ਅਤੇ ਹੋਰ ਯੂਰਪੀਨ ਦੇਸ਼ਾਂ ਨਾਲ ਸੁਰੱਖਿਆ ਪ੍ਰੋਗਰਾਮਾਂ ਦੀ ਖਰੀਦ ਦੇ ਵੇਰਵੇ ਪ੍ਰਾਪਤ ਕਰਨ ਦੁਆਲੇ ਸੀ। ਇਨਟੈਲੀਜੈਂਸੀ ਕੇਂਦਰ ਸਾਰੀ ਉਹ ਸਾਮਗਰੀ ਪ੍ਰਾਪਤ ਕਰਨ 'ਚ ਦਿਲਚਸਪੀ ਰੱਖਦਾ ਸੀ ਜਿਸ ਵਿਚ ਭਾਰਤ ਇਲੈਕਟਰੋਨਿਕਸ ਲਿ: ਦੀਆਂ ਗਤੀਵਿਧੀਆਂ ਭਾਰਤ ਦੀ ਖੇਤੀਬਾੜੀ ਦੀ ਪੈਦਾਇਸ਼ ਦੇ ਵਿੱਤ ਬਾਰੇ ਭਵਿਸ਼ ਦੇ ਪ੍ਰੋਗਰਾਮ ਕੀ ਹਨ ਆਦਿ ਸ਼ਾਮਲ ਸਨ।

ਮਿ: ਨਰਾਇਣ ਨੇ ਤਿੰਨ ਲੜਕੀਆਂ ਨੂੰ ਆਪਣੇ ਹੈਲੇ ਰੋਡ ਵਾਲੇ ਦਫਤਰ ਵਿਚ ਪੱਕੇ ਤੌਰ ਤੇ ਆਏ ਗਏ ਦੇ ਮਨੋਰੰਜਨ ਲਈ ਮੁਲਾਜ਼ਮ ਰੱਖਿਆ ਹੋਇਆ ਸੀ। ਉਨ੍ਹਾਂ ਤਿੰਨਾਂ ਦਾ ਗਵਾਹ ਦੇ ਤੌਰ ਤੇ ਇਸ ਕੇਸ ਦੀ ਸੁਣਵਾਈ ਦੌਰਾਨ ਪੇਸ਼ ਹੋਣਾ ਸੰਭਵ ਹੈ। ਬੇਸ਼ੱਕ ਇਨ੍ਹਾਂ ਨੂੰ ਮਿ: ਨਰਾਇਣ ਦੇ ਮਹਿਮਾਨਾਂ ਦੇ ਦਿਲਪ੍ਰਚਾਵੇ ਲਈ ਰੱਖਿਆ ਗਿਆ ਸੀ ਪਰ ਇਹ ਉਨ੍ਹਾਂ ਦੇ ਆਪਸੀ ਵਿਚਾਰ ਵਟਾਂਦਰੇ ਤੇ ਕਾਨਾਫੂਸੀ ਬਾਰੇ ਬਹੁਤ ਵਾਕਫੀ ਰੱਖਦੀਆਂ ਹਨ। ਹੁਣ ਤੱਕ ਕੁਲ 16 ਦੋਸ਼ੀਆਂ ਵਿਚੋਂ ਸੱਤ ਨੇ ਆਪਣੇ ਆਪ ਨੂੰ ਦੋਸ਼ੀ ਮੰਨਣ ਦੇ ਬਿਆਨ ਦੇ ਦਿਤੇ ਹਨ।

ਤੂੰ ਸਜ਼ਾ ਦੇਣੀ ਅਜੇ, ਤੂੰ ਸੋਚ ਲੈ,
ਮੈਂ ਖ਼ਤਾ ਕਰਨੀ ਸੀ ਜਿਹੜੀ ਕਰ ਲਈ।

ਦਿਲੀ, ਹੋਰ ਥਾਵਾਂ 'ਤੇ ਦੰਗਿਆ ਲਈ ਪ੍ਰਸ਼ਾਸਨ ਨੂੰ ਦੋਸ਼ੀ ਠਹਿਰਾਇਆ

ਨਵੀਂ ਦਿਲੀ: (ਸਤਿੰਦਰ ਸਿੰਘ) ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਐਸ. ਐਮ. ਸੀਕਰੀ ਦੀ ਅਗਵਾਈ ਵਾਲੇ ਪੰਜ-ਮੈਂਬਰੀ ਨਾਗਰਿਕ ਕਮਿਸ਼ਨ ਨੇ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਪਿਛੋਂ ਦਿਲੀ ਅਤੇ ਦੇਸ਼ ਦੇ ਦੂਸਰੇ ਭਾਗਾਂ ਵਿਚ "ਸਿੱਖਾਂ ਉਪਰ ਅਕਹਿ ਤੇ ਅਸਹਿ ਅਤਿਆਚਾਰਾਂ ਲਈ ਸਿੱਧੇ ਤੌਰ 'ਤੇ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ ਹੈ।

ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਅਗਰ ਅਧਿਕਾਰੀਆਂ ਨੇ ਸ੍ਰੀਮਤੀ ਗਾਂਧੀ ਦੇ ਘ੍ਰਿਣਤ ਕਤਲ ਤੋਂ ਪਿਛੋਂ ਜਾਨ ਤੇ ਮਾਲ ਦੀ ਰਾਖੀ ਲਈ ਤੁਰੰਤ ਸਖਤ ਕਦਮ ਉਠਾਏ ਹੁੰਦੇ ਤਾਂ ਇਕ ਬਹੁਤ ਹੀ ਛੋਟੀ ਪਰ ਅਸਾਨੀ ਨਾਲ ਪਹਿਚਾਣੀ ਜਾ ਸਕਣ ਵਾਲੀ ਘੱਟ ਗਿਣਤੀ (ਸਿੱਖ) ਦੇ ਜਾਨ ਤੇ ਮਾਲ ਅਤੇ ਸਨਮਾਨ ਦੀ ਹਾਨੀ ਇਕ ਦਮ ਨਾ ਰੁਕਦੀ ਤਾ ਘਟੋ ਘਟ ਬਹੁਤ ਹੀ ਘੱਟ ਕੀਤੀ ਜਾ ਸਕਦੀ ਸੀ।

ਕਮਿਸਨ ਦੇ ਬਾਕੀ ਮੈਂਬਰ ਸਾਬਕ ਕਾਮਨਵੈਲਥ ਸਕੱਤਰ ਬਦਰੂਦੀਨ ਤਯਰਜੀ, ਸਾਬਕ ਵਿਦੇਸ਼ ਸਕੱਤਰ ਰਾਜੇਸ਼ਵਾਰ ਦਿਆਲ, ਕਰਨਾਟਕ ਦੇ ਸਾਬਕ ਰਾਜਪਾਲ ਗੋਵਿੰਦ ਨਰਾਇਣ ਅਤੇ ਸਾਬਕ ਗ੍ਰਹਿ ਸਕੱਤਰ ਟੀ. ਸ੍ਰੀ ਨਿਵਾਸਨ ਹਨ। ਕਮਿਸ਼ਨ ਪਿਛਲੇ ਸਾਲ 16 ਦਸੰਬਰ ਨੂੰ ਨਿਯੁਕਤ ਕੀਤਾ ਗਿਆ ਸੀ ਅਤੇ ਇਸ ਨੇ ਦੋ ਮਹੀਨੇ ਪਿਛੋਂ 18 ਜਨਵਰੀ ਨੂੰ ਆਪਣੀ ਰਿਪੋਰਟ ਪੇਸ਼ ਕੀਤੀ। ਇਹ ਰਿਪੋਰਟ ਪਿਛਲੇ ਦਿਨ ਅਖਬਾਰਾਂ ਨੂੰ ਜਾਰੀ ਕੀਤੀ ਗਈ। ਪੜਤਾਲ ਦੌਰਾਨ ਕਮਿਸ਼ਨ ਨੇ ਵੱਖ ਵੱਖ ਰਿਲੀਫ ਕੈਂਪਾਂ ਤੇ ਗੁਰਦੁਆਰਿਆ ਦਾ ਦੌਰਾ ਕੀਤਾ ਜਿਨ੍ਹਾਂ ਵਿਚ ਦੰਗਾ-ਪੀੜਤ ਸ਼ਰਨਾਰਥੀ ਠਹਿਰੇ ਹੋਏ ਸਨ। ਕਮਿਸ਼ਨ ਨੇ ਉਨ੍ਹਾਂ ਆਬਾਦੀਆਂ ਦਾ ਵੀ ਦੌਰਾ ਕੀਤਾ ਜਿਹੜੀਆਂ ਮੁਖ ਤੌਰ ਤੇ ਦੰਗਿਆਂ ਦਾ ਸ਼ਿਕਾਰ ਹੋਈਆਂ। ਇਸ ਨੇ ਬਹੁਤ ਸਾਰੇ ਪੀੜਤਾਂ ਦੇ ਬਿਆਨ ਕਲਮਬੰਦ ਕੀਤੇ ਅਤੇ ਚਸ਼ਮਦੀਦ ਗਵਾਹਾਂ ਤੇ ਹੋਰ ਪੁੱਛ-ਪੜਤਾਲ ਕੀਤੀ। ਬਹੁਤ ਸਾਰੇ ਹਲਫਨਾਮੇ ਪ੍ਰਾਪਤ ਕੀਤੇ ਅਤੇ ਬਾਅਦ ਵਿਚ ਉਨ੍ਹਾਂ ਤੇ ਧਿਆਨਪੂਰਬਕ ਵਿਚਾਰ ਕੀਤਾ। ਘਟਨਾਵਾਂ ਤੇ ਉਨ੍ਹਾਂ ਤੋਂ ਬਾਅਦ ਦੀ ਸਥਿਤੀ ਬਾਰੇ ਸਮਾਜਿਕ ਜਥੇਬੰਦੀਆਂ ਨੇ ਨੁਮਾਇੰਦਿਆ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਉਨ੍ਹਾਂ ਪੱਤਰਕਾਰਾਂ ਤੋਂ ਵੀ ਜਾਣਕਾਰੀ ਹਾਸਲ ਕੀਤੀ ਜਿਨ੍ਹਾਂ ਨੇ ਵੱਖ ਵੱਖ ਘਟਨਾਵਾ ਨੂੰ ਅੱਖੀਂ ਵੇਖਿਆ ਅਤੇ ਅਖਬਾਰਾਂ ਤੇ ਰਿਸਾਲਿਆ ਵਿਚ ਪ੍ਰਕਾਸ਼ਤ ਕਰਵਾਇਆ।

ਕਿਸੇ ਵੀ ਧਿਰ ਵਿਰੁਧ ਫੈਸਲਾ ਦੇਣ ਜਾਂ ਉਸ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਬਜਾਏ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਇਸ ਖਿਆਲ ਦਾ ਪ੍ਰਗਟਾਵਾ ਕੀਤਾ ਹੈ ਕਿ ਦਲ ਤੇ ਸਰਕਾਰ ਵਿਚਾਲੇ ਗੱਲਬਾਤ ਵਿਚ ਪ੍ਰਗਤੀ ਨਾ ਹੋਣ ਕਾਰਨ ਪੰਜਾਬ ਵਿਚ ਅਤਿਵਾਦੀ ਅਨਸਰਾਂ ਦੀਆਂ ਸਰਗਰਮੀਆ ਵਿਚ ਵਾਧਾ ਹੋਇਆ।

ਇਸ ਸਥਿਤੀ ਦਾ ਸਭ ਤੋਂ ਗੰਭੀਰ ਸਿੱਟਾ ਇਹ ਨਿੱਕਲਿਆ ਕਿ ਸਿੱਖਾਂ ਤੇ ਹਿੰਦੂਆਂ ਵਿਚਾਲੇ ਰਾਬਤੇ ਦੇ ਸਾਰੇ ਵਸੀਲੇ ਕਮਜ਼ੋਰ ਪੈ ਗਏ ਅਤੇ ਗਲਤਫਹਿਮੀਆਂ ਵਿਚ ਭਾਰੀ ਵਾਧਾ ਹੋਇਆ। ਇਸ ਦੇ ਨਾਲ ਹੀ ਅਮਨ-ਕਾਨੂੰਨ ਦੇ ਪ੍ਰਬੰਧ ਵਿਚ ਵੀ ਭਾਰੀ ਨਿਘਰ ਹੋਇਆ।

ਅੰਮ੍ਰਿਤਸਰ 'ਚ ਦਰਬਾਰ ਸਾਹਿਬ ਵਿਚ ਫੌਜੀ ਕਾਰਵਾਈ ਅਤੇ ਬਾਅਦ ਵਿਚ ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ ਇਸ ਸਾਰੀ ਸਥਿਤੀ ਦਾ ਨਤੀਜਾ ਸੀ।

ਕਮਿਸ਼ਨ ਅਨੁਸਾਰ ਪ੍ਰਧਾਨ ਮੰਤਰੀ ਦੀ ਹੱਤਿਆ ਨੇ ਉਨ੍ਹਾਂ ਲੋਕਾਂ ਨੂੰ ਗੜਬੜ ਕਰਨ ਦਾ ਬਹਾਨਾ ਦਿੱਤਾ ਜਿਹੜੇ ਸਿਆਸੀ ਤੇ ਪਦਾਰਥਕ ਲਾਹਿਆਂ ਲਈ ਤਣਾਓ ਦਾ ਲਾਭ ਉਠਾਉਣ ਦੇ ਮੌਕੇ ਦੀ ਤਾਕ ਵਿਚ ਸਨ।

ਕਮਿਸ਼ਨ ਅਨੁਸਾਰ ਜਿਸ ਹਿਸਾਬ ਨਾਲ ਦੰਗੇ ਹੋਏ ਅਤੇ ਜੁਰਮ ਕੀਤੇ ਗਏ, ਉਸ ਤੇ ਇਹ ਸਪਸ਼ਟ ਝਲਕਦਾ ਹੈ ਕਿ ਪ੍ਰਸ਼ਾਸਨ ਤੇ ਪੁਲੀਸ ਸਥਿਤੀ 'ਤੇ ਕਾਬੂ ਪਾਉਣ ਵਿਚ ਪੂਰੀ ਤਰ੍ਹਾਂ ਅਸਫਲ ਰਹੇ। ਦੰਗਿਆਂ ਦੇ ਸੰਬੰਧ ਵਿਚ ਜਿਨ੍ਹਾਂ ਲੋਕਾਂ ਨੂੰ ਪਹਿਲਾਂ ਗ੍ਰਿਫਤਾਰ ਕੀਤਾ ਗਿਆ, ਉਨ੍ਹਾਂ ਨੂੰ ਬਾਅਦ ਵਿਚ ਮਾਮੂਲੀ ਜਮਾਨਤਾਂ 'ਤੇ ਛੱਡ ਦਿੱਤਾ ਗਿਆ। ਕਈ ਮਾਮਲਿਆਂ ਵਿਚ ਜਿਨ੍ਹਾਂ ਲੋਕਾ ਤੇ ਲੁਟ ਦਾ ਮਾਲ ਬਰਾਮਦ ਹੋਇਆ ਅਤੇ ਜਿਨ੍ਹਾਂ 'ਤੇ ਕਤਲਾਂ ਤੇ ਹੋਰਨਾਂ ਜ਼ੁਰਮਾਂ ਵਿਚ ਸ਼ਰੀਕ ਹੋਣ ਦਾ ਸ਼ੱਕ ਸੀ, ਉਨ੍ਹਾਂ ਨੂੰ ਵੀ 250-250 ਰੁਪਏ ਦੀ ਜ਼ਮਾਨਤ 'ਤੇ ਛੱਡ ਦਿੱਤਾ ਗਿਆ। ਕਈ ਕੇਸਾਂ ਵਿਚ ਤਾਂ ਕਤਲਾ ਦੇ ਦੋਸ਼ ਵਿਚ ਫੜੇ ਲੋਕਾਂ ਨੂੰ ਕੁਝ ਸਿਆਸੀ ਨੇਤਾਵਾਂ ਦੇ ਦਖਲ ਦੇਣ 'ਤੇ ਜਾਂ ਤਾ ਜ਼ਮਾਨਤ 'ਤੇ ਛੱਡ ਦਿੱਤਾ ਗਿਆ ਅਤੇ ਜਾਂ ਫਿਰ ਉਨ੍ਹਾਂ ਵਿਰੁਧ ਕੇਸ ਉਂਜ ਹੀ ਰਫਾ-ਦਫਾ ਕਰ ਦਿੱਤੇ ਗਏ।

ਕਮਿਸਨ ਨੂੰ ਦਸਿਆ ਗਿਆ ਕਿ ਕਈ ਖੇਤਰਾਂ ਵਿਚ ਤਾ ਪੁਲੀਸ ਨੇ ਲੁੱਟਿਆ ਮਾਲ ਬਾਰਮਦ ਕਰਨ ਲਈ ਛਾਪੇ ਮਾਰਨ ਜਾਂ ਤਲਾਸ਼ੀਆਂ ਲੈਣ ਦੀ ਬਜਾਏ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਲੁੱਟ ਦਾ ਮਾਲ ਪੁਲੀਸ ਹਵਾਲੇ ਕਰ ਦੇਣ ਅਤੇ ਜਿਹੜੇ ਅਜਿਹਾ ਕਰਨਗੇ ਉਨ੍ਹਾਂ ਨੂੰ ਮੁਆਫ ਕਰ ਦਿੱਤਾ ਜਾਵੇਗਾ

ਪੰਜਾਬ 'ਚ ਨੌਕਰੀਆਂ ਦਾ ਸਕੈਂਡਲ

ਚੰਡੀਗੜ੍ਹ, (ਇੰ: ਐ:)— ਪੰਜਾਬ ਸਰਕਾਰ ਦੇ ਕੁਝ ਸੀਨੀਅਰਅਫਸਰ ਇਕ ਅਜਿਹੇ ਸਕੈਂਡਲ ਵਿਚ ਸ਼ਾਮਿਲ ਹਨ, ਜਿਸ ਅਧੀਨ ਬਹੁਤ ਸਾਰੇ ਲੋਕਾਂ ਨੂੰ ਆਮ ਢੰਗ ਤਰੀਕੇ ਤੋਂ ਬਾਹਰੇ ਹੋ ਕੇ ਨੌਕਰੀਆਂ ਦਿਤੀਆਂ ਜਾਂਦੀਆ ਹਨ, ਇਸ ਹੇਰਾਫੇਰੀ ਵਿਚ ਤਿੰਨ ਜਾਂ ਚਾਰ ਆਈ.ਏ.ਐੱਸ. ਅਫਸਰ ਵੀ ਸ਼ਾਮਿਲ ਦੱਸੇ ਜਾਂਦੇ ਹਨ।

ਪੁਲਿਸ ਅਨੁਸਾਰ ਨੌਕਰੀਆਂ ਸਬੰਧੀ ਇਸ ਸਕੈਂਡਲ ਦਾ ਪਿਛਲੇ ਸਾਲ ਅਕਤੂਬਰ ਵਿਚ ਪਤਾ ਲੱਗਾ। ਅਤੇ ਇਹ ਰੁਜ਼ਗਾਰ ਦਫਤਰਾਂ ਦੇ ਕਰਮਚਾਰੀਆਂ, ਕੁਝ ਸੀਨੀਅਰ ਅਫਸਰਾਂ ਅਤੇ ਉਮੀਦਵਾਰਾਂ ਦੀ ਮਿਲੀ ਭੁਗਤ ਨਾਲ ਕੰਮ ਕਰ ਰਿਹਾ ਸੀ। ਪੁਲਿਸ ਹਾਲੀਂ ਵੀ ਕੁਝ ਜ਼ਰੂਰੀ ਗਵਾਹੀਆਂ ਇਕੱਠੀਆਂ ਕਰ ਰਹੀ ਹੈ ਅਤੇ ਛੇਤੀ ਹੀ ਇਸ ਸਬੰਧ ਵਿਚ ਕੁਝ ਅਫਸਰਾਂ ਵਿਰੁਧ ਕੇਸ ਦਰਜ ਕੀਤੇ ਜਾ ਸਕਦੇ ਹਨ।

ਪੁਲਿਸ ਵਲੋਂ ਦਸਿਆ ਗਿਆ ਹੈ ਕਿ ਇਸ ਸਕੈਂਡਲ ਵਿਚ ਨੌਕਰੀਆਂ ਲੈਣ ਦੇਣ ਦਾ ਢੰਗ ਤਰੀਕਾ ਇਹ ਸੀ ਕਿ ਨੌਕਰੀ ਦਾ ਚਾਹਵਾਨ ਵਿਅਕਤੀ ਸਬੰਧਤ ਅਫਸਰ ਨਾਲ ਸੰਪਰਕ ਕਰਦਾ ਸੀ ਤੇ ਉਸਨੂੰ ਵੱਢੀ ਵਜੋਂ ਚੰਗੀ ਚੋਖੀ ਰਕਮ ਦਿੰਦਾ ਸੀ। ਇਸ ਬਾਅਦ ਸੰਬੰਧਤ ਅਫਸਰ ਰੁਜ਼ਗਾਰ ਦਫਤਰ ਵਿਚ ਅਪਣੇ ਆਦਮੀਆਂ ਰਾਹੀਂ ਉਸ ਵਿਅਕਤੀ ਦਾ ਕਾਰਡ ਸੇਵਾਵਾਂ ਲੋੜੀਂਦੀ ਏਜੰਸੀ ਨੂੰ ਭਿਜਵਾਉਂਦਾ ਸੀ। ਇਸਸਬੰਧ ਵਿਚ ਉਸ ਅਫਸਰ ਲਈ ਰੁਜ਼ਗਾਰ ਚਾਹੁੰਣ ਵਾਲੇ ਵਿਅਕਤੀ ਦਾ ਨਾਮ ਰੁਜ਼ਗਾਰ ਦਫਤਰ ਦੀ ਲਿਸਟ ਵਿਚ ਹੋਣਾ ਲਾਜ਼ਮੀ ਨਹੀਂ ਸੀ। ਅਸਲ ਵਿਚ ਰੁਜ਼ਗਾਰਦਫਤਰ ਦੀ ਲਿਸਟ ਵਿਚ ਨਾਂ ਵਾਲੇ ਵਿਅਕਤੀ ਦਾ ਨਾਂ ਕਰਮਚਾਰੀਆਂ ਵਲੋਂ ਇਸ ਲਿਸਟ ਤੋਂ ਖਤਮ ਕਰ ਦਿਤਾ ਜਾਂਦਾ ਸੀ ਅਤੇ ਉਸ ਦੇ ਰਿਕਾਰਡ ਪੇਪਰ ਤਬਾਹ ਕਰ ਦਿਤੇ ਜਾਂਦੇ ਸਨ। ਰੁਜ਼ਗਾਰ ਦੇਣ ਵਾਲੀ ਏਜੰਸੀ ਨੂੰ ਭੇਜੇ ਲਿਸਟ 'ਤੇ ਕਰੜ ਉਤੇ ਉਸ ਦੂਸਰੇ ਵਿਅਕਤੀ ਦਾ ਨਾ ਹੀ ਹੁੰਦਾ ਸੀ, ਜਿਸ ਨੇ ਪੁਲਿਸ ਸੂਤਰਾਂ ਅਨੁਸਾਰ ਕਰਮਚਾਰੀਆਂ ਨੂੰ ਵੱਢੀ ਦਿਤੀ ਹੁੰਦੀ ਸੀ।

ਪੁਲਿਸ ਹੁਣ ਤਕ 25 ਤੋਂ 30 ਤਕ ਅਜਿਹੇ ਵਿਅਕਤੀਆਂ ਤੋਂ ਪਹਿਲਾਂ ਹੀ ਪੁਛਗਿਛ ਕਰ ਚੁਕੀ ਹੈ, ਜਿਹਨਾਂ ਨੇ ਇਸ ਢੰਗ ਨਾਲ ਨੌਕਰੀਆਂ ਪ੍ਰਾਪਤ ਕੀਤੀਆਂ ਹਨ। ਇਸ ਹੇਰ ਫੇਰੀ ਵਿਚ ਸ਼ਾਮਿਲ ਅਧਿਕਾਰੀਆਂ ਤੇ ਪੁਲਿਸ ਛੇਤੀ ਹੀ ਹੱਥ ਪਾਏਗੀ ਅਤੇ ਹੋਰ ਜ਼ਿਆਦਾ ਅਜਿਹੇ ਲੋਕਾਂ ਤੋਂ ਛੇਤੀ ਹੀ ਪੁਛਗਿਛ ਕੀਤੀ ਜਾਵੇਗੀ। ਜਿਹਨਾਂ ਵਿਭਾਗਾਂ ਵਿਚ ਅਜਿਹੀਆਂ ਨੌਕਰੀਆਂ ਦਿਤੀਆਂ ਲਈਆਂ, ਗਈਆਂ ਹਨ, ਉਹਨਾਂ ਵਿਚ ਪੰਜਾਬ ਸਹਿਕਾਰੀ ਬੈਂਕ, ਪੰਜਾਬ ਲੈਂਡ ਮਾਰਗੇਜ ਬੈਂਕ, ਮੁੱਖ ਚੋਣ ਦਫਤਰ ਅਤੇ ਕੋਅਪ੍ਰੇਟਿਵ ਟਰੇਨਿੰਗ ਸਕੂਲ ਸ਼ਾਮਿਲ ਹਨ। ਪੰਜਾਬ ਸਹਿਕਾਰੀ ਬੈਂਕ ਨੂੰ ਛੱਡ ਕੇ ਹੋਰ ਸਭ ਅਦਾਰਿਆਂ ਨੇ ਪੁਲਿਸ ਅਨੁਸਾਰ ਇਸਤਰ੍ਹਾਂਦੇ ਸਾਰੇ ਕਰਮਚਾਰੀਆਂ ਨੂੰ ਨੌਕਰੀ ਤੋਂ ਹਟਾ ਦਿਤਾ ਹੈ। ਇਸ ਤਰ੍ਹਾਂ ਦਿਤੀਆਂ ਨੌਕਰੀਆਂ ਕਲਰਕਾਂ, ਸਟੈਨੋਆਂ ਅਤੇ ਚਪੜਾਸੀਆਂ ਦੀਆਂ ਸਨ।

ਇਸ ਸਕੈਂਡਲ ਦਾ ਉਦੋਂ ਪਤਾ ਲੱਗਾ ਜਦੋਂ ਇਕ ਵਿਅਕਤੀ ਜਿਸ ਨੇ ਰੁਜ਼ਗਾਰ ਦਫਤਰ ਵਿਚ ਆਪਣਾ ਨਾਮ ਦਰਜ ਕਰਾਇਆ ਸੀ, ਕਈ ਮਹੀਨੇ ਬਾਅਦ ਰੁਜ਼ਗਾਰ ਦਫਤਰ ਵਿਚ ਗਿਆ ਤੇ ਉਸ ਨੂੰ ਦਸਿਆ ਗਿਆ ਕਿ ਉਸ ਦਾ ਨਾਂ ਉਥੇ ਦਰਜ ਨਹੀਂ ਸੀ ਕਿਉਂਕਿ ਉਸ ਦਾ ਨਾਂ ਪਹਿਲਾਂ ਹੀ ਭੇਜਿਆ ਜਾ ਚੁਕਾ ਸੀ ਅਤੇ ਉਸ ਨੇ ਨੌਕਰੀ ਲੈ ਲਈ ਸੀ, ਉਸ ਨੇ ਪੁਲਿਸ ਕੋਲ ਰਿਪੋਰਟ ਕੀਤੀ। ਜਾਂਚ ਕੀਤੇ ਜਾਣ ਤੇ ਇਹ ਪਤਾਂ ਲਗਾ ਕਿ ਨਾ ਕੇਵਲ ਰੁਜ਼ਗਾਰ ਦਫਤਰ ਦੇ ਕਰਮਚਾਰੀ ਹੀ ਇਸ ਸਕੈਂਡਲ ਵਿਚ ਸ਼ਾਮਿਲ ਸਨ ਬਲਕਿ ਰਾਜ ਸਰਕਾਰ ਦੇ ਅਫਸਰਾਂ ਦਾ ਵੀ ਇਸ ਹੇਰਾ ਫੇਰੀ ਵਿਚ ਪੂਰਾ ਪੂਰਾ ਹੱਥ ਸੀ।

ਮੈਂ ਇਸ ਦੇਹੀ 'ਚ ਰਹਿ ਕੇ ਵੀ
ਇਹਦੀ ਬੰਦਿਸ਼ ਨਹੀਂ ਮੰਨੀ
ਕਿਸੇ ਫੜ ਕੇ ਨਹੀਂ ਡਿੱਠੀ
ਮੇਰੀ ਬਿਜਲੀ-ਲਹਿਰ ਕੰਨੀ

ਸਤਵੰਤ ਸਿੰਘ ਬਾਰੇ ਆਦੇਸ਼

ਨਵੀਂ ਦਿੱਲੀ, (ਯੂ. ਐਨ. ਆਈ.)—ਐਡੀਸ਼ਨਲ ਚੀਫ ਮੈਟਰੋਪਾਲੀਟਨ ਮੈਜਿਸਟਰੇਟ ਸ੍ਰੀ ਐਸ. ਐਲ. ਖਾਨ ਨੇ ਅਜ ਜਾਂਚ ਕਰ ਰਹੀਆਂ ਏਜੰਸੀਆਂ ਨੂੰ ਹਦਾਇਤ ਦਿਤੀ ਕਿ ਅਦਾਲਤ ਦੀ ਅਗਾਊਂ ਆਗਿਆ ਲਏ ਤੋ ਬਿਨਾਂ ਇੰਦਰਾ ਗਾਂਧੀ ਹੱਤਿਆ ਕਾਂਡ ਦੇ ਦੋਸ਼ੀ ਸਤਵੰਤ ਸਿੰਘ ਤੋ ਪੁਛਗਿੱਛ ਨਾ ਕੀਤੀ ਜਾਵੇ।

ਸ੍ਰੀ ਖਾਨ ਨੇ ਇਹ ਹਦਾਇਤ ਸਤਵੰਤ ਸਿੰਘ ਦੀ ਉਸ ਪਟੀਸ਼ਨ ਦੇ ਅਧਾਰ ਤੇ ਦਿਤੀ ਜਿਸ ਵਿਚ ਉਸ ਨੇ ਦੋਸ਼ ਲਾਇਆ ਹੈ ਕਿ ਉਸ ਨੂੰ ਤਿਹਾੜ ਜੇਲ੍ਹ ਵਿਚ ਤੰਗ ਕੀਤਾ ਜਾ ਰਿਹਾ ਹੈ ਤੇ ਪੁਛਗਿੱਛ ਕੀਤੀ ਜਾ ਰਹੀ ਹੈ।

ਸ੍ਰੀ ਖਾਨ ਨੇ ਕਿਹਾ ਕਿ ਜੁਡੀਸ਼ਲ ਹਿਰਾਸਤ 'ਚ ਕਿਸੇ ਦੋਸ਼ੀ ਕੋਲੋਂ ਪੁਛਗਿੱਛ ਲਈ ਅਦਾਲਤ ਤੋ ਪਹਿਲਾਂ ਆਗਿਆ ਲੈਣੀ ਹੁੰਦੀ ਹੈ।

ਸਤਵੰਤ ਸਿੰਘ ਦੇ ਇਸ ਪੱਖ ਨੂੰ ਸ੍ਰੀ ਖਾਨ ਨੇ ਰੱਦ ਕਰ ਦਿਤਾ ਜਿਸ ਵਿਚ ਉਸ ਨੇ ਕਿਹਾ ਸੀ ਕਿ ਜਾਂਚ ਕਰ ਰਹੀਆਂ ਏਜੰਸੀਆਂ ਨੇ ਉਸ ਕੋਲੋ ਕੁਝ ਖਾਲੀ ਕਾਗਜਾਂ ਉਪਰ ਦਸਤਖਤ ਕਰਾਏ ਹਨ।

ਫਿਲਮ ਦਰਪਣ

ਇਕ ਫਿਲਮੀ ਪ੍ਰੇਮਕਥਾ

(ਲਤੀਫ ਘੋਂਗੀ ਪੰਜਾਬੀ ਰੂਪ: ਪਿਆਰਾ ਸਿੰਘ ਦਾਤਾ)

ਪ੍ਰੇਮੀ ਗਰੀਬ ਹੈ ਤੇ ਪ੍ਰੇਮਿਕਾ ਅਮੀਰ ਬਾਪ ਦੀ ਬੇਟੀ ਹੈ। ਪਰ ਦੋਹਾਂ ਦਾ ਆਪੋ ਵਿੱਚ ਪਿਆਰ ਹੋਣਾ ਚਾਹੀਦਾ ਹੈ। ਇਸ ਲਈ ਵੀ ਕਿਉਂਕਿ, ਇਹ ਇਕ ਫਿਲਮੀ ਪ੍ਰੇਮ ਕਥਾ ਹੈ, ਜਿਸ ਵਿਚ ਪਿਆਰ ਕਰਨ ਲਈ ਜ਼ਰੂਰੀ ਹੈ, ਕਿ ਪ੍ਰੇਮਿਕਾ ਸੁੰਦਰ ਹੋਵੇ, ਚੁਸਤ ਕੱਪੜੇ ਪਾਂਦੀ ਹੋਵੇ, ਕਾਰ ਵਿੱਚ ਘੁੰਮਦੀ ਹੋਵੇ ਤੇ ਸਰੀਰ ਪ੍ਰਦਰਸ਼ਨ ਵਿਚ ਟ੍ਰੇਡ ਹੋਵੇ। ਪ੍ਰੇਮੀ ਭਾਵੇਂ 40 ਸਾਲ ਦਾ ਹੋਵੇ ਪਰ ਫਿਰ ਵੀ ਕਾਲਜ ਪੜ੍ਹਦਾ ਨਹੀਂ।

ਇਹ ਜਰੂਰੀ ਨਹੀਂ ਕਿ ਇਸ ਗੱਲ ਦੀ ਸਫਾਈ ਦਿੱਤੀ ਜਾਏ ਕਿ ਇੰਨੀ ਲੰਬੀ ਉਮਰ ਬੀਤ ਜਾਣ ਦੇ ਬਾਅਦ ਵੀ ਉਹ ਕਾਲਜ ਵਿੱਚ ਹੀ ਕਿਉਂ ਪੜ੍ਹਦਾ ਹੈ? ਗਰੀਬ ਜਰੂਰ ਹੈ ਪਰ ਕੱਪੜੇ ਅੱਛੇ ਪਾਂਦਾ ਹੈ। ਫਿਲਮੀ ਪ੍ਰੇਮ ਕਥਾ ਲਿਖਣ ਲਈ ਐਸੀਆਂ ਛੋਟੀਆਂ ਮੋਟੀਆਂ ਫਾਲਤੂ ਗੱਲਾਂ ਦਾ ਉਲੇਖ ਕਰਨਾ ਜਰੂਰੀ ਨਹੀਂ। ਬਸ, ਇੰਨਾਂ ਹੀ ਕਾਫੀ ਹੈ ਕਿ ਪ੍ਰੇਮੀ ਬਹੁਤ ਹੁਸ਼ਿਆਰ ਹੈ। ਚਾਹੇ ਪੜ੍ਹਾਈ ਕਰੇ ਜਾਂ ਨਾ ਕਰੇ, ਇਮਤਿਹਾਨ ਹੋਣਗੇ ਤਾਂ ਪਹਿਲੇ ਨੰਬਰ ਤੇ ਪਾਸ ਜ਼ਰੂਰ ਹੋਏਗਾ, ਤੇ ਪਾਸ ਹੋਣ ਦੇ ਬਾਅਦ ਚਾਹੇ ਹਿੰਦੁਸਤਾਨ ਦੇ ਸਭ ਨੌਜਵਾਨਾਂ ਨੂੰ ਨੌਕਰੀ ਮਿਲ ਜਾਏ ਪਰ ਸਾਡੇ ਪ੍ਰੇਮੀ ਨੂੰ ਕਦੇ ਨੌਕਰੀ ਨਹੀਂ ਮਿਲੇਗੀ।

ਹੁਣ ਸ਼ੁਰੂ ਹੁੰਦੀ ਹੈ ਸਾਡੀ ਕਹਾਣੀ। ਪ੍ਰੇਮਿਕਾ ਕਾਰ ਤੇ ਕਾਲਜ ਆਈ ਹੈ। ਦੋ ਚਾਰ ਅਧਖੜ ਉਮਰ ਦੇ ਵਿਦਿਆਰਥੀ, ਜੋ ਇਸ ਕਾਲਜ ਦੇ ਦਾਦਾ ਲੋਕ ਹਨ, ਉਸ ਨੂੰ ਛੇੜਨਗੇ। ਪ੍ਰੇਮਿਕਾ ਗੁੱਸਾ ਕਰੇਗੀ। ਲਾਲ ਪੀਲੀਆਂ ਅੱਖਾਂ ਨਾਲ ਉਨ੍ਹਾਂ ਲੋਕਾਂ ਵੱਲ ਦੇਖੇਗੀ। ਫਿਰ ਆਪਣੀ ਮਦਰ ਟਾਈਪ ਸਹੇਲੀਆਂ ਨਾਲ ਜੋ ਇਸ ਕਾਲਜ ਵਿਚ ਨਾ ਜਾਣੇ ਕਦੇ ਪੜ੍ਹ ਰਹੀਆਂ ਹਨ, ਸਲਾਹ ਕਰੇਗੀ ਤੇ ਅਵਾਰਾ ਛੋਕਰਿਆਂ ਨੂੰ ਮਜ਼ਾ ਚਖਾਣ ਦੀ ਸਕੀਮ ਬਣਾਏਗੀ ਲਿਹਾਜ਼ਾ ਪਿਕਨਿਕ ਦੀ ਸਕੀਮ ਬਣੀ। ਸਾਡਾ ਕਾਲਜ ਅਜੀਬ ਹੈ। ਇੱਥੇ ਅਧਖੜ ਉਮਰ ਦੇ ਨੌਜਵਾਨ ਤੇ ਐਕਸਟਰਾ ਟਾਈਪ ਦੀਆਂ ਔਰਤਾ ਪੜ੍ਹਦੀਆਂ ਹਨ। ਪ੍ਰੇਮਿਕਾ ਨਾਲ ਉਹ ਸਭ ਪਿਕਨਿਕ ਵਿਚ ਨੱਚਦੀਆਂ ਹਨ। ਕਾਲਜ ਦੇ ਲੜਕੇ ਵੀ ਜਾਣਗੇ। ਪ੍ਰੇਮਿਕਾ, ਦੂਰ ਪਹਾੜੀਆਂ ਵੱਲ ਘੋੜ ਸਵਾਰੀ ਕਰਨ ਜਾਵੇਗੀ, ਤੇ ਉਸ ਦਾ ਘੋੜਾ ਬੇਕਾਬੂ ਹੋ ਜਾਵੇਗਾ। ਫਿਰ ਉਸ ਪਾਸੇ ਭੱਜੇਗਾ, ਜਿਧਰ ਸਾਡਾ ਪ੍ਰੇਮੀ ਬੈਠਾ ਘਾਹ ਕੱਟ ਰਿਹਾ ਹੋਵੇਗਾ। ਉਸ ਨੂੰ ਇਹ ਕੁਝ ਪਤਾ ਹੁੰਦੈ ਕਿ ਉਸ ਨੇ ਪ੍ਰੇਮਿਕਾ ਨੂੰ ਬਚਾਉਣਾ ਹੈ। ਨਹੀਂ ਬਚਾਵੇਗਾ ਤਾਂ ਸਾਡੀ ਇਹ ਕਹਾਣੀ ਅਧੂਰੀ ਰਹਿ ਜਾਵੇਗੀ। ਪ੍ਰੇਮਿਕਾ ਬਚ ਗਈ ਤਾ ਪ੍ਰੇਮੀ ਨੇ ਉਸ ਨੂੰ ਗੋਦ 'ਚ ਲੈ ਲਿਆ। ਬਸ, ਪਿਆਰ ਸ਼ੁਰੂ ਹੋ ਗਿਆ।

ਕਿਉਂਕਿ ਇਹ ਕਹਾਣੀ ਹੈ, ਇਸ ਲਈ ਡਾਇਲਾਗ ਭਰਨਾ ਜ਼ਰੂਰੀ ਹੈ।

"ਤੁਸੀਂ ਜਾਨ ਬਚਾਈ, ਇਸ ਲਈ ਇਹ ਲਓ ਇਕ ਸੌ ਦਾ ਨੋਟ।" ਪ੍ਰੇਮੀ ਮੁਸਕਰਾਇਆ, ਉਹ ਸੌ ਦੇ ਨੋਟ ਨੂੰ ਇੰਜ ਵੇਖੇਗਾ ਜਿਵੇਂ ਨਕਲੀ ਹੈ। ਆਪਣੇ ਹੱਥ ਵਿਚ ਲਵੇਗਾ ਅਤੇ ਉਸ ਨੂੰ ਪ੍ਰੇਮਿਕਾ ਨੂੰ ਵਿਖਾਂਦਿਆਂ ਹੋਇਆਂ ਸੁਟ ਦੇਵੇਗਾ। ਕਹੇਗਾ, "ਰੱਖ ਲਓ ਇਸ ਨਾਲ ਤੁਹਾਡਾ ਸੂਟ ਬਣ ਜਾਵੇਗਾ।"


ਪ੍ਰੇਮਿਕਾ ਪ੍ਰਭਾਵਤ ਹੋਵੇਗੀ। ਕਹਾਣੀ ਵਿੱਚ ਆਦਰਸ਼ਵਾਦ ਦੀ ਸਿੱਖਿਆ ਦਿੱਤੀ ਜਾਣੀ ਹੈ। ਗਰੀਬ ਪ੍ਰੇਮੀ ਨੂੰ ਮਨੁੱਖ ਦੀ ਪੂਰੀ ਪੂਰੀ ਪਛਾਣ ਹੈ ਪ੍ਰੇਮਿਕਾ ਸਲਾਮਤ ਰਹੇਗੀ ਤਾਂ ਇਹੋ ਜਿਹੇ ਸੈਂਕੜੇ ਨੋਟ ਆ ਜਾਣਗੇ।

ਪਰ ਇਹ ਇਕੋ ਮੁਲਾਕਾਤ ਪ੍ਰੇਮੀ ਦੀ ਵਫਾਦਾਰੀ ਦਾ ਇਮਤਿਹਾਨ ਲੈਣ ਲਈ ਕਾਫੀ ਨਹੀਂ। ਦੁਬਾਰਾ ਪ੍ਰੇਮੀ ਪ੍ਰੇਮਿਕਾ ਨੂੰ ਬਚਾਏਗਾ ਗੁੰਡਿਆਂ ਦੇ ਚੁੰਗਲ 'ਚੋਂ। ਘਸੁੰਨ ਮੁੱਕੀ ਹੋਵੇਗੀ। ਸਾਡਾ ਪ੍ਰੇਮੀ ਤਾਂ ਇੰਟਰਨੈਸ਼ਨਲ ਆਰਟਿਸਟ ਹੈ। ਪਤਾ ਨਹੀਂ ਉਸ ਨੂੰ ਤਾਂ ਪੜ੍ਹਾਈ ਦੇ ਬਾਅਦ ਕਿਵੇਂ ਸਮਾਂ ਮਿਲਦਾ ਹੈ, ਗਾਣਾ ਗਾਣ ਦਾ। ਉਹ ਡਾਂਸ ਕਰਦਾ ਹੈ, ਬਾਕਸਿੰਗ ਜਾਣਦਾ ਹੈ, ਕਾਰ ਚਲਾਂਦਾ ਹੈ ਤੇ ਮੌਕਾ ਆਦ ਤੇ ਹਵਾਈ ਜਹਾਜ਼ ਵੀ ਉਡਾ ਲੈ ਜਾਂਦਾ ਹੈ। ਹੁਣ ਐਸੇ ਆਲ ਰਾਊਂਡ ਪ੍ਰੇਮੀ ਤੇ ਪ੍ਰੇਮਿਕਾ ਨਹੀਂ ਮਰੇਗੀ ਤਾਂ ਹੋਰ ਕੌਣ ਮਰੇਗਾ?

ਬਸ, ਪ੍ਰੇਮ ਸ਼ੁਰੂ ਹੋ ਗਿਆ। ਇਕ ਝੀਲ ਦਾ ਕਿਨਾਰਾ ਹੋਵੇਗਾ ਇਕ ਬੋਟ ਵਿਚ ਪ੍ਰੇਮੀ-ਪ੍ਰੇਮਿਕਾ ਬੈਠਣਗੇ। ਪ੍ਰੇਮੀ, ਪ੍ਰੇਮਿਕਾ ਨਾਲ ਜਬਰਦਸਤੀ ਚਿਪਕਣ ਦੀ ਕੋਸ਼ਿਸ ਕਰੇਗਾ। ਦੋਵੇਂ ਗਾਣਾ ਗਾਣਗੇ ਤਾਂ ਜ਼ਰੂਰੀ ਗੱਲ ਹੈ ਕਿ ਝੀਲ ਵਿਚ ਤਬਲਾ, ਸਿਤਾਰ ਤੇ ਦੂਜੇ ਤਮਾਮ ਵਾਦ ਵਜਣ ਲੱਗ ਜਾਣਗੇ। ਤੁਸੀਂ ਕਹੋਗੇ ਕਿ ਇਹ ਆਵਾਜ਼ ਕਿੱਥੋਂ ਆਈ? ਤਾਂ ਸਾਬ! ਮੇਰੀ ਕਹਾਣੀ ਫਿਲਮੀ ਹੈ। ਤੁਹਾਨੂੰ ਇਹ ਸਭ ਕੁਝ ਪੁਛਣ ਦਾ ਹੱਕ ਨਹੀਂ ਹੈ। ਬੱਸ ਹੁਣ ਕਹਾਣੀ ਸੁਣਦੇ ਜਾਉ। ਜਦ ਪ੍ਰੇਮ ਸ਼ੁਰੂ ਹੋਇਆ, ਤਾਂ ਡਾਇਲਾਗ ਫਿਰ ਹੋਣਗੇ, ਪਰ ਇਕ ਗੱਲ ਹੈ ਡਾਇਲਾਗ ਬੋਲਣ ਦੀ ਛੋਟ ਮੇਰੀ ਕਹਾਣੀ 'ਚ ਜ਼ਰੂਰ ਹੈ। ਇਸ ਨਾਲ ਕਹਾਣੀ ਵਿਚ ਯਥਾਰਥਵਾਦ ਝਲਕਦਾ ਹੈ, ਤੇ ਕਹਾਣੀ ਵਿਚ ਮਜ਼ਬੂਤੀ ਆਂਦੀ ਹੈ। ਪ੍ਰੇਮਿਕਾ ਦਾ ਸਿਰ ਪ੍ਰੇਮੀ ਆਪਣੀਆਂ ਟੰਗਾਂ ਉਪਰ ਟਿਕਾਈ ਬੈਠਾ ਉਸ ਦੀਆ ਲਿਟਾਂ ਨਾਲ ਖੇਲ ਰਿਹਾ ਹੈ।

"ਤੇਰੇ ਵਾਲ ਕਿੰਨੇ ਸੋਹਣੇ ਹਨ।"

"ਸੱਚ? ਤੁਹਾਨੂੰ ਅੱਛੇ ਲਗਦੇ ਹਨ?" ਹਾਂ, ਮੇਰਾ ਵਸ ਚਲੇ, ਤਾਂ ਇਨ੍ਹਾਂ ਨੂੰ ਕੱਟ ਕੇ ਇਕ ਰਸੀ ਬਣਵਾ ਲਵਾ। ਜੇ ਤੇਰੇ ਨਾਲ ਵਿਆਹ ਨਾ ਹੋਇਆ ਤਾਂ ਇਸੇ ਰਸੀ ਨਾਲ ਆਤਮ ਹੱਤਿਆ ਕਰ ਲਵਾਂਗਾ।



"ਤੁਸੀਂ ਪਿਤਾ ਜੀ ਨੂੰ ਮਿਲੋ," ਕਿਉਂ? ਤੁਹਾਡੇ ਪਿਤਾ ਜੀ ਵਾਲਾਂ ਦਾ ਬਿਜਨਸ ਕਰਦੇ ਹਨ?"

"ਉਨ੍ਹਾਂ ਲਾਲ ਮੇਰੀ ਸ਼ਾਦੀ ਦੀ ਗੱਲ ਕਰੋਗੇ, ਜਾਂ ਬਸ ਪ੍ਰੇਮ ਹੀ ਕਰਦੇ ਰਹੋਗੇ ......ਸ਼ਾਦੀ ਦੇ ਬਾਅਦ ਫਿਰ ਇਹ ਮਜ਼ੇ ਕਿੱਥੇ ਰਹਿਣਗੇ। ਕੋਈ ਨਾ ਕੋਈ ਵਿਲੇਨ ਪੈਦਾ ਹੋ ਜਾਏਗਾ ....."

ਜੁਦਾ ਨਾ ਹੋਂਗੇ ਹਮ ਕਭੀ ਬੋਲੇ ਹਾਂ ਹਾਂ ...ਨਹੀਂ ਨਹੀਂ, ਬੋਲੇ ਬੋਲੇ, ਹਾਂ ਹਾਂ ਨਹੀਂ, ਨਹੀਂ...ਪੜੇਗੀ ਅਗਰ ਮਾਰ, ਖਾਊਂਗਾ ਤੇਰੇ ਪੀਛੇ ਲਗ ਜਾਊਂਗਾ...ਵਾਦਾ ਨਿਭਾਊਂਗਾ। ਬੋਲੋ ਬੋਲੋ...ਹਾਂ, ਹਾਂ...ਨਹੀਂ...ਨਹੀਂ......।"

ਲਓ ਗਾਣਾ ਵੀ ਹੋ ਗਿਆ। ਰਿਜ਼ਲਟ ਆ ਗਿਆ। ਪ੍ਰੇਮੀ ਕਾਲਜ ਵਿਚ ਪਹਿਲੇ ਨੰਬਰ ਤੇ ਪਾਸ ਅਤੇ ਪ੍ਰੇਮਿਕਾ ਵੀ ਪਾਸ ਹੁਣ ਯਾਦ ਆਇਆ। ਪ੍ਰੇਮੀ ਤਾਂ ਗਰੀਬ ਹੈ। ਨੌਕਰੀ ਢੂੰਡੋ ਬੇਟਾ, ਪ੍ਰੇਮੀ, ਤੇ ਧੱਕੇ ਖਾਓ ਆਫਿਸਾ ਦੇ...ਪਰ ਖਾਖਾਦ ਰਖੋ, ਨੌਕਰੀ ਦੇਵੇਗਾ ਪ੍ਰੇਮਿਕਾ ਦਾ ਬਾਪ। ਪਰ ਸ਼ਾਦੀ ਨਹੀਂ ਕਰੇਗਾ ਲੜਕੀ ਦੀ, ਕਿਉਂਕਿ ਉਸ ਦੇ ਦੋਸਤ ਦਾ ਲੜਕਾ ਅਮਰੀਕਾ ਤੇ ਕਲ੍ਹ ਆਵੇਗਾ। ਉਹਤਾਂ ਆਪਣੀ ਲੜਕੀ ਅਮਰੀਕਾ ਟਿਰਨ ਨੂੰ ਹੀ ਦੇਵੇਗਾ।

ਪ੍ਰੇਮਿਕਾ ਦਾ ਬਾਪ, ਪ੍ਰੇਮੀ ਨੂੰ ਪਸੰਦ ਕਰਦਾ ਹੈ, ਕਿਉਂਕਿ ਸਾਡਾ ਪ੍ਰੇਮੀ ਬਹੁਤ ਈਮਾਨਦਾਰ ਹੈ। ਦੇਰ ਤੀਕ ਬੈਠ ਕੇ ਆਫਿਸ ਵਿਚ ਪਤਾ ਨਹੀਂ ਕੀ ਕੰਮ ਕਰਦਾ ਰਹਿੰਦਾ ਹੈ? ਤੇ ਪ੍ਰੇਮੀ ਬਾਪ ਨੂੰ ਲੱਖਾਂ ਦਾ ਫਾਇਦਾ ਹੋ ਜਾਂਦਾ ਹੈ।

ਹੁਣ ਕੀ ਹੋਵੇਗਾ? ਕਹਾਣੀ ਤਾਂ ਕਾਫੀ ਅੱਗੇ ਵਧ ਗਈ। ਪ੍ਰੇਮੀ ਤੇ ਪ੍ਰੇਮਿਕਾ ਕਈ ਵਾਰ ਮਿਲੇ। ਪ੍ਰੇਮਿਕਾ ਦਾ ਬਾਪ ਬਾਹਰ ਜਾਣ ਲੱਗਾ, ਤਾਂ ਪ੍ਰੇਮੀ ਇਕ ਫਾਈਲ ਲੈ ਕੇ ਬੰਗਲੇ ਜਾਂਦਾ ਹੈ। ਪ੍ਰੇਮੀ ਭੁੱਲ ਗਿਆ ਕਿ ਉਹ ਗਰੀਬ ਹੈ। ਪ੍ਰੇਮੀ ਦੀ ਮਾਂ ਦੀ ਚਿੱਠੀ ਆਈ ਤਾਂ ਉਸ ਨੂੰ ਯਾਦ ਆਇਆ ਕਿ ਉਸ ਦੀ ਭੈਣ ਹੈ ਜੋ ਗੂੰਗੀ ਹੈ, ਤੇ ਪ੍ਰੇਮੀ ਦਾ ਮਕਾਨ ਪਿੰਡ ਵਿਚ ਬਣੀਏ ਦੇ ਕੋਲ ਗਿਰਵੀ ਹੈ। ਬਣੀਆਂ ਬੜਾ ਆਯਾਸ਼ ਹੈ। ਕਹਿੰਦਾ ਹੈ, ਗੂੰਗੀ ਨਾਲ ਮੇਰੀ ਸ਼ਾਦੀ ਕਰੋ, ਨਹੀਂ ਤਾਂ ਮਕਾਨ ਨੀਲਾਮ ਕਰਵਾ ਦਿਆਂਗਾ।

ਇਧਰ ਪ੍ਰੇਮਿਕਾ ਦੀ ਬਰਥ-ਡੇ ਪਾਰਟੀ ਹੈ। ਇਕ ਤੋਂ ਵੱਧ ਇਕ ਅਮੀਰ ਮਹਿਮਾਨ ਆਏ ਹਨ। ਤੁਸੀਂ ਕਹੋਗੇ ਕਿ ਮੱਝ ਵਰਗੀ ਹੋ ਗਈ ਹੈ ਪ੍ਰੇਮਿਕਾ, ਫਿਰ ਵੀ ਬਰਥ-ਡੇ ਸ਼ੌਕ। ਪਾਰਟੀ ਹੋਵੇਗੀ ਤੇ ਡਾਂਸ ਵੀ ਹੋਵੇਗਾ। ਇਸ ਲਈ ਪਾਰਟੀ ਜ਼ਰੂਰੀ ਹੈ। ਫਿਰ ਪ੍ਰੇਮਿਕਾ ਦੇ ਬਾਪ ਨੂੰ ਆਪਣੇ ਹੋਣ ਵਾਲੇ ਦਾਮਾਦ ਦਾ ਖਿਆਲ ਵੀ ਰੱਖਣਾ ਹੈ। ਪਾਰਟੀ ਵਿਚ ਉਹ ਆਏਗਾ। ਪ੍ਰੇਮਿਕਾ ਅਰਧ ਨਗਨ ਹੋ ਕੇ ਬਾਪ ਦੇ ਸਾਹਮਣੇ ਨੱਚੇਗੀ, ਤੇ ਉਸ ਦੇ ਮਗਰੋਂ ਬਾਪ ਕਹੇਗਾ, "ਲੇਡੀਜ਼ ਐਂਡ ਜੈਂਟਲਮੈਨ, ਇਕ ਹੋਰ ਖੁਸ਼ਖਬਰੀ ਤੁਹਾਡੇ ਲੋਕਾਂ ਲਈ ਹੈ...ਇਸ ਮੌਕੇ ਤੇ ਮੈਂ ਆਪਣੀ ਬੇਟੀ ਦੀ ਕੁੜਮਾਈ ਅਮਰੀਕਾ ਰਿਟਰਨ ਨਾਲ ਕਰਦਾ ਹਾਂ ...।"

ਪਿੰਡ ਪਹੁੰਚਣ ਤੇ ਸਭ ਤੋਂ ਪਹਿਲਾਂ ਬਾਣੀਆਂ ਪ੍ਰੇਮੀ ਦੀ ਭੈਣ ਨੂੰ ਛੇੜਦਾ ਹੋਇਆ ਵਿਖਾਈ ਦੇਂਦਾ ਹੈ, ਕਿਉਂਕਿ ਬਾਣੀਏ ਨੂੰ ਪਤਾ ਹੈ ਕਿ ਗੂੰਗੀ ਦਾ ਭਰਾ ਅੱਜ ਆ ਰਿਹਾ ਹੈ, ਤੇ ਉਸ ਦੀ ਮੌਤ ਪ੍ਰੇਮੀ ਦੇ ਹੱਥੋਂ ਹੋਣੀ ਹੈ। ਗੂੰਗੀ ਭੱਜਦੀ ਹੈ ਪਰ ਬਾਣੀਆਂ ਪਕੜ ਕੇ ਉਸ ਦਾ ਸ਼ੀਲ ਹਰਣ ਕਰ ਦਿੰਦਾ ਹੈ। ਆਪਣਾ ਪ੍ਰੇਮੀ ਤਾਂ ਪਹਿਲਵਾਨ ਹੈ। ਬਾਣੀਏ ਦਾ ਗਲਾ ਘੁੱਟਕੇ ਖੂਨ ਕਰ ਦਿੰਦਾ ਹੈ। ਲਓ ਸਾਹਿਬ ਹੋ ਗਿਆ ਲਾ ਅਦਾਲਤ ਦਾ ਸੀਨ। 'ਲਵ' ਕਰਕੇ ਉਸਨੂੰ 'ਮਾਂ' ਬਣਾ ਦੇਵੇਗਾ। ਇੰਜ ਨਹੀਂ ਕਰੇਗਾ, ਤਾਂ ਪ੍ਰੇਮੀ ਪ੍ਰੇਮਿਕਾ ਫਿਰ ਕਿਵੇਂ ਮਿਲਣਗੇ। ਭਾਂਡਾ ਫੋੜ ਹੋਵੇਗਾ, ਤੇ ਪ੍ਰੇਮਿਕਾ ਦਾ ਬਾਪ ਕੁੜਮਾਈ ਤੋੜ ਦੇਵੇਗਾ।

ਪ੍ਰੇਮ ਕਥਾ ਦਾ ਅਹਿਮ ਸਵਾਲ ਪ੍ਰੇਮੀ ਨੂੰ ਬਚਾਉਣਾ ਹੈ। ਪ੍ਰੇਮਿਕਾ ਨੇ ਪਤਾ ਨਹੀਂ ਕਦੋਂ ਵਕਾਲਤ ਪਾਸ ਕਰ ਲਈ, ਕਿਉਂਕਿ ਉਹ ਜਾਣਦਾ ਸੀ ਕਿ ਪ੍ਰੇਮੀ ਕਿਸੇ ਦਾ ਖੂਨ ਕਰੇਗਾ, ਤਾਂ ਉਸ ਨੂੰ ਸਿਰਫ ਉਹੀ ਬਚਾ ਸਕਦੀ ਹੈ ਪਰ ਵਕੀਲ ਹੈ?"

ਪ੍ਰੇਮਿਕਾ "ਮੈਂ ਇਸ ਦੀ ਪ੍ਰੇਮਿਕਾ...ਮਾਈ ਲਾਰਡ...ਵਕੀਲ ਹਾਂ।"

ਕਹਾਣੀ ਵਿਚ ਨਾਰੀ ਦੀ ਇੱਜ਼ਤ ਤੇ ਡਾਕਾ ਮਾਰਨ ਵਾਲੇ ਨੂੰ ਮਾਰ ਦੇਣਾ ਕੋਈ ਜ਼ੁਰਮ ਨਹੀਂ ਹੈ, ਇਹ ਗੱਲ ਸਾਬਤ ਕਰਨੀ ਹੈ।

ਬਸ ਸਾਹਿਬ, ਗੂੰਗੀ ਔਰਤ ਦੀ ਰਕਸ਼ਾ ਅਦਾਲਤ ਨਹੀਂ ਕਰੇਗੀ ਤਾਂ ਕੌਣ ਕਰੇਗਾ? ਹੋ ਗਈ ਰਕਸ਼ਾ। ਪ੍ਰੇਮੀ ਬੇਗੁਨਾਹ ਸਾਬਤ ਹੋ ਗਿਆ, ਬਸ ਸਾਫ ਬਰੀ—

'ਕੈਨੇਡਾ ਦਰਪਣ' ਦੇ
ਚੰਦੇ ਦਾ ਫ਼ਾਰਮ

SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

Phone (604)321-6360

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..
Address..
City..
Province..
Postal code..
PHONE.

One Year ....20 dollars
Two Year ....35 dollars
Three year ....50 dollars
Life membership..................200 dollars
ASIA..................................80 dollars(a year)
U.S.A. ....25 dollars(a year)
Europe ....80 dollars(a year)
Africa ....80 dollars(a year)

ਇੰਡੋ-ਕੈਨੇਡੀਅਨ ਔਰਤਾਂ ਲਈ
ਸਿਹਤ ਸਬੰਧੀ ਪ੍ਰੋਗਰਾਮ
ਮੁਫ਼ਤ ਸਿਹਤ ਸੰਬੰਧੀ ਪ੍ਰੋਗਰਾਮ

ਪੰਜਾਬੀ ਬੋਲਣ ਵਾਲੀਆਂ ਔਰਤਾਂ ਲਈ

12 ਮਾਰਚ ਤੋਂ 3 ਮਈ (ਇਕ ਹਫਤੇ ਵਿਚ ਦੋ ਵਾਰੀ)

ਇੰਮੀਗਰੇਂਟ ਸਰਵਿਸਜ਼ ਸੈਂਟਰ, 8165 ਮੇਨ ਸਟਰੀਟ

ਪ੍ਰੋਗਰਾਮ ਦੇ ਵਿਸ਼ੇ :

- ਤਾਕਤਵਰ ਖੁਰਾਕ
- ਸਿਹਤ ਸੰਬੰਧੀ ਸੇਵਾਵਾਂ ਬਾਰੇ ਜਾਣਕਾਰੀ
- ਸਿਹਤ ਵਿਦਿਆ ਅਤੇ ਦੰਦਾਂ ਦੀ ਸੰਭਾਲ
- ਕਸਰਤ ਅਤੇ ਤੰਦਰੁਸਤੀ
- ਦਿਮਾਗ਼ੀ ਅਤੇ ਸਰੀਰਕ ਖਿਚਾਅ ਅਤੇ ਇਸਦਾ ਉਪਾਅ
- ਘਰਾਂ ਵਿਚ ਐਕਸੀਡੈਂਟ ਵਾਪਰਨ ਤੋਂ ਬਚਾਅ
- ਆਮ ਬਿਮਾਰੀਆਂ ਅਤੇ ਉਨ੍ਹਾਂ ਦਾ ਇਲਾਜ

ਕਲਾਸਾਂ ਪੰਜਾਬੀ ਵਿਚ ਹੋਣਗੀਆਂ

ਸਿਹਤਕ ਵਿਸ਼ਿਆਂ ਨੂੰ ਚੰਗੀ ਤਰ੍ਹਾਂ ਸਮਝਣ ਦੀ ਸਹੂਲਤ ਲਈ ਚਾਰਟ ਤਸਵੀਰਾਂ ਅਤੇ ਵੀਡੀਓ ਟੇਪਾਂ ਆਦਿ ਦੀ ਵਰਤੋਂ ਕੀਤੀ ਜਾਏਗੀ

ਬੱਚਿਆਂ ਦੀ ਦੇਖ ਭਾਲ ਦਾ ਇਤਜ਼ਾਮ ਮੁਫ਼ਤ ਹੋਵੇਗਾ

ਹੋਰ ਜਾਣਕਾਰੀ ਲਈ ਹੇਠ ਲਿਖੇ ਵਿਅਕਤੀਆਂ ਨੂੰ ਇਸ ਨੰਬਰ ਤੇ ਫੋਨ ਕਰੋ

324-8186 ਮਹਿੰਦਰ ਮਰੋਕ, ਹਰਮਿੰਦਰ ਸੰਘੇੜਾ

(ਇਨ੍ਹਾਂ ਸਮਿਆਂ ਤੇ ਮੰਗਲਵਾਰ, ਵੀਰਵਾਰ, ਸ਼ੁੱਕਰਵਾਰ - 9.00 - 4.00)

ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਆਖਰੀ ਤਾਰੀਖ : 15 ਫਰਵਰੀ 1985

■ ਸੁਲੱਖਣ ਮੀਤ

ਮੇਰੇ ਘਰ ਥੀਂ ਪਤਝੜ ਮੌਲੇ,
ਤੇਰੇ ਰਹਿਣ ਬਹਾਰਾਂ,
ਫਿਰ ਵੀ ਉਮਰ ਗੁਜ਼ਾਰਾਂ !


ਨਾ ਤੂੰ ਮੈਨੂੰ ਬਾਤ ਸੁਣਾਏਂ,
ਨਾ ਮੈਂ ਬਾਤ ਹੁੰਗਾਰਾਂ,
ਫ਼ਿਰ ਵੀ ਉਮਰ ਗੁਜ਼ਾਰਾਂ !

ਲੱਖਾਂ ਗਮਾਂ ਸਾਡੇ ਘਰ ਨੂੰ,
ਕੱਢੀਆਂ ਆ ਕੇ ਕਾਰਾਂ,
ਫਿਰ ਵੀ ਉਮਰ ਗੁਜ਼ਾਰਾਂ !

ਭੁਲ ਕੇ ਵੀ ਨਾ ਸੁਪਨੇ ਅੰਦਰ,
ਤੇਰੀ ਜ਼ੁਲਫ ਸੰਵਾਰਾਂ,
ਫਿਰ ਵੀ ਉਮਰ ਗੁਜ਼ਾਰਾਂ !

ਜੇ ਤੂੰ ਤੋੜੇਂ ਮਹਿਲ ਇਸ਼ਕ ਦੇ,
ਮੈਂ ਤਾਂ ਮਹਿਲ ਉਸਾਰਾਂ,
ਫਿਰ ਵੀ ਉਮਰ ਗੁਜ਼ਾਰਾਂ !

ਭਰਿਆ ਭਰਿਆ ਤੂੰ ਹੈਂ, ਪਰ ਮੈਂ,
ਨਾਲ ਖੜਕੇ ਸਾਰਾਂ,
ਫਿਰ ਵੀ ਉਮਰ ਗੁਜ਼ਾਰਾਂ !



ਦਿੱਲੀ ਕੈਂਪ ਤੋਂ ਇਕ ਖੁਲ੍ਹਾ ਖਤ

ਅਵਤਾਰ ਰੋਡੇ

ਐ ਨਫਰਤ ਦੀ ਅੱਗ ਫੈਲਾਣ ਵਾਲੇ
ਨਵੀਂ ਬਸਤੀ ਦੇ ਕੁਝ ਕੁ ਚਾਹਵਾਨੋ
ਤੇ ਕਿਸੇ ਦੀ ਮੌਤ ਤੇ
ਭੰਗੜੇ ਪਾਉਣ ਵਾਲਿਓ
ਵੇਖੋ ਹਜ਼ਾਰਾਂ ਬੇ-ਕਸੂਰ
ਜਾਨਾਂ ਦੇ ਖੂਨ ਦੀ ਖੇਡੀ ਹੌਲੀ
ਤੁਹਾਡੇ ਭਰਾਵਾਂ ਦੀਆਂ
ਗਲੀਆਂ ਵਿਚ ਰੁਲਦੀਆਂ
ਲਾਵਾਰਸ ਲਾਸ਼ਾਂ
ਅੱਚ 'ਚ ਝੁਲਸੇ
ਅਣ-ਪਛਾਤੇ ਮਨੁੱਖੀ ਚੇਹਰੇ
ਭੈਣਾਂ ਦੇ ਲੁਟੇ ਸੁਹਾਗ
ਮਾਵਾਂ ਦੀ ਵਲੂੰਦਰੀ ਮਮਤਾ
ਘਰਾਂ ਦੇ ਜਗਦੇ ਚਰਾਗਾਂ ਦੀ ਥਾਂ
ਬਲਦੇ ਸਿਵੇਂ
ਕਾਸ਼ ਤੁਸੀਂ ਵੀ ਦਿੰਦੇ
ਕਿਸੇ ਅਰਥੀ ਨੂੰ ਮੋਢਾ
ਤੇ ਸੇਕਦੇ ਸਿਵਿਆਂ ਦੀ ਅੱਗ ।

ਭੋਲੇ ਲੋਕਾਂ ਦੇ ਜਜ਼ਬਾਤਾਂ ਨਾਲ
ਖੇਡਣ ਵਾਲੇ ਕੁਝ ਆਗੂਓ
ਇਕ ਦੂਜੇ ਤੇ ਚਿੱਕੜ ਸੁੱਟਣ ਵਾਲੇ
ਕੌਮ ਦੇ ਕੁਝ ਵਿਓਪਾਰੀਓ
ਜਨਤਾ ਨੂੰ ਗੁਮਰਾਹ ਕਰਕੇ
ਨਾ ਭਰੋ ਆਪਣੀਆਂ ਜੇਬਾਂ

ਗੁਰੂਆਂ ਦੀ ਸਿਖਿਆ ਦੇ ਪ੍ਰਚਾਰਕ
ਖੁਦ ਭੁਲ ਗਏ ਹਨ
ਉਨ੍ਹਾਂ ਦੇ ਮੁਖ ਉਪਦੇਸ਼ਾਂ ਨੂੰ
ਤੇ ਮਾਨਸ ਕੀ ਜਾਤ ਸਭੇ ਪਹਿਚਾਨਬੋ
ਦੇ ਅਰਥ ਉਲਝ ਗਏ ਹਨ
ਉਨ੍ਹਾਂ ਦੀ ਸੁੰਗੜੀ ਸੋਚ ਤੋਂ ।

ਸਾਡੇ ਹੱਕਾਂ ਦੀ ਖਾਤਰ
ਫੋਕੇ ਨਾਹਰੇ ਮਾਰਨ ਵਾਲਿਓ
ਪਹਿਲਾਂ ਕੌਮ ਦੀ ਜਖਮੀ ਏਕਤਾ ਨੂੰ
ਸਾਂਝੀਵਾਲਤਾ ਦੇ ਪਿਆਰ ਦੀ
ਟਕੋਰ ਤਾਂ ਕਰ ਲਓ
ਕੌਮ ਦੇ ਨਾਂ ਤੇ
ਅਖੌਤੀ ਕੁਰਬਾਨੀ ਦੇਣ ਵਾਲਿਓ
ਵਤਨੋਂ ਦੂਰ ਵਸਦੇ ਜਿੰਦਾ ਸ਼ਹੀਦੋ
ਪਹਿਲਾਂ ਇੱਜ਼ਤ ਦੀ ਜਿੰਦਗੀ ਜਿਉਣ ਲਈ
ਆਪਣੇ ਹੱਕ ਤਾਂ ਲੈ ਲਵੋ ।

ਸਾਨੂੰ ਤਾਂ ਹੁਣ ਵੀ ਡਰ ਲਗਦਾ ਹੈ
ਚਿਮਨੀਆਂ ਚੋਂ ਨਿਕਲਦੇ ਧੂਏਂ ਤੋਂ
ਗਲੀਆਂ 'ਚ ਫਿਰਦੇ
ਰਾਤ ਬਰਾਤੇ
ਆਦਮ-ਖੋਰ ਜਿੰਨ੍ਹਾਂ ਤੋਂ
ਸਦੀਆਂ ਤੋਂ ਵਸਦੇ
ਬਣੇ ਖੰਡਰ ਘਰਾਂ ਤੋਂ
ਪਰ ਝੰਡਾ ਚੁੱਕੀ ਫਿਰਦੇ
ਅਖੌਤੀ ਹਕੂਮਤ ਦੇ
ਕੁਝ ਆਗੂ ਤੇ ਲੀਡਰਾਂ ਪਾਸ
ਸਾਡੇ ਲਈ
ਸਿਰਫ ਨਕਲੀ ਅੱਥਰੂ ਤੇ
ਲਫਜ਼ੀ ਹਮਦਰਦੀ ਤੋਂ
ਸਿਵਾ ਕੁਝ ਨਹੀਂ ।

ਅਜੇ ਵੀ ਅੱਗ ਸੁਲਘਦੀ ਹੈ
ਅਸੀਂ ਬੈਠੇ ਹਾਂ ਡਰੇ ਤੇ ਸਹਿਮੇ ਹੋਏ
ਘਰੋਂ ਬੇ-ਘਰ
ਕਾਲ ਦੇ ਭੁਖ-ਮਾਰੇ ਲੋਕਾਂ ਵਾਂਗ
ਭਰਾਵਾਂ ਦੀ ਮੌਤ ਦਾ ਸੱਥਰ ਵਛਾਈ
ਮਤੇ ਇਹ ਨਫਰਤੀ ਹਵਾ ਦੇ ਬੁੱਲੇ
ਇਸ ਸੁਲਘਦੀ ਅੱਗ ਨੂੰ
ਨਾ ਬਣਾ ਦੇਣ
ਸੰਨ ਸੰਤਾਲੀ ਦਾ ਭਾਂਬੜ



Harbhajan S. Narwal
B.A.(Ph.) LLB(Agra)
Former : Advocate & Oath Commissioner
(Punjab & Haryana High Courts)

ਨਰਵਾਲ ਫੂਡਜ਼

NARWAL FOODS

WHOLE SALES & RETAILERS

6438 Main St. Vancouver, B.C.

321-8176

MINI SALE

ਨਰਵਾਲ ਬਰਦਰਜ਼ ਵਲੋਂ 1985 ਦੀ ਪਹਿਲੀ ਸੇਲ

Valid Till Feb. 28, 1985

CHICKEN LEGS ਮੁਰਗੇ ਦੀਆਂ ਲੱਤਾਂ $1.28 1 lb.	LONG GRAIN RICE ਲੌਂਗ ਗਰੇਨ ਰਾਈਸ $10.88 20 kg.	ATTA ਗੋਲਡਨ ਟੈਂਪਲ ਆਟਾ $4.88
	NABOB TEA ਨਵਾਬ ਚਾਹ $3.78 20's bags	
SUNFRI VEG. OIL ਸਨਫਰੀ ਵੈਜੀਟੇਬਲ ਆਇਲ $3.88		HOMO MILK ਦੁੱਧ $3.18 4 lit. with $10 grocery
	ONIONS ਗੰਢੇ $6.88 50 lbs.	
ALMONDS ਬਦਾਮ $1.88 1 lb.	MANGO JUICE ਅੰਬਾਂ ਦਾ ਜੂਸ $1.88 1 lit.	SEWIAN ਸੇਵੀਆਂ .68¢ packet

ਸੂਚਨਾਵਾਂ

.. ਸਟੋਰ ਸਵੇਰੇ 9 ਵਜੇ ਤੋਂ ਲੈ ਕੇ ਰਾਤ ਦੇ 9 ਵਜੇ ਤੱਕ ਖੁਲ੍ਹਿਆ ਕਰੇਗਾ (ਸਟੋਰ ਹਫਤੇ ਦੇ ਸੱਤੇ ਦਿਨ ਖੁਲ੍ਹਦਾ ਹੈ)।
.. 50 ਡਾਲਰ ਦੀ ਗਰੌਸਰੀ ਖਰੀਦਣ ਵਾਲੇ ਡਰਾਅ ਵਿਚ ਹਿਸਾ ਲੈ ਸਕਣਗੇ ।
.. ਸਾਡੇ ਕੋਲ ਤਾਜ਼ੀਆਂ ਸਬਜ਼ੀਆਂ ਹਫਤੇ ਦੇ ਸੱਤੇ ਦਿਨ ਮਿਲਦੀਆਂ ਹਨ । ਦੁੱਧ, ਲੱਸੀ, ਅੰਡੇ, ਮੁਰਗੇ ਦੀਆਂ ਲੱਤਾਂ ਹਫਤੇ ਦੇ ਸੱਤੇ ਦਿਨ ਮਿਲਦੇ ਹਨ

WATCH FOR GRAND OPENING SALE IN MARCH 1985


ਨਰਵਾਲ ਇਨਸ਼ੋਰੈਂਸ ਏਜੰਸੀ ਲਿ:

ਹਰ ਕਿਸਮ ਦੇ ਇਨਸ਼ੋਰੈਂਸ

- ਨਵੇਂ ਕਰਾਉਣੇ
- ਸੇਫ ਡਰਾਈਵਿੰਗ ਕਾਰਨ ਕਟੌਤੀ
- ਕਾਰਾਂ ਟਰੱਕਾਂ ਤੇ ਵੈਨਾਂ ਆਦਿ
- ਪਲੇਟਾਂ ਤੇ ਡੈਕਲ ਆਦਿ ।

ਅਸੀਂ ਸੋਮਵਾਰ ਤੋਂ ਸਨਿਚਰਵਾਰ ਤੱਕ 9 ਵਜੇ ਸਵੇਰ ਤੋਂ 5 ਵਜੇ ਸ਼ਾਮ ਤੱਕ ਖੁਲ੍ਹੇ ਰਹਿੰਦੇ ਹਾਂ ।

6415 Main St.,(at 48th Ave.) Vancouver, B.C.



ਪ੍ਰਿਤਪਾਲ ਸਿੰਘ ਨਰਵਾਲ

B.A.(PB.) L.L.B.(KUK.)

ਨੋਟਰੀ ਪਬਲਿਕ

FORMER (Advocate & Oath Commissioner)
Punjab & Haryana Highcourt

PREFERRED AREA OF PRACTISE :

- ਘਰ ਵੇਚਣ ਤੇ ਖ੍ਰੀਦਣ ਦੇ ਕਾਗਜ਼
- ਮੌਰਗੇਜ਼ ਸਬੰਧੀ ਹਰ ਤਰ੍ਹਾਂ ਦੇ ਕਾਗਜ਼ਾਤ ਤਿਆਰ ਕਰਨੇ ।
- ਲੀਜ਼ ਦੇ ਕਾਗਜ਼ ਬਣਾਉਣੇ
- ਕਮਰਸ਼ੀਅਲ ਕਨਟਰੈਕਟ ਬਣਾਉਣੇ
- ਬਿਆਨ ਹਲਫੀਆ
- ਮੁਖਤਿਆਰ ਨਾਮੇ
- ਸੌਂਹ ਖਾਣੀ ਸਬੰਧੀ ਕਾਰਵਾਈ ਨਿਭਾਉਣੀ
- ਦਸਤਖਤ ਅਟੈਸਟ ਕਰਨੇ
- ਕਾਪੀਆਂ ਸਬੰਧੀ
- ਪਾਸਪੋਰਟ ਤੇ ਨਾਂ ਬਦਲੀ ਕਰਨਾ ਆਦਿ ।

Off. 324-4944 Res. 325-4744